41ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ

# TARKSHEEL

ਜਨਵਰੀ-ਫਰਵਰੀ 2026

ਨਵਾਂ ਸਾਲ ਮੁਬਾਰਕ !



ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਰੱਖਣਾ, ਜਦੋਂ ਤਕ ਰਾਤ ਬਾਕੀ ਹੈ।(ਪੰਨਾ 55)

30/-

## ਤਰਤੀਬ


| | |
|---|---|
| 13 ਕਰੋੜ ਦੀ ਠੱਗੀ | 2 |
| ਕੀ ਮਾਈਕ੍ਰੋਵੇਵ ਵਿੱਚ ਭੋਜਨ ਗਰਮ ਕਰਨਾ ਸੁਰੱਖਿਅਤ ਹੈ | 3 |
| 'ਵੰਦੇ ਮਾਤਰਮ' ਗੀਤ 'ਤੇ ਵਿਵਾਦ | 4 |
| ਦੁਨੀਆ ਵਿੱਚ ਲਾਸਤਿਕਤਾ ਦੀ ਸਥਿਤੀ | 9 |
| ਹੈਰਾਨੀ ਦੀ ਗੱਲ (ਕਵਿਤਾ) | 12 |
| ਨਵੇਂ ਵਰ੍ਹੇ ਦਾ ਸੰਕਲਪ | 13 |
| ਦਿੱਲੀ ਵਿੱਚ ਨਕਲੀ ਵਰਖਾ | 16 |
| ਬੱਚੇ ਗੁਸਤਾਖ਼ ਕਿਉਂ ਬਣ ਜਾਂਦੇ ਹਨ? | 18 |
| ਲੁਈਸ ਬਰੇਲ | 20 |
| ਅਗਰਬੱਤੀਆਂ ਤੋਂ ਸਿਹਤ ਨੂੰ ਖਤਰਾ | 21 |
| ਧਾਰਮਿਕਤਾ ਜਰੂਰੀ ਜਾਂ ਵਿਗਿਆਨ | 23 |
| ਵਿਗਿਆਨ ਖ਼ਬਰਾਂ | 26 |
| ਵਿਰਸੇ ਦੀ ਲੋਅ | 28 |
| ਵਿਦਿਆਰਥੀ ਕੋਨਾ | 30 |
| ਨਵੇਂ ਸਾਗਰਾਂ ਅਤੇ ਟਾਪੂਆਂ ਦਾ ਜਨਮ | 32 |
| ਜਿਉਣ ਦਾ ਰਾਹ (ਕੇਸ ਰਿਪੋਰਟ) | 34 |
| ਨਵੀਂ ਚੁਣੌਤੀ : ਈ-ਕਚਰਾ | 37 |
| ਹਲਦੀ : ਸਿਹਤ ਲਈ ਗੁਣਕਾਰੀ | 38 |
| ਵਿਦਿਆਰਥੀ ਸਨਮਾਨ ਸਮਾਰੋਹ (ਰਿਪੋਰਟ) | 43 |
| ਸਰਗਰਮੀਆਂ | 45 |
| ਪ੍ਰਤੀਕਰਮ | 48 |
| ਸਾਹਿਤਕ ਪੰਨਾ | 52 |
| ਲੇਖ ਰਚਨਾ ਮੁਕਾਬਲਾ-3 | 53 |
| ਗ਼ਜ਼ਲ-'ਮਸ਼ਾਲਾਂ ਬਾਲ ਕੇ ਰੱਖਣਾ' | 55 |


## ਲੇਖ ਰਚਨਾ ਮੁਕਾਬਲਾ

ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਸ਼ਾਇਰ ਸੁਰਜੀਤ ਪਾਤਰ ਜੀ ਦੀ ਗ਼ਜ਼ਲ ਵਿਚੋਂ ਹੇਠਲਾ ਸ਼ੇਅਰ ਹੈ

**ਦੂਰ ਜੇਕਰ ਅਜੇ ਸਵੇਰਾ ਹੈ**
**ਇਸ 'ਚ ਕਾਫ਼ੀ ਕਸੂਰ ਮੇਰਾ ਹੈ**

ਲੇਖ ਦੀ ਲੰਬਾਈ 800 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਫਰਵਰੀ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486


### ਮੁੱਖ ਸੰਪਾਦਕ

ਰਾਜਪਾਲ ਸਿੰਘ
95018 83486

editortarksheel@gmail.com

### ਸੰਪਾਦਕੀ ਬੋਰਡ

ਹੇਮ ਰਾਜ ਸਟੈਨੋ 98769 53561
ਪਾਲ ਬਾਗਪੁਰ 94173 13738
ਰਾਮ ਸਵਰਨ ਲੱਖੇਵਾਲੀ 95010 06626
ਵਿਸ਼ਵ ਕਾਂਤ 94170 37843
ਰਣਧੀਰ ਗਿੱਲਪੱਤੀ 98556 56156

### ਮੁੱਖ ਪ੍ਰਬੰਧਕ

ਸੁਖਵਿੰਦਰ ਬਾਗਪੁਰ
94174 27538

### ਵਿਦੇਸ਼ੀ ਪ੍ਰਤੀਨਿਧ

ਅਵਤਾਰ ਬਾਈ, ਵੈਨਕੂਵਰ
+1 672 558-5757
ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589

### ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :

ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 40 ਯੂ.ਐਸ. ਡਾਲਰ
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਸੰਪਾਦਕੀ

ਸਾਲ 2025 ਦਾ ਅੰਤ ਹੁੰਦੇ ਹੁੰਦੇ, ਦੇਸ਼ ਦੇ ਪਹਿਲਾਂ ਹੀ ਬੋਦੇ ਹੋਏ ਧਰਮ ਨਿਰਪੱਖ ਖਾਸੇ ਉੱਤੇ ਨਵੀਆਂ ਸੱਟਾਂ ਮਾਰੀਆਂ ਗਈਆਂ ਹਨ।

- ਰਾਜਸਥਾਨ ਦੇ ਸਿੱਖਿਆ ਮੰਤਰੀ ਮਦਨ ਦਿਲਾਵਰ ਨੇ 29 ਨਵੰਬਰ ਨੂੰ ਇੱਕ ਹੁਕਮ ਜਾਰੀ ਕੀਤਾ ਕਿ 6 ਦਸੰਬਰ, ਭਾਵ ਜਿਸ ਦਿਨ ਬਾਬਰੀ ਮਸਜਿਦ ਢਾਹੀ ਗਈ ਸੀ, ਉਸ ਦਿਨ ਨੂੰ ਰਾਜ ਦੇ ਸਾਰੇ ਸਕੂਲਾਂ ਵਿੱਚ 'ਸ਼ੌਰਿਆ ਦਿਵਸ' ਭਾਵ ਬਹਾਦਰੀ ਦੇ ਦਿਨ ਵਜੋਂ ਮਨਾਇਆ ਜਾਵੇ। ਉਸ ਦਿਨ ਸਕੂਲਾਂ ਵਿੱਚ ਰਾਮ ਮੰਦਰ ਬਣਾਉਣ ਦੀ ਮਹੱਤਤਾ ਅਤੇ ਇਸ ਦੇ ਇਤਿਹਾਸ ਬਾਰੇ ਸਰਗਰਮੀਆਂ ਕੀਤੀਆਂ ਜਾਣ। ਇਸ ਬਹੁਤ ਹੀ ਫਿਰਕੂ ਹੁਕਮ ਬਾਰੇ ਰੌਲਾ ਪੈਣਾ ਸ਼ੁਰੂ ਹੋਇਆ ਤਾਂ ਅਗਲੇ ਦਿਨ ਇਹ ਹੁਕਮ ਵਾਪਸ ਲੈ ਲਿਆ ਗਿਆ। ਪਰ ਇਹ ਹੁਕਮ ਵਾਪਸੀ, ਇਸ ਹੁਕਮ ਨੂੰ ਗਲਤ ਮੰਨ ਕੇ ਨਹੀਂ, ਬਲਕਿ ਇਹ ਕਹਿ ਕੇ ਕੀਤੀ ਗਈ ਕਿ ਪੰਜ ਛੇ ਦਸੰਬਰ ਨੂੰ ਬੱਚਿਆਂ ਦੇ ਇਮਤਿਹਾਨ ਹਨ, ਇਸ ਕਰਕੇ ਇਹ ਸਰਗਰਮੀਆਂ ਨਹੀਂ ਹੋ ਸਕਣਗੀਆਂ।
- ਭਾਰਤੀ ਫੌਜ ਵਿੱਚੋਂ ਇੱਕ ਲੈਫਟੀਨੈਂਟ ਸੈਮੂਅਲ ਕਮਲੇਸਨ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਸ ਦਾ ਕਸੂਰ ਐਨਾ ਹੀ ਸੀ ਕਿ ਉਹ ਛਾਉਣੀ ਅੰਦਰ ਬਣੇ ਮੰਦਰ/ਗੁਰਦੁਆਰੇ ਦੇ ਅੰਦਰ ਹੁੰਦੀਆਂ ਧਾਰਮਿਕ ਰਸਮਾਂ ਵਿੱਚ ਸ਼ਾਮਿਲ ਨਹੀਂ ਹੋਇਆ ਸੀ। ਉਸ ਨੇ ਅਪੀਲ ਕੀਤੀ ਕਿ ਉਹ ਆਪਣੇ ਜਵਾਨਾਂ ਨੂੰ ਤਾਂ ਧਾਰਮਿਕ ਸਥਾਨ ਦੇ ਅੰਦਰ ਲੈ ਕੇ ਗਿਆ ਸੀ, ਪਰ ਇਸਾਈ ਹੋਣ ਕਰਕੇ ਉਹ ਉਥੇ ਹੁੰਦੀਆਂ ਧਾਰਮਿਕ ਰਸਮਾਂ ਵਿੱਚ ਭਾਗ ਨਹੀਂ ਲੈ ਸਕਦਾ ਸੀ। ਪਰ ਡਿਸਪਲਿਨ ਦੇ ਨਾਂ 'ਤੇ ਉਸਦੀ ਇਹ ਅਪੀਲ ਖਾਰਜ ਕਰ ਦਿੱਤੀ ਗਈ। ਕਿਸੇ ਵੀ ਵੱਖਰੇ ਧਰਮ ਵਾਲੇ ਜਾਂ ਨਾਸਤਿਕ ਵਿਅਕਤੀ ਨੂੰ ਕਿਸੇ ਵਿਸ਼ੇਸ਼ ਧਰਮ ਦੀਆਂ ਰਸਮਾਂ ਵਿੱਚ ਭਾਗ ਲੈਣ ਲਈ ਮਜਬੂਰ ਕਰਨਾ ਵਿਸ਼ਵਾਸ ਦੀ ਆਜ਼ਾਦੀ ਅਤੇ ਧਰਮ-ਨਿਰਪੱਖਤਾ ਦੇ ਸੰਕਲਪ ਉੱਤੇ ਸਿੱਧਾ ਵਾਰ ਹੈ।
- ਬੰਦੇ ਮਾਤਰਮ ਗੀਤ ਵਿੱਚੋਂ ਕਿਸੇ ਸਮੇਂ ਕਾਂਗਰਸ ਪਾਰਟੀ ਵੱਲੋਂ ਦੇਵੀ ਦੇਵਤਿਆਂ ਦੀ ਪੂਜਾ ਸਬੰਧੀ ਪੈਰ੍ਹੇ ਕੱਢ ਦਿੱਤੇ ਗਏ ਸਨ, ਜੋ ਕਿ ਦਰੁੱਸਤ ਕਦਮ ਸੀ। ਇੱਕ ਵਿਸ਼ੇਸ਼ ਧਰਮ ਨੂੰ ਉਭਾਰਨ ਵਾਲੀਆਂ ਇਹ ਸਤਰਾਂ ਕੱਟਣ ਨੂੰ ਮੁੜ ਮੁੱਦਾ ਬਣਾਇਆ ਗਿਆ ਹੈ ਤੇ ਇਸ ਉੱਤੇ ਬਹਿਸ ਲਈ ਪਾਰਲੀਮੈਂਟ ਦਾ ਇੱਕ ਦਿਨ ਬਰਬਾਦ ਕੀਤਾ ਗਿਆ।
- ਇਸ ਰੁਝਾਨ ਦਾ ਸਭ ਤੋਂ ਉਜੱਡ ਪ੍ਰਗਟਾਵਾ ਮਗਨਰੇਗਾ (MGNREGA) ਸਕੀਮ ਦਾ ਨਾਂ ਬਦਲਕੇ ਕੀਤਾ ਹੈ। ਕਿਰਤੀ ਲੋਕਾਂ ਨੂੰ ਕੁਝ ਦਿਨ ਰੋਜਗਾਰ ਦੇਣ ਦੀ ਇਸ ਸਕੀਮ ਦਾ ਨਾਮ 'ਜੀ ਰਾਮ ਜੀ' G-RAM-G (Guarantee for Rozgar and Ajeevika Mishion-Gramin) ਸਕੀਮ ਕੀਤਾ ਗਿਆ ਹੈ। ਸਿਰਫ ਰਾਮ ਦਾ ਨਾਮ ਸ਼ਾਮਲ ਕਰਨ ਲਈ ਅੱਧੇ ਅੰਗਰੇਜੀ ਅਤੇ ਅੱਧੇ ਹਿੰਦੀ ਦੇ ਸ਼ਬਦ ਜੋੜੇ ਗਏ ਹਨ।
- ਜੇ ਕੇਂਦਰ ਦੀ ਹਿੰਦੂਤਵਵਾਦੀ ਸਰਕਾਰ ਲੋਕਾਂ ਵਿੱਚ ਧਾਰਮਿਕ ਜਨੂੰਨ ਭੜਕਾ ਰਹੀ ਹੈ ਤਾਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਕਦੇ ਤੀਰਥ-ਯਾਤਰਾਵਾਂ ਕਰਵਾ ਕੇ, ਕਦੇ ਧਾਰਮਿਕ ਸਰਗਰਮੀਆਂ ਨੂੰ ਸਰਕਾਰੀ ਸਰਪ੍ਰਸਤੀ ਦੇ ਕੇ ਅਤੇ ਹੁਣ ਤਿੰਨ ਸ਼ਹਿਰਾਂ ਨੂੰ ਪਵਿੱਤਰ ਕਰਾਰ ਦੇਣ ਦੇ ਧਾਰਮਿਕ ਪੱਤੇ ਖੇਡ ਕੇ ਸਟੇਟ ਦੀ ਧਰਮ ਤੋਂ ਬਣਦੀ ਵਿੱਥ ਨੂੰ ਖਤਮ ਕਰ ਰਹੀ ਹੈ।
- ਇਸੇ ਤਰ੍ਹਾਂ ਸੱਤਾ ਤੋਂ ਬਾਹਰ ਰਹਿ ਰਹੀਆਂ ਰਾਜਨੀਤਿਕ ਧਿਰਾਂ ਵੀ ਵੋਟਾਂ ਲਈ ਲੋਕਾਂ ਦੀ ਰੋਜ਼ੀ ਰੋਟੀ, ਸਮਾਜਿਕ ਸੁਰੱਖਿਆ ਅਤੇ ਸਨਮਾਨ ਯੋਗ ਜਿਉਣ ਹਾਲਤਾਂ ਦੇ ਮੁੱਦਿਆਂ ਨੂੰ ਛੱਡ ਕੇ ਧਾਰਮਿਕ ਮੁੱਦੇ ਉਛਾਲਣ ਵਿੱਚ ਮਸ਼ਰੂਫ ਚੱਲ ਰਹੀਆਂ ਹਨ।

ਜਿਸ ਤਰ੍ਹਾਂ 2025 ਦਾ ਅੰਤ ਉਪਰੋਕਤ ਦ੍ਰਿਸ਼ਾਂ ਨਾਲ ਹੋ ਰਿਹਾ ਹੈ, ਉਸ ਤੋਂ ਸਪਸ਼ਟ ਸੰਕੇਤ ਮਿਲਦੇ ਹਨ ਕਿ 2026 ਵਿੱਚ ਧਾਰਮਿਕ ਕੱਟੜਤਾ ਅਤੇ ਫਿਰਕੂ ਜਨੂੰਨ ਭੜਕਾਉਣ ਵਾਲੀਆਂ ਤਾਕਤਾਂ ਵੱਲੋਂ ਆਪਣੇ ਹਮਲੇ ਹੋਰ ਤੇਜ ਕੀਤੇ ਜਾਣਗੇ। ਇਸ ਦੇ ਸਨਮੁੱਖ ਤਰਕਸ਼ੀਲ ਅਤੇ ਧਰਮ-ਨਿਰਪੱਖ ਸੋਚ ਦੀਆਂ ਜਥੇਬੰਦੀਆਂ ਨੂੰ ਵਧੇਰੇ ਮਜਬੂਤੀ ਨਾਲ ਕੰਮ ਕਰਨਾ ਹੋਵੇਗਾ, ਆਪਸੀ ਸਾਂਝ ਨੂੰ ਵਧਾਉਣਾ ਹੋਵੇਗਾ। ਇਸ ਰੁਝਾਨ ਨੂੰ ਠੱਲ੍ਹ ਪਾਉਣ ਲਈ ਤਰਕਸ਼ੀਲ ਸੋਸਾਇਟੀ ਦੇ ਕਾਰਜ ਦੀ ਮਹੱਤਤਾ ਹੋਰ ਵੱਧ ਗਈ ਹੈ, ਜੋ ਸਾਥੋਂ ਵੱਧ ਸਿਰੜ ਅਤੇ ਦ੍ਰਿੜਤਾ ਦੀ ਮੰਗ ਕਰਦਾ ਹੈ।

# ਸਾਧਵੀ ਨੇ 13 ਕਰੋੜ 20 ਲੱਖ ਠੱਗੇ

ਤਰਕਸ਼ੀਲ ਸੋਸਾਇਟੀ ਕੋਲ ਅਕਸਰ ਅਜਿਹੇ ਮਾਮਲੇ ਆਉਂਦੇ ਰਹਿੰਦੇ ਹਨ ਜਿਨ੍ਹਾਂ ਵਿੱਚ ਕਿਸੇ ਚੇਲੇ, ਬਾਬੇ ਜਾਂ ਪਾਖੰਡੀ ਸਾਧ ਨੇ ਕਿਸੇ ਪਰਿਵਾਰ ਦੀ ਸਮੱਸਿਆ ਦਾ ਹੱਲ ਕਰਨ ਦਾ ਵਾਅਦਾ ਕਰ ਕੇ ਉਨ੍ਹਾਂ ਤੋਂ ਕਾਫੀ ਪੈਸੇ ਠੱਗ ਲਏ ਪਰ ਸਮੱਸਿਆ ਉਸੇ ਤਰ੍ਹਾਂ ਬਰਕਰਾਰ ਰਹੀ। ਤਰਕਸ਼ੀਲ ਸੋਸਾਇਟੀ ਉਨ੍ਹਾਂ ਦੀ ਸੰਭਵ ਮੱਦਦ ਕਰਦੀ ਹੈ, ਬਹੁਤ ਸਾਰੇ ਮਾਮਲਿਆਂ ਵਿੱਚ ਪੈਸੇ ਵਾਪਸ ਵੀ ਮੁੜਵਾਏ ਗਏ। ਪਰ ਸੋਸਾਇਟੀ ਕੋਲ ਆਉਂਦੇ ਕੇਸਾਂ ਵਿੱਚ ਇਹ ਰਾਸ਼ੀ ਆਮ ਤੌਰ ‘ਤੇ 30-40 ਹਜ਼ਾਰ ਜਾਂ ਲੱਖ-ਡੇਢ ਲੱਖ ਹੀ ਹੁੰਦੀ ਹੈ। ਪਰ 7 ਨਵੰਬਰ ਨੂੰ ਬੀਬੀਸੀ ਅਤੇ ਅੰਗਰੇਜ਼ੀ ਦੇ ਕੁਝ ਅਖ਼ਬਾਰਾਂ ਵਿੱਚ ਛਪੀ ਖ਼ਬਰ ਨੇ ਤਾਂ ਅਜਿਹੀ ਠੱਗੀ ਦੇ ਸਾਰੇ ਰਿਕਾਰਡ ਹੀ ਤੋੜ ਦਿੱਤੇ।

ਖ਼ਬਰ ਮੁਤਾਬਿਕ ਪੂਨੇ ਦੀ ਇੱਕ ਸਾਧਵੀ ਅਤੇ ਉਸਦੇ ਸਾਥੀਆਂ ਨੇ ਇੰਗਲੈਂਡ ਤੋਂ ਵਾਪਸ ਆਏ ਇੱਕ ਭਾਰਤੀ ਜੋੜੇ ਦੀਆਂ ਦੋ ਬਿਮਾਰ ਲੜਕੀਆਂ ਨੂੰ ਠੀਕ ਕਰਨ ਦੇ ਬਹਾਨੇ ਇਸ ਜੋੜੇ ਤੋਂ 13 ਕਰੋੜ 20 ਲੱਖ ਰੁਪਏ ਲੁੱਟ ਲਏ। ਹਾਂ ਜੀ, ਸਚਮੁੱਚ ਹੀ 13 ਕਰੋੜ 20 ਲੱਖ ਰੁਪਏ।

ਕਹਾਣੀ ਇਹ ਹੈ ਕਿ ਮਹਾਂਰਾਸ਼ਟਰ ਦਾ ਬਹੁਤ ਪੜ੍ਹਿਆ ਲਿਖਿਆ ਜੋੜਾ ਇੰਗਲੈਂਡ ਦੀ ਇੱਕ ਵੱਡੀ ਕੰਪਨੀ ਵਿੱਚ ਸਾਫ਼ਟਵੇਅਰ ਇੰਜਨੀਅਰ ਸੀ। ਉਨ੍ਹਾਂ ਦੇ ਦੋ ਲੜਕੀਆਂ ਸਨ- ਇੱਕ ਲੜਕੀ ਨਿਊਰੋ ਦੀ ਸਮੱਸਿਆ ਕਾਰਣ ਮਾਨਸਿਕ ਤੌਰ ‘ਤੇ ਠੀਕ ਨਹੀਂ ਸੀ ਜਦ ਕਿ ਦੂਸਰੀ ਲੜਕੀ ਕਿਸੇ ਆਟੋ-ਇਮਊਨ (Auto immune) ਬਿਮਾਰੀ ਦਾ ਸ਼ਿਕਾਰ ਸੀ। ਜੋੜੇ ਨੂੰ ਲੱਗਿਆ ਕਿ ਉਹ ਇੰਗਲੈਂਡ ਵਿੱਚ ਕੰਪਨੀ ਦੀ ਨੌਕਰੀ ਕਰਦਿਆਂ ਇਨ੍ਹਾਂ ਬੱਚੀਆਂ ਦਾ ਸਹੀ ਇਲਾਜ ਅਤੇ ਦੇਖਭਾਲ ਨਹੀਂ ਕਰ ਸਕਣਗੇ, ਸੋ ਉਹ 2010 ਵਿੱਚ ਭਾਰਤ ਆ ਗਏ ਅਤੇ ਪੂਨੇ ਵਿੱਚ ਘਰ ਲੈ ਕੇ ਇਥੇ ਹੀ ਇੱਕ ਕੰਪਨੀ ਵਿੱਚ ਕੰਮ ਕਰਨ ਲੱਗੇ।

2018 ਵਿੱਚ ਲੜਕੀਆਂ ਦੀ ਮਾਤਾ ਇੱਕ ਭਜਨ ਮੰਡਲੀ ਦੇ ਪ੍ਰੋਗਰਾਮ ਦੌਰਾਨ ਦੀਪਕ ਖੜਕੇ ਨਾਂ ਦੇ ਵਿਅਕਤੀ ਨੂੰ ਮਿਲੀ। ਉਸਦੀਆਂ ਬੱਚੀਆਂ ਦੀ ਬਿਮਾਰੀ ਬਾਰੇ ਜਾਣ ਕੇ ਦੀਪਕ ਖੜਕੇ ਨੇ ਇਸ ਜੋੜੇ ਨੂੰ ਵੈਦਿਕਾ ਨਾਮ ਦੀ ਸਾਧਵੀ ਅਤੇ ਉਸਦੇ ਪਤੀ ਕੁਨਾਲ ਪੁੰਢਾਰਕਰ ਨੂੰ ਮਿਲਵਾਇਆ। ਵੈਦਿਕਾ ਨੇ ਦਾਅਵਾ ਕੀਤਾ ਕਿ ਉਸ ਵਿੱਚ ਇੱਕ ਮਹਾਤਮਾ ਦੀ ਰੂਹ ਆਉਂਦੀ ਹੈ ਅਤੇ ਉਹ ਉਸ ਦੀਆਂ ਬੱਚੀਆਂ ਦੀਆਂ ਬਿਮਾਰੀਆਂ ਨੂੰ ਬਿਲਕੁਲ ਠੀਕ ਕਰ ਦੇਵੇਗੀ।

ਇਨ੍ਹਾਂ ਤਿੰਨਾਂ ਨੇ ਇਸ ਜੋੜੇ ਦੀ ਆਮਦਨ ਅਤੇ ਜਾਇਦਾਦਾਂ ਬਾਰੇ ਸਾਰੀ ਜਾਣਕਾਰੀ ਇਕੱਠੀ ਕਰ ਲਈ। ਪਹਿਲਾਂ ਇਨ੍ਹਾਂ ਪਾਖੰਡੀਆਂ ਨੇ ਤਾਂਤ੍ਰਿਕ ਕ੍ਰਿਆਵਾਂ ਲਈ ਇਸ ਜੋੜੇ ਤੋਂ ਪੈਸੇ ਵਸੂਲਣੇ ਸ਼ੁਰੂ ਕੀਤੇ। ਜਦ ਇਨ੍ਹਾਂ ਨੂੰ ਲੱਗਿਆ ਕਿ ਇਹ ਦੋਵੇਂ ਉਨ੍ਹਾਂ ਦੇ ਪੂਰੇ ਪ੍ਰਭਾਵ ਹੇਠ ਆ ਗਏ ਹਨ ਤਾਂ ਇਹ ਉਨ੍ਹਾਂ ਨੂੰ ਕਹਿਣ ਲੱਗੇ ਕਿ ਤੁਹਾਡੇ ਇੰਗਲੈਂਡ ਅਤੇ ਪੂਨੇ ਵਿਚਲੇ ਦੋਵੇਂ ਘਰ ਅਤੇ ਤੁਹਾਡੇ ਜੱਦੀ ਪਿੰਡ ਵਿੱਚ ਤੁਹਾਡੀ ਜ਼ਮੀਨ ਸਾਰੇ ਨਹਿਸ਼ ਹਨ। ਇਨ੍ਹਾਂ ਕਰਕੇ ਹੀ ਤੁਹਾਡੇ ਉੱਤੇ ਕਸ਼ਟ ਹੈ। ਇਸ ਪਾਖੰਡੀ ਜੁੰਡਲੀ ਨੇ ਉਨ੍ਹਾਂ ਨੂੰ ਮਨਾ ਲਿਆ ਕਿ ਤੁਸੀਂ ਦੋਵੇਂ ਘਰ ਅਤੇ ਆਪਣੀ ਜਾਇਦਾਦ ਵੇਚ ਕੇ ਉਸਦੇ ਪੈਸੇ ਸਾਡੇ ਖਾਤੇ ਵਿੱਚ ਜਮਾਂ ਕਰਵਾ ਦਿਓ ਕਿਉਂਕਿ ਇਸ ਵਿਕਰੀ ਤੋਂ ਪ੍ਰਾਪਤ ਹੋਣ ਵਾਲਾ ਪੈਸਾ ਵੀ ਤੁਹਾਡੇ ਲਈ ਨਹਿਸ਼ ਹੈ। ਉਨ੍ਹਾਂ ਦਾ ਲਾਲਚ ਇਥੇ ਨਹੀਂ ਮੁੱਕਿਆ। ਅੱਗੇ ਸਲਾਹ ਦਿੱਤੀ ਕਿ ਸਾਨੂੰ ਜੋ ਚੜ੍ਹਾਵਾ ਦੇਣਾ ਹੁੰਦਾ ਹੈ ਉਸ ਲਈ ਤੁਸੀਂ ਆਪਣੇ ਗਹਿਣੇ ਬੈਂਕ ਵਿੱਚ ਰੱਖ ਕੇ ਉਨ੍ਹਾਂ ਉੱਤੇ ਲੋਨ ਲੈ ਲਵੋ।

ਇਹ ਜੋੜਾ ਸਾਰਾ ਕੁਝ ਇਵੇਂ ਕਰੀ ਗਿਆ। ਫਿਰ ਵੀ ਜਦ ਕੁੜੀਆਂ ਠੀਕ ਨਾ ਹੋਈਆਂ ਤਾਂ ਉਨ੍ਹਾਂ ਦੀਆਂ ਅੱਖਾਂ ਖੁੱਲ੍ਹੀਆਂ ਅਤੇ 3 ਨਵੰਬਰ ਨੂੰ ਪੂਨੇ ਪੁਲੀਸ ਕੋਲ ਇਨ੍ਹਾਂ ਤਿੰਨਾਂ ਖਿਲਾਫ਼ ਸ਼ਿਕਾਇਤ ਦਰਜ ਕਰਵਾਈ। ਆਖਰ ਪੁਲੀਸ ਨੇ ਇਨ੍ਹਾਂ ਤਿੰਨਾਂ - ਵੈਦਿਕਾ, ਉਸਦੇ ਪਤੀ ਕੁਨਾਲ ਪੁੰਢਾਰਪੁਰਕਰ ਅਤੇ ਦੀਪਕ ਖੜਕੇ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦਾ ਅੱਠ ਦਿਨ ਦਾ ਪੁਲੀਸ ਰਿਮਾਂਡ ਲੈ ਲਿਆ।

**ਮਗਰ ਸਭ ਕੁਛ ਲੁਟਾ ਕੇ, ਹੋਸ਼ ਮੇਂ ਆਏ ਤੋ ਕਿਆ ਆਏ।**

ਇਸ ਸਾਰੇ ਘਟਨਾਕ੍ਰਮ ਵਿਚੋਂ ਸਵਾਲ ਪੈਦਾ ਹੁੰਦਾ ਹੈ ਕਿ ਐਨਾ ਪੜ੍ਹ ਲਿਖ ਕੇ ਵੀ ਇਹ ਜੋੜਾ ਇਕ ਪਾਖੰਡੀ ਸਾਧਵੀ ਤੋਂ ਐਡੀ ਵੱਡੀ ਠੱਗੀ ਕਿਵੇਂ ਖਾ ਗਿਆ? ਕੀ ਉਸ ਵੱਲੋਂ ਕੀਤੀ ਵਿਗਿਆਨ ਦੀ ਪੜ੍ਹਾਈ ਸਦਕਾ ਉਸ ਨੂੰ ਇਹ ਗਿਆਨ ਨਹੀਂ ਹੋਇਆ ਕਿ ਬੱਚੀਆਂ ਦਾ ਇਸ ਤਰ੍ਹਾਂ ਇਲਾਜ ਨਹੀਂ ਹੋ ਸਕਦਾ, ਕਿ ਰੂਹਾਂ ਆਦਿ ਦੀ ਕੋਈ ਹੋਂਦ ਨਹੀਂ ਹੁੰਦੀ? ਇੱਕ ਪੜ੍ਹੇ ਲਿਖੇ ਵਿਅਕਤੀ ਦਾ ਸਾਧਾਂ, ਚੇਲਿਆਂ, ਤਾਂਤ੍ਰਿਕਾਂ ਦੇ ਚੱਕਰ ਵਿੱਚ ਪੈ ਜਾਣ ਦਾ ਇਹ ਕੋਈ ਕੱਲਾ ਕਹਿਰਾ

ਵਰਤਾਰਾ ਨਹੀਂ, ਅਜਿਹੇ ਕੇਸ ਅਕਸਰ ਹੀ ਵਾਪਰਦੇ ਰਹਿੰਦੇ ਹਨ। ਕਾਰਣ ਓਹੀ ਹੈ ਜਿਸ ‘ਤੇ ਤਰਕਸ਼ੀਲ ਸੋਸਾਇਟੀ ਵਾਰ ਵਾਰ ਜ਼ੋਰ ਦਿੰਦੀ ਹੈ ਕਿ ਵਿਗਿਆਨ ਦੀ ਜਾਣਕਾਰੀ ਹੋਣੀ ਅਤੇ ਵਿਗਿਆਨਕ ਨਜ਼ਰੀਆ ਹੋਣਾ ਦੋ ਵੱਖ ਵੱਖ ਚੀਜਾਂ ਹਨ। ਵਿਗਿਆਨ ਦੀ ਪੜ੍ਹਾਈ, ਵਿਗਿਆਨਕ ਨਜ਼ਰੀਆ ਵਿਕਸਿਤ ਕਰਨ ਵਿੱਚ ਸਹਾਈ ਹੋ ਸਕਦੀ ਹੈ, ਪਰ ਇਹ ਤਦ ਹੀ ਹੋਵੇਗਾ ਜੇ ਪੜ੍ਹਾਈ ਦੌਰਾਨ ਵਿਗਿਆਨਕ ਸੋਚ ਦੀ ਮਹੱਤਤਾ ਵੀ ਸਮਝਾਈ ਜਾਵੇ। ਮਹਾਂਰਾਸ਼ਟਰ ਦੀ ਸੰਸਥਾ ਅੰਧਸ਼ਰਧਾ ਨਿਰਮੂਲਨ ਸੰਮਤੀ ਦੇ ਅਹੁਦੇਦਾਰ ਅਤੇ ਨਰਿੰਦਰ ਦਬੋਲਕਰ ਦੇ ਸਪੁੱਤਰ ਡਾਕਟਰ ਹਾਮਿਦ ਦਬੋਲਕਰ ਨੇ ਵੀ ਇਸ ਘਟਨਾ ਉੱਤੇ ਟਿੱਪਣੀ ਕਰਦਿਆਂ ਇਹੀ ਕਿਹਾ ਕਿ - ***‘ਪੜ੍ਹੇ ਲਿਖੇ ਲੋਕ ਵੀ ਅੰਧਵਿਸ਼ਵਾਸਾਂ ਵਿੱਚ ਪੈ ਜਾਂਦੇ ਹਨ। ਉਨ੍ਹਾਂ ਨੂੰ ਸਿੱਖਿਆ ਦੌਰਾਨ ਤਰਕ ਅਤੇ ਡਾਕਟਰੀ ਇਲਾਜ ਬਾਰੇ ਨਹੀਂ ਸਿਖਾਇਆ ਜਾ ਰਿਹਾ ਹੈ। ਸਿੱਖਿਆ ਰਾਹੀਂ ਅਜਿਹੀਆਂ ਚੀਜਾਂ ਬਾਰੇ ਜਾਗਰੂਕਤਾ ਲਿਆਉਣ ਦੀ ਲੋੜ ਹੈ।’***

* * *

## ਕੀ ਮਾਈਕਰੋਵੇਵ ਵਿੱਚ ਭੋਜਨ ਗਰਮ ਕਰਨਾ ਸੁਰੱਖਿਅਤ ਹੈ?

ਮਾਈਕਰੋਵੇਵਜ਼ ਪਹਿਲਾਂ ਰਡਾਰ ਅਤੇ ਇਹੋ ਜਿਹੇ ਹੋਰ ਯੰਤਰਾਂ ਵਿੱਚ ਵਰਤੀਆਂ ਜਾਂਦੀਆਂ ਸਨ, ਪਰ 1947 ਵਿੱਚ ਪਹਿਲੀ ਵਾਰ ਇਹਨਾਂ ਨੂੰ ਭੋਜਨ ਗਰਮ ਕਰਨ ਲਈ ਵਰਤਿਆ ਗਿਆ। ਜਲਦੀ ਹੀ ਇਸ ਬਾਰੇ ਬਹਿਸ ਵਿਚਾਰ ਸ਼ੁਰੂ ਹੋ ਗਈ ਕਿ ਇਹ ਬਿਜਲ-ਚੁੰਬਕੀ ਤਰੰਗਾਂ ਭੋਜਨ ਉੱਤੇ ਕਿਹੋ ਜਿਹਾ ਅਸਰ ਪਾਉਂਦੀਆਂ ਹੋਣਗੀਆਂ। 2009 ਵਿੱਚ ਇਸ ਵਿਸ਼ੇ ਉੱਤੇ ਹੋਈਆਂ ਖੋਜਾਂ ਦਾ ਸਾਰ ਇਕ ਖੋਜ-ਪੱਤਰਿਕਾ ਦੇ ਲੇਖ ਵਿੱਚ ਸਪਸ਼ਟ ਕੀਤਾ ਗਿਆ ਕਿ ਰਵਾਇਤੀ ਤਰੀਕਿਆਂ ਨਾਲ ਭੋਜਨ ਪਕਾਉਣ ਅਤੇ ਮਾਈਕਰੋਵੇਵ ਕਰਨ ਨਾਲ ਖੁਰਾਕੀ ਤੱਤਾਂ ਉੱਤੇ ਅਸਰ ਪੱਖੋਂ ਕੋਈ ਫਰਕ ਨਹੀਂ ਹੁੰਦਾ।

ਚਾਹੇ ਕਿਸੇ ਵੀ ਸਾਧਨ ਨਾਲ ਪਕਾਇਆ ਜਾਵੇ, ਭੋਜਨ ਨੂੰ ਪਕਾਉਣ ਨਾਲ ਉਸ ਵਿੱਚ ਤਬਦੀਲੀ ਤਾਂ ਆਉਂਦੀ ਹੀ ਹੈ। ਇਸ ਨਾਲ ਕੁਝ ਖੁਰਾਕੀ ਤੱਤਾਂ ਦੀ ਹਾਨੀ ਹੁੰਦੀ ਹੈ ਅਤੇ ਕੁਝ ਪੱਖੋਂ ਫਾਇਦਾ ਹੁੰਦਾ ਹੈ। ਜਿਵੇਂ ਕਿ ਭੋਜਨ ਪਕਾਉਣ ਨਾਲ ਪ੍ਰੋਟੀਨ ਸਰੀਰ ਵਿੱਚ ਸੌਖੇ ਹਜਮ ਅਤੇ ਜਜ਼ਬ ਹੋ ਜਾਂਦੇ ਹਨ। ਦੂਸਰਾ ਭੋਜਨ ਪਕਾਉਣ ਨਾਲ ਹਾਨੀਕਾਰਕ ਰੋਗਾਣੂ ਮਰ ਜਾਂਦੇ ਹਨ। ਦੂਜੇ ਪਾਸੇ ਵਿਟਾਮਿਨ ਸੀ ਅਤੇ ਕੁਝ ਤਰ੍ਹਾਂ ਦੇ ਵਿਟਾਮਿਨ ਬੀ, ਜੋ ਪਾਣੀ ਵਿੱਚ ਘੁਲਨਸ਼ੀਲ ਹੁੰਦੇ ਹਨ, ਉਹ ਗਰਮੀ ਨਾਲ ਨਸ਼ਟ ਹੋ ਜਾਂਦੇ ਹਨ।

2009 ਵਿੱਚ ਹੀ ਚੀਨੀ ਵਿਗਿਆਨੀਆਂ ਨੇ ਬਰੋਕਲੀ ਨੂੰ ਵੱਖ-ਵੱਖ ਘਰੇਲੂ ਵਿਧੀਆਂ- ਜਿਵੇਂ ਉਬਾਲਣਾ, ਤਲਣਾ, ਭਾਫ਼ ਨਾਲ ਪਕਾਉਣਾ ਅਤੇ ਮਾਈਕਰੋਵੇਵ ਕਰਨ ਨਾਲ ਇਸਦੇ ਖੁਰਾਕੀ ਤੱਤਾਂ ਉੱਤੇ ਅਸਰ ਦੀ ਤੁਲਨਾ ਸਬੰਧੀ ਤਜਰਬੇ ਕੀਤੇ। ਉਨ੍ਹਾਂ ਵੇਖਿਆ ਕਿ ਸਾਰੇ ਢੰਗਾਂ ਨਾਲ ਹੀ ਅਸਰ ਤਾਂ ਪੈਂਦਾ ਹੈ ਪਰ ਮਾਈਕਰੋਵੇਵ ਨਾਲ ਦੂਸਰੇ ਢੰਗਾਂ ਨਾਲੋਂ ਕੋਈ ਵੱਧ ਨੁਕਸਾਨ ਨਹੀਂ ਹੁੰਦਾ। ਜਿਵੇਂ ਕਿ ਵਿਟਾਮਿਨ ਸੀ ਦਾ ਸਭ ਤੋਂ ਵੱਧ ਨੁਕਸਾਨ ਉਬਾਲਣ ਨਾਲ ਹੁੰਦਾ ਹੈ ਜੋ 30% ਸੀ, ਜਦ ਕਿ ਮਾਈਕਰੋਵੇਵ ਨਾਲ ਇਹ ਨੁਕਸਾਨ 16% ਹੀ ਹੋਇਆ।

ਸੋ ਵੱਖ ਵੱਖ ਅਧਿਐਨਾਂ ਤੋਂ ਇਹ ਤਾਂ ਸਪਸ਼ਟ ਹੋ ਗਿਆ ਹੈ ਕਿ ਮਾਈਕਰੋਵੇਵ ਕਰਨ ਨਾਲ ਭੋਜਨ ਦੇ ਖੁਰਾਕੀ ਤੱਤਾਂ ਉੱਤੇ ਕੋਈ ਅਸਰ ਨਹੀਂ ਪੈਂਦਾ ਪਰ ਇਸ ਬਾਰੇ ਸਭ ਤੋਂ ਜਰੂਰੀ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਾਈਕਰੋਵੇਵ ਕਰਦੇ ਸਮੇਂ ਕਦੇ ਵੀ ਪਲਾਸਟਿਕ ਦੇ ਬਰਤਨ ਨਾ ਵਰਤੇ ਜਾਣ। ਇਥੋਂ ਤੱਕ ਕਿ ਜਿੰਨ੍ਹਾਂ ਪਲਾਸਟਿਕ ਬਰਤਨਾਂ ਉੱਪਰ microwave safe ਲਿਖਿਆ ਹੁੰਦਾ ਹੈ, ਉਨ੍ਹਾਂ ਦੀ ਵੀ ਸੁਰੱਖਿਅਤਾ ਬਰਤਨ ਦੀ ਹੀ ਹੁੰਦੀ ਹੈ, ਭੋਜਨ ਦੀ ਨਹੀਂ। ਮਾਈਕਰੋਵੇਵ ਕਿਰਨਾਂ ਨਾਲ ਪਲਾਸਟਿਕ ਦੇ ਕਣ ਭੋਜਨ ਵਿੱਚ ਰਲ ਸਕਦੇ ਹਨ ਅਤੇ ਅਸੀਂ ਜਾਣਦੇ ਹਾਂ ਕਿ ਪਲਾਸਟਿਕ ਦੇ ਕਣ ਸਿਹਤ ਲਈ ਹਾਨੀਕਾਰਕ ਹੁੰਦੇ ਹਨ, ਕੈਂਸਰ ਦਾ ਕਾਰਨ ਬਣਦੇ ਹਨ। ਸੋ ਮਾਈਕਰੋਵੇਵ ਵਿੱਚ ਭੋਜਨ ਕੱਚ ਜਾਂ ਚੀਨੀ ਦੇ ਬਰਤਨਾਂ ਵਿੱਚ ਹੀ ਗਰਮ ਕਰਨਾ ਚਾਹੀਦਾ ਹੈ।

**ਮਾਈਕਰੋਵੇਵ ਵਿੱਚ ਸਟੀਲ ਦੇ ਬਰਤਨ ਕਿਉਂ ਨਹੀਂ ਵਰਤਣੇ ਚਾਹੀਦੇ?**

ਪਹਿਲੀ ਗੱਲ ਤਾਂ ਸਟੀਲ ਦੇ ਬਰਤਨ ਵਿੱਚ ਰੱਖਿਆ ਭੋਜਨ ਗਰਮ ਹੀ ਨਹੀਂ ਹੁੰਦਾ ਕਿਉਂਕਿ ਮਾਈਕਰੋਵੇਵ ਕਿਰਨਾਂ ਸਟੀਲ ਦੇ ਬਰਤਨਾਂ ਵਿੱਚ ਦੀ ਲੰਘ ਨਹੀਂ ਸਕਦੀਆਂ। ਦੂਸਰਾ ਇਹ ਕਿਰਨਾਂ ਬਰਤਨ ਨਾਲ ਟਕਰਾ ਕੇ ਮਾਈਕਰੋਵੇਵ ਓਵਨ ਦੀਆਂ ਦੀਵਾਰਾਂ ਨਾਲ ਹੀ ਵਾਰ ਵਾਰ ਟਕਰਾਉਂਦੀਆਂ ਹਨ, ਜਿਸ ਦੇ ਸਿੱਟੇ ਵਜੋਂ ਮਾਈਕਰੋਵੇਵ ਓਵਨ ਵਿੱਚ ਚੰਗਿਆੜੇ ਪੈਦਾ ਹੋ ਕੇ ਅੱਗ ਵੀ ਲੱਗ ਸਕਦੀ ਹੈ।

ਸੋ ਵਿਗਿਆਨਕ ਕਾਢਾਂ ਦਾ ਲਾਭ ਉਠਾਉਣ ਵਿੱਚ ਕੋਈ ਬੁਰਾਈ ਨਹੀਂ। ਐਵੇਂ ਸੋਸ਼ਲ ਮੀਡੀਆ ਤੇ ਆਉਂਦੇ ਅਜਿਹੇ ਪ੍ਰਚਾਰ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿ ਮਾਈਕਰੋ ਕਰਨ ਨਾਲ ਭੋਜਨ ਜਹਿਰ ਬਣ ਜਾਂਦਾ ਹੈ, ਪਰ ਵਿਗਿਆਨਕ ਪੱਖੋਂ ਲੋੜੀਦੀਆਂ ਸਾਵਧਾਨੀਆਂ ਜਰੂਰ ਵਰਤਣੀਆਂ ਚਾਹੀਦੀਆਂ ਹਨ।

# 'ਵੰਦੇ ਮਾਤਰਮ' ਗੀਤ ਦੇ ਡੇਢ ਸੌ ਸਾਲਾ ਸਮਾਗਮ ਅਤੇ ਵਿਵਾਦ

- ਹੇਮ ਰਾਜ ਸਟੈਨੋ

*ਭਾਰਤ ਸਰਕਾਰ ਵੱਲੋਂ ਇਸ ਸਾਲ 7 ਨਵੰਬਰ ਤੋਂ ਅਗਲੇ ਸਾਲ 7 ਨਵੰਬਰ ਤੱਕ, ਵੰਦੇ ਮਾਤਰਮ ਗੀਤ ਦੇ ਡੇਢ ਸੌ ਸਾਲ ਪੂਰੇ ਹੋਣ ਦੇ ਸਬੰਧ ਵਿੱਚ ਜਸ਼ਨ ਮਨਾਏ ਜਾ ਰਹੇ ਹਨ। ਇਸ ਮੌਕੇ ਇਸ ਗੀਤ ਨੂੰ ਸਮਰਪਿਤ ਇੱਕ ਸਿੱਕਾ ਅਤੇ ਡਾਕ-ਟਿਕਟ ਵੀ ਜਾਰੀ ਕੀਤੀ ਗਈ ਹੈ। 7 ਨਵੰਬਰ 2025 ਨੂੰ ਇਸ ਸਬੰਧੀ ਸਮਾਗਮਾਂ ਦੀ ਸ਼ੁਰੂਆਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, "ਆਜਾਦੀ ਕੀ ਲੜਾਈ ਮੇਂ ਵੰਦੇ ਮਾਤਰਮ ਕੀ ਭਾਵਨਾ ਨੇ ਪੂਰੇ ਰਾਸ਼ਟਰ ਕੋ ਪ੍ਰਕਾਸ਼ਿਤ ਕੀਆ ਥਾ। ਲੇਕਿਨ ਦੁਰਭਾਗਯ ਸੇ 1937 ਮੇਂ ਵੰਦੇ ਮਾਤਰਮ ਕੇ ਮਹੱਤਵਪੂਰਨ ਪਦੋਂ ਕੋ, ਉਸਕੀ ਆਤਮਾ ਕੇ ਏਕ ਹਿੱਸੇ ਕੋ ਅਲੱਗ ਕਰ ਦੀਆ ਗਇਆ ਥਾ। ਵੰਦੇ ਮਾਤਰਮ ਕੋ ਤੋੜ ਦੀਆ, ਉਸਕੇ ਟੁਕੜੇ ਕਰ ਦੀਏ ਗਏ। ਵੰਦੇ ਮਾਤਰਮ ਕੇ ਇਸ ਵਿਭਾਜਨ ਨੇ ਦੇਸ਼ ਕੇ ਵਿਭਾਜਨ ਕੇ ਬੀਜ ਭੀ ਬੋ ਦੀਏ ਥੇ।" ਯਾਨੀ ਪ੍ਰਧਾਨ ਮੰਤਰੀ ਨੇ ਇਸ ਸਬੰਧੀ ਦਿੱਤੇ ਪਹਿਲੇ ਭਾਸ਼ਨ ਤੋਂ ਹੀ ਨਹਿਰੂ ਉੱਤੇ ਹਮਲਾ ਬੋਲ ਕੇ ਕੌੜੀ ਬਹਿਸ ਛੇੜ ਦਿੱਤੀ।*

*ਅਸਲ ਵਿੱਚ ਇਹ ਗੀਤ ਹਮੇਸ਼ਾ ਤੋਂ ਹੀ ਵਾਦ-ਵਿਵਾਦ ਦਾ ਮੁੱਦਾ ਰਿਹਾ ਹੈ। ਹਿੰਦੂਤਵਵਾਦੀ ਤਾਕਤਾਂ ਵੱਲੋਂ ਇਸਦਾ ਗੁਣਗਾਣ ਕੀਤਾ ਜਾਂਦਾ ਹੈ, ਸੈਕੂਲਰ ਤਾਕਤਾਂ ਵੱਲੋਂ ਇਸਨੂੰ ਫਿਰਕੂ ਰੰਗਤ ਵਾਲਾ ਮੰਨ ਕੇ ਇਸਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ ਜਦ ਕਿ ਮੁਸਲਮਾਨਾਂ ਵੱਲੋਂ ਇਸਦਾ ਪੂਰਾ ਹੀ ਵਿਰੋਧ ਕੀਤਾ ਜਾਂਦਾ ਹੈ। ਇਸ ਗੀਤ ਦਾ ਪਿਛੋਕੜ ਕੀ ਹੈ, ਅਜਾਦੀ ਦੀ ਲੜਾਈ ਵਿੱਚ ਇਸਨੂੰ ਮਹੱਤਤਾ ਕਿਉਂ ਮਿਲਦੀ ਰਹੀ, ਮੋਦੀ ਦੇ ਭਾਸ਼ਨ ਵਿੱਚ ਜ਼ਿਕਰ ਅਧੀਨ ਆਏ ਪੈਰ੍ਹੇ ਕਿਉਂ ਕੱਟੇ ਗਏ ਅਤੇ ਇਸ ਬਾਰੇ ਵਿਵਾਦ ਕਿਉਂ ਰਹਿੰਦਾ ਹੈ? ਇਹ ਲੇਖ ਇਨ੍ਹਾਂ ਸਾਰੇ ਪੱਖਾਂ ਉੱਤੇ ਵਿਸਥਾਰਤ ਜਾਣਕਾਰੀ ਦਿੰਦਾ ਹੈ। (ਇਸ ਬਾਰੇ ਹੋਰ ਵੱਧ ਜਾਣਨ ਲਈ ਪਾਠਕ ਤਰਕਸ਼ੀਲ ਸੋਸਾਇਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਬੰਦੇ ਮਾਤਰਮ ਤੋਂ ਇਨਕਲਾਬ ਤੱਕ' ਪੜ੍ਹ ਸਕਦੇ ਹਨ।)*

ਇਸ ਸਾਲ ਵੰਦੇ ਮਾਤਰਮ ਗੀਤ ਲਿਖਣ ਦੇ ਡੇਢ ਸੌ ਸਾਲ ਪੂਰੇ ਹੋਣ ਦੇ ਬਹਾਨੇ ਸਰਕਾਰੀ ਤੌਰ 'ਤੇ ਇਸਦੇ ਜਸ਼ਨ ਮਨਾਏ ਜਾ ਰਹੇ ਹਨ। ਇਸ ਤੋਂ ਪਹਿਲਾਂ ਵੀ ਹਿੰਦੂਤਵੀ ਤਾਕਤਾਂ ਵੱਲੋਂ ਗੈਰ-ਹਿੰਦੂ ਵਿਅਕਤੀਆਂ ਪਾਸੋਂ 'ਵੰਦੇ ਮਾਤਰਮ' ਕਹਾਉਣ ਲਈ ਜਬਰਦਸਤੀ ਕੀਤੀ ਜਾਂਦੀ ਰਹੀ ਹੈ। ਅਜਿਹੇ ਨਾਹਰੇ ਘੜ੍ਹੇ ਗਏ ਕਿ 'ਜੇ ਇਸ ਦੇਸ਼ ਮੇਂ ਰਹਿਣਾ ਹੋਗਾ, ਤੋ ਵੰਦੇ ਮਾਤਰਮ ਕਹਿਣਾ ਹੋਗਾ'। ਪਾਠਕਾਂ ਲਈ ਇਹ ਜਾਣਨਾ ਜਰੂਰੀ ਹੈ ਕਿ ਇੱਕ ਗੀਤ ਦਾ ਡੇਢ ਸੌ ਸਾਲਾ ਮਨਾਉਣ ਲਈ ਐਨਾ ਜੋਰ ਕਿਉਂ ਲਗਾਇਆ ਜਾ ਰਿਹਾ ਹੈ। ਸੋ ਦੇਸ਼-ਪੱਧਰੀ ਚਰਚਾ ਛੇੜਨ ਵਾਲੇ ਇਸ ਮੁੱਦੇ ਦੇ ਵੱਖੋ ਵੱਖਰੇ ਪਹਿਲੂਆਂ 'ਤੇ ਵਿਚਾਰ ਕਰਦੇ ਹਾਂ।

ਪਹਿਲਾਂ ਕੁੱਝ ਜਾਣਕਾਰੀ ਇਸ ਗੀਤ ਦੇ ਰਚੇਤੇ, ਬੰਕਿਮ ਚੰਦਰ ਚੈਟਰਜੀ ਬਾਰੇ। ਉਸਦਾ ਜਨਮ 1838 ਵਿੱਚ ਹੋਇਆ ਅਤੇ 1858 ਵਿੱਚ ਉਨ੍ਹਾਂ ਨੇ ਕਲਕੱਤਾ ਯੂਨੀਵਰਸਿਟੀ ਵਿੱਚ ਬੀ.ਏ. ਕੀਤੀ। ਇਸ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਉਸਨੂੰ ਡਿਪਟੀ ਮੈਜਿਸਟਰੇਟ ਲਾ ਦਿੱਤਾ। 1857 ਦੇ ਗਦਰ ਤੋਂ ਬਾਅਦ ਇਹ ਪਹਿਲਾ ਹਿੰਦੁਸਤਾਨੀ ਸੀ ਜਿਸਨੂੰ ਏਨੇ ਉੱਚੇ ਪਦ 'ਤੇ ਨਿਯੁਕਤ ਕੀਤਾ ਗਿਆ। 33 ਸਾਲ ਤੋਂ ਵੀ ਵੱਧ ਸਮਾਂ (1891 ਤੱਕ) ਇਹ ਉੱਚ-ਅਧਿਕਾਰੀ ਦੇ ਤੌਰ 'ਤੇ ਅੰਗਰੇਜ਼ਾਂ ਦੀ ਸੇਵਾ ਵਿਚ ਰਿਹਾ। ਉਸ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਇੰਗਲੈਂਡ ਦੀ ਰਾਣੀ ਨੇ ਉਸਨੂੰ 'ਰਾਏ ਬਹਾਦੁਰ' ਦਾ ਖਿਤਾਬ ਦਿੱਤਾ। ਇਸ ਅਧਿਕਾਰੀ ਨੇ ਇੱਕ ਪੱਤ੍ਰਿਕਾ 'ਬੰਗ ਦਰਸ਼ਨ' ਦਾ ਸੰਪਾਦਨ ਸ਼ੁਰੂ ਕੀਤਾ। ਇਸ ਵਿੱਚ ਉਸਨੇ ਇੱਕ ਵਾਰ ਲਿਖਿਆ- 'ਸਾਡਾ.. ਅੰਗਰੇਜ਼ਾਂ ਨਾਲ ਕੋਈ ਵਿਰੋਧ ਨਹੀਂ ਹੈ। ਅੰਗਰੇਜ਼ ਜਾਤੀ ਦੇ ਇੱਥੇ ਹੋਣ ਨਾਲ ਦੇਸ਼ ਦਾ ਕਾਫੀ ਭਲਾ ਹੋ ਰਿਹਾ ਹੈ...।" ਉਸਦੀ ਇਹੀ ਸੋਚ ਉਸਦੇ ਬਹੁਤ ਚਰਚਿਤ ਨਾਵਲ 'ਆਨੰਦ ਮੱਠ' ਵਿੱਚ ਪ੍ਰਗਟ ਹੁੰਦੀ ਹੈ।

**ਨਾਵਲ ਆਨੰਦ ਮੱਠ :**

ਬੰਕਿਮ ਚੰਦਰ ਦਾ ਨਾਵਲ 'ਆਨੰਦ ਮੱਠ' ਸੰਨ 1882 ਵਿਚ ਛਪਿਆ ਜਿਸ ਵਿੱਚ ਇਸ ਗੀਤ ਨੂੰ ਸ਼ਾਮਲ ਕੀਤਾ ਗਿਆ। ਇਸ ਨਾਵਲ ਵਿੱਚ 18ਵੀਂ ਸਦੀ ਦੇ ਅਖੀਰਲੇ ਦਹਾਕਿਆਂ (1770-75) ਦੇ ਸਮੇਂ ਦਾ ਚਿਤਰਣ ਹੈ। ਇਸ ਵਿੱਚ ਉਸ ਸਮੇਂ ਦੇ ਨਾਇਬ ਦੀਵਾਨ ਅਤੇ ਨਾਇਬ ਨਾਜ਼ਮ ਮੁਹੰਮਦ ਰਜਾ ਖਾਨ ਦੇ ਭੈੜੇ ਪ੍ਰਸ਼ਾਸ਼ਨ ਦਾ ਵਿਰੋਧ ਹੈ। ਉਸ ਵੇਲੇ ਬੰਗਾਲ ਵਿਚ ਕਾਲ ਪਿਆ ਹੋਇਆ ਸੀ। ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਇਨ੍ਹਾਂ ਮੁਸਲਮਾਨ ਸ਼ਾਸ਼ਕਾਂ ਤੋਂ ਮਾਲੀਆ ਵਸੂਲ ਕਰਦੀ ਸੀ। ਅੱਗੋਂ ਇਹ ਸ਼ਾਸ਼ਕ ਜਨਤਾ ਤੋਂ ਹਰ ਤਰ੍ਹਾਂ ਨਾਲ ਇਹ ਰਕਮ ਵਸੂਲਦੇ ਸਨ।

ਉਸ ਦੌਰ ਦਾ ਵਰਨਣ ਕਰਦੇ ਹੋਏ ਨਾਵਲ ’ਚ ਦੱਸਿਆ ਗਿਆ ਹੈ ਕਿ ਮੁਸਲਮਾਨ ਸ਼ਾਸ਼ਕ ਤਾਨਾਸ਼ਾਹ ਹੋ ਗਿਆ ਹੈ। ਨਵਾਬ ਭ੍ਰਿਸ਼ਟ ਅਤੇ ਅਯਾਸ਼ ਹਨ। ਹਿੰਦੂ ਧਰਮ ਖਤਰੇ ਵਿਚ ਪੈ ਗਿਆ ਹੈ। ਇਸ ਸਥਿਤੀ ਦਾ ਮੁਕਾਬਲਾ ਕਰਨ ਲਈ ‘ਸੰਤਾਨ’ ਫਿਰਕੇ (ਵਿਸ਼ਨੂ ਭਗਤ ਸੰਨਿਆਸੀ ਵਿਦਰੋਹੀਆਂ ਦੀ ਸੰਤਾਨ ਸੈਨਾ) ਦੇ ਮੁਖੀ ਸਤਿਆਨੰਦ ਨੇ ਬੰਗਾਲ ਦੇ ਜੰਗਲਾਂ ’ਚ ਇੱਕ ਮੱਠ ਬਣਾਇਆ ਹੋਇਆ ਹੈ, ਜਿਸ ਦਾ ਨਾਂਅ ਹੈ-ਆਨੰਦ ਮੱਠ। ਇਹ ਮੱਠ ਧਾਰਮਿਕ ਸਥਾਨ ਨਾ ਹੋ ਕੇ ਅਸਲ ਵਿੱਚ ਬਾਗੀਆਂ ਦਾ ਇੱਕ ਮਹੱਤਵਪੂਰਣ ਟਿਕਾਣਾ ਹੈ। ਇੱਥੇ ਮਹਿੰਦਰ ਸਿੰਘ, ਜੀਵਾਨੰਦ, ਭਵਾਨੰਦ ਆਦਿ ਸੰਨਿਆਸੀ ਰਹਿੰਦੇ ਹਨ। ਇਨ੍ਹਾਂ ਦੀ ਅਗਵਾਈ ਵਿੱਚ ਹਜ਼ਾਰਾਂ ‘ਸੰਤਾਨਾਂ’ ਨੂੰ ਭਰਤੀ ਕਰਕੇ ਹਿੰਦੂ ਸੈਨਾ ਬਣਾਈ ਜਾਂਦੀ ਹੈ ਜਿਸ ਨੇ ਹਿੰਦੂ ਰਾਜ ਦੀ ਸਥਾਪਤੀ ਲਈ ਜੂਝਣਾ ਹੈ। ਹਰ ਸੰਤਾਨ ਨੂੰ ਹਿੰਦੂ ਕੌਮ ਦੀ ਉੱਨਤੀ ਲਈ ਅਤੇ ਹਿੰਦੂ ਰਾਜ ਦੀ ਸਥਾਪਤੀ ਲਈ ਮਰ ਮਿਟਣ, ਘਰ ਦਾ ਮੂੰਹ ਨਾ ਦੇਖਣ ਅਤੇ ਸਾਰੀ ਉਮਰ ਕੁੰਵਾਰਾ ਰਹਿਣ ਦੀ ਕਸਮ ਖੁਆਈ ਜਾਂਦੀ ਹੈ।

ਇਸ ਨਾਵਲ ਵਿੱਚ ਮੁਸਲਮਾਨਾਂ ਨੂੰ ਤਬਾਹ ਕਰਨ ਦਾ ਚਿਤਰਣ ਪੇਸ਼ ਕਰਦਿਆਂ ਲਿਖਿਆ ਗਿਆ ਹੈ-ਸੰਤਾਨ “ਪਿੰਡ ਪਿੰਡ ਆਪਣੇ ਦੂਤ ਭੇਜਣ ਲੱਗੇ। ਦੂਤ...ਵੀਹ ਤੋਂ ਪੰਝੀ ਲੋਕਾਂ ਨੂੰ ਇਕੱਠਾ ਕਰਕੇ ਮੁਸਲਮਾਨਾਂ ਦੇ ਪਿੰਡ ’ਤੇ ਹਮਲਾ ਕਰ ਦਿੰਦੇ ਅਤੇ ਅੱਗ ਲਾ ਦਿੰਦੇ। ਮੁਸਲਮਾਨ ਆਪਣੀ ਜਾਨ ਬਚਾਉਣ ਲਈ ਭੱਜ ਜਾਂਦੇ ਤੇ ਸੰਤਾਨ ਉਨ੍ਹਾਂ ਦਾ ਸਭ ਕੁੱਝ ਲੁੱਟ-ਪੱਟ ਕੇ ਨਵੇਂ ਵਿਸ਼ਨੂ-ਪੂਜਕਾਂ ਨੂੰ ਦੇ ਦਿੰਦੇ।” ਅਤੇ ਫਿਰ ਇਨ੍ਹਾਂ ਵਿਸ਼ਨੂ ਪੂਜਕਾਂ ਨੂੰ “ਮੰਦਰ ’ਚ ਲਿਜਾ ਕੇ ਮੂਰਤੀ ਦੇ ਚਰਨ ਛੁਆਏ ਜਾਂਦੇ ਤੇ ਉਨ੍ਹਾਂ ਨੂੰ ਸੰਤਾਨ ਬਣਾ ਲਿਆ ਜਾਂਦਾ।

ਨਾਵਲ ਦੇ ਚੌਥੇ ਖੰਡ ਵਿਚ ਸੰਤਾਨ, ਮੁਸਲਮਾਨਾਂ ’ਤੇ ਜਿੱਤ ਪ੍ਰਾਪਤ ਕਰ ਲੈਂਦੇ ਹਨ। ਇਸ ਅਖੌਤੀ ਜਿੱਤ ਤੋਂ ਬਾਅਦ ਕੀ ਕੁੱਝ ਵਾਪਰਦਾ ਹੈ, ਉਸਦਾ ਚਿਤਰਣ ਇਉਂ ਹੈ : “ਉਸ ਰਾਤ ਉਹ ਇਲਾਕਾ ਹਰੀ ਨਾਮ ਦੀ ਆਵਾਜ਼ ਨਾਲ ਗੂੰਜ ਉੱਠਿਆ। ਸੰਤਾਨ ਗਰੋਹ ਬਣਾ ਕੇ ਇਧਰ-ਉੱਧਰ ‘ਬੰਦੇ ਮਾਤਰਮ’ ਅਤੇ ‘ਜਗਦੀਸ਼ ਹਰੇ’ ਗੀਤ ਗਾਉਂਦੇ ਫਿਰਦੇ ਸਨ। ਕੋਈ ਦੁਸ਼ਮਣ ਸੈਨਾ ਦਾ ਹਥਿਆਰ ਚੁੱਕ ਰਿਹਾ ਸੀ ਤੇ ਕੋਈ ਕੱਪੜਾ। ਕਿਸੇ ਨੇ ਲਾਸ਼ ਨੂੰ ਲੱਤ ਮਾਰੀ ਤੇ ਕੋਈ ਕਿਸੇ ਹੋਰ ਤਰ੍ਹਾਂ ਦਾ ਉਪੱਦਰ ਕਰਨ ਲੱਗਾ।...ਰਾਹ ’ਚ ਜੋ ਵੀ ਮੁਸਾਫਰ ਜਾਂ ਕੋਈ ਪੇਂਡੂ/ਸ਼ਹਿਰੀ ਮਿਲਦਾ, ਉਸ ਨੂੰ ਫੜ ਲੈਂਦੇ ਤੇ ਕਹਿੰਦੇ, ‘ਬੰਦੇ ਮਾਤਰਮ’ ਬੋਲ, ਨਹੀਂ ਤਾਂ ਮਾਰ ਦਿਆਂਗੇ।’ ਕਿਸੇ ਨੇ ਹਲਵਾਈ ਦੀ ਦੁਕਾਨ ਲੁੱਟ ਖਾਧੀ ਤੇ ਕੋਈ ਗਵਾਲੇ ਦੇ ਮਕਾਨ ’ਤੇ ਜਾ ਚੜ੍ਹਿਆ ਤੇ ਦਹੀਂ ਦੀ ਮਟਕੀ ਨੂੰ ਮੂੰਹ ਮਾਰਿਆ। ਕੋਈ ਕਹਿੰਦਾ-ਅਸੀਂ ਬ੍ਰਿਜਵਾਸੀ ਹਾਂ, ਗੋਪੀਆਂ ਕਿੱਥੇ ਹਨ?

ਉਸੇ ਰਾਤ ਪਿੰਡ-ਪਿੰਡ ਅਤੇ ਸ਼ਹਿਰ ਵਿੱਚ ਰੌਲਾ ਪੈ ਗਿਆ ਕਿ ਮੁਸਲਮਾਨ ਹਾਰ ਗਏ ਹਨ ਤੇ ਦੇਸ਼ ਮੁੜ ਹਿੰਦੂਆਂ ਦੇ ਕਬਜ਼ੇ ਵਿੱਚ ਆ ਗਿਆ ਹੈ। ਸਭ ਨੇ ਕਿਹਾ ਕਿ ‘ਜ਼ੋਰ ਸੇ ਬੋਲੋ, ਹਰੀ ਕਾ ਨਾਮ।’ ਪਿੰਡਾਂ ’ਚ ਜਿੱਥੇ ਵੀ ਕੋਈ ਮੁਸਲਮਾਨ ਦਿਸਦਾ, ਉਸਨੂੰ ਦੌੜਾ ਕੇ ਮਾਰਿਆ ਜਾਂਦਾ। ਕੁਝ ਲੋਕ ਤਾਂ ਉਸੇ ਰਾਤ ਗਰੋਹ ਬਣਾ ਕੇ ਮੁਸਲਮਾਨ ਮੁਹੱਲਿਆਂ ’ਚ ਗਏ...ਘਰਾਂ ਨੂੰ ਅੱਗ ਲਾਕੇ ਲੁੱਟਮਾਰ ਕਰਨ ਲੱਗੇ।

ਪਰ 1775 ਵਿਚ ਬੰਗਾਲ ਦੇ ਗਵਰਨਰ ਵਾਰਨ ਹੇਸਟਿੰਗਜ਼ ਨੇ ਮੁਸਲਮਾਨ ਸ਼ਾਸ਼ਕਾਂ ਦੇ ਹੱਥੋਂ ਬੰਗਾਲ ਖੋਹ ਲਿਆ ਤੇ ਸਿੱਧੇ ਤੌਰ ’ਤੇ ਅੰਗਰੇਜ਼ੀ ਰਾਜ ਅਧੀਨ ਕਰ ਲਿਆ। ਨਾਵਲ ਦੇ ਸ਼ੁਰੂ ਵਿੱਚ ਹਿੰਦੂ ਧਰਮ ਦੀ ਸਥਾਪਨਾ ਲਈ ਮੁਸਲਮਾਨਾਂ ਦੇ ਖਿਲਾਫ ਧਰਮ-ਯੁੱਧ ਛੇੜਨ ਦੀ ਗੱਲ ਕੀਤੀ ਗਈ ਸੀ ਪ੍ਰੰਤੂ ਨਾਵਲ ਦੇ ਅੰਤ ’ਚ ਹਿੰਦੂ ਰਾਜ ਦੀ ਥਾਂ ਅੰਗਰੇਜ਼ਾਂ ਦੇ ਰਾਜ ਨੂੰ ਸਹੀ ਠਹਿਰਾਉਣ ਲਈ ਨਾਵਲ ਦਾ ਲਿਖਾਰੀ ਬੰਕਿਮ, ਇੱਕ ਪਾਤਰ ਦੀ ਉਸਾਰੀ ਕਰਦਾ ਹੈ ਜਿਸਤੋਂ ਉਹ ਕਹਾਉਂਦਾ ਹੈ, “ਤੇਰਾ ਕਾਰਜ ਸੰਪੂਰਨ ਹੋਇਆ। ਮੁਸਲਮਾਨਾਂ ਦਾ ਰਾਜ ਖਤਮ ਹੋ ਗਿਆ ਹੈ, ਹੁਣ ਤੇਰਾ ਕੋਈ ਕੰਮ ਨਹੀਂ ਰਿਹਾ, ਹੁਣ ਵਿਅਰਥ ਪ੍ਰਾਣੀ-ਹੱਤਿਆ ਦਾ ਕੋਈ ਅਰਥ ਨਹੀਂ।” ਇਸ ’ਤੇ ਦੂਸਰਾ ਪਾਤਰ ਸਤਿਆਨੰਦ ਕਹਿੰਦਾ ਹੈ, “ਮੁਸਲਮਾਨਾਂ ਦਾ ਰਾਜ ਤਾਂ ਨਸ਼ਟ ਹੋ ਗਿਆ, ਪਰ ਹਿੰਦੂ ਰਾਜ ਸਥਾਪਤ ਨਹੀਂ ਹੋਇਆ।”ਇਸ ’ਤੇ ਉਹੀ ਪਾਤਰ ਸਤਿਆਨੰਦ ਨੂੰ ਕਹਿੰਦਾ ਹੈ ਕਿ ਹੁਣ ਅੰਗਰੇਜ਼ ਹੀ ਰਾਜਾ ਹੋਵੇਗਾ, “ ਜੋ ਕੁਝ ਵੀ ਹੋਵੇਗਾ, ਉਹ ਚੰਗਾ ਹੀ ਹੋਵੇਗਾ, ਅੰਗਰੇਜ਼ ਦੇ ਰਾਜਾ ਨਾ ਹੋਣ ਦੀ ਹਾਲਤ ’ਚ ਸਨਾਤਨ ਧਰਮ ਦੇ ਮੁੜ-ਸੁਰਜੀਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। ਅੰਗਰੇਜ਼ਾਂ ਦੇ ਰਾਜ ’ਚ ਪਰਜਾ (ਹਿੰਦੂ) ਸੁਖੀ ਹੋਵੇਗੀ ਅਤੇ ਬੇਰੋਕ-ਟੋਕ ਧਰਮ ਦਾ ਪਾਲਣ ਕਰੇਗੀ।

ਸਤਿਆਨੰਦ ਦੇ ਇਹ ਸਵਾਲ ਕਰਨ ’ਤੇ ਕਿ ਜੇ ਅੰਗਰੇਜ਼ਾਂ ਦਾ ਰਾਜ ਸਥਾਪਤ ਕਰਨਾ ਹੀ ਤੁਹਾਡਾ ਉਦੇਸ਼ ਸੀ, ਜੇ ਇਸ ਵੇਲੇ ਫਰੰਗੀ ਰਾਜ ਹੀ ਦੇਸ਼-ਹਿਤ ’ਚ ਹੈ ਤਦ ਕਾਹਤੋਂ ਸਾਨੂੰ ਇਸ ਅਣਮਨੁੱਖੀ ਯੁੱਧ ਦੀ ਭੱਠੀ ’ਚ ਸੁੱਟਿਆ

? ਤਾਂ ਇਸ ਦੇ ਜਵਾਬ 'ਚ ਬੰਕਿਮ, ਇੱਕ ਪਾਤਰ ਤੋਂ ਕਹਾਉਂਦਾ ਹੈ "ਅੰਗਰੇਜ਼ਾਂ ਨੂੰ ਰਾਜ ਸੌਂਪਣ ਲਈ ਹੀ ਮੈਂ ਸੰਤਾਨਾਂ ਵੱਲੋਂ ਬਗਾਵਤ ਭੜਕਾਈ। ਆ ਚੱਲੀਏ! ਗਿਆਨ ਪ੍ਰਾਪਤੀ ਪਿੱਛੋਂ ਤੈਨੂੰ ਆਪਣੇ ਆਪ ਸਾਰੇ ਕੁੱਝ ਦੀ ਸਮਝ ਪੈ ਜਾਣੀ ਹੈ"

ਸੋ ਸਾਫ ਹੈ ਕਿ "ਆਨੰਦ ਮੱਠ" ਨਾਮੀ ਇਹ ਨਾਵਲ ਮੁਸਲਮਾਨ ਭਾਈਚਾਰੇ ਪ੍ਰਤੀ ਅੰਤਾਂ ਦੀ ਨਫਰਤ ਅਤੇ ਅੰਗਰੇਜ਼ਾਂ ਪ੍ਰਤੀ ਅੰਤਾਂ ਦੀ ਵਫਾਦਾਰੀ ਪੈਦਾ ਕਰਨ ਦੀ ਭਾਵਨਾ ਨਾਲ ਓਤ-ਪੋਤ ਹੈ। ਇਸ ਨਾਵਲ 'ਚ ਕੌਮੀ ਭਾਵਨਾਵਾਂ ਦਾ ਹਵਾ-ਪਿਆਜੀ ਰੰਗ ਵੀ ਨਹੀਂ। ਤਾਂਹੀਓਂ ਇਸ ਵਿੱਚ 'ਬੰਦੇ ਮਾਤਰਮ' ਗੀਤ ਫਿੱਟ ਹੋਇਆ।

**'ਬੰਦੇ ਮਾਤਰਮ' ਗੀਤ :**

ਬੰਦੇ ਮਾਤਰਮ !
ਸੁਜਲਾਂ ਸੁਫਲਾਂ ਮਲਯਜਸ਼ੀਤਲਾਮ
ਸ਼ਸਿਆ ਸ਼ਿਆਮਲਾਂ ਮਾਤਰਮ !
. . . . . . . . . . . . .
. . . . . . . . . . . . .
ਸੁਜਲਾਂ ਸੁਫਲਾਂ ਮਾਤਰਮ

**ਇਸ ਗੀਤ ਦੇ ਅਰਥ** -

ਹੇ ਮਾਤਾ, ਤੈਨੂੰ ਅਸੀਂ ਪ੍ਰਣਾਮ ਕਰਦੇ ਹਾਂ। ਤੇਰਾ ਜਲ ਬਹੁਤ ਪਵਿੱਤਰ ਹੈ। ਤੂੰ ਸੋਹਣੇ ਫੁੱਲਾਂ ਨਾਲ ਭਰੀ ਹੋਈ ਹੈਂ। ਦੱਖਣ ਦੀ ਠੰਡੀ ਹਵਾ ਸਾਡੇ ਮਨਾਂ ਨੂੰ ਮੋਂਹਦੀ ਹੈ। ਹੇ ਮਾਤ-ਭੂਮੀ ਮੈਂ ਤੈਨੂੰ ਵਾਰ ਵਾਰ ਪ੍ਰਣਾਮ ਕਰਦਾ ਹਾਂ।

ਹੇ ਮਾਤਾ, ਤੇਰੀਆਂ ਰਾਤਾਂ ਚੰਦਰਮਾ ਤੇ ਸਫੈਦ ਖਿੜੇ ਹੋਏ ਪ੍ਰਕਾਸ਼ ਨਾਲ ਰੌਸ਼ਨ ਹਨ ਅਤੇ ਅਸੀਂ ਇਨ੍ਹਾਂ ਤੋਂ ਅਨੰਦ ਮਾਣਦੇ ਹਾਂ। ਤੂੰ ਪੂਰੇ ਖਿੜੇ ਹੋਏ ਫੁੱਲਾਂ ਨਾਲ ਲੱਦੀ ਹੋਈ ਹੈਂ ਤੇ ਹਰੇ ਰੁੱਖਾਂ ਨਾਲ ਬਹੁਤ ਸ਼ੋਭਾ ਦੇ ਰਹੀ ਹੈ। ਤੇਰੀ ਮੁਸਕਾਨ ਤੇ ਬਾਣੀ ਸਾਨੂੰ ਮਿਠਾਸ ਤੇ ਸੁੱਖ ਵਰਦਾਨ ਕਰਦੀ ਹੈ। ਹੇ ਮਾਤਾ, ਤੈਨੂੰ ਵਾਰ-ਵਾਰ ਪ੍ਰਣਾਮ ਕਰਦੇ ਹਾਂ।

ਹੇ ਮਾਤ-ਭੂਮੀ ! ਤੈਨੂੰ ਪ੍ਰਣਾਮ ਹੈ।

ਤੂੰ ਸੱਤ ਕਰੋੜ ਲੋਕਾਂ ਦੀ ਮਿੱਠੀ ਬਾਣੀ, ਪਰੰਤੂ ਜ਼ੋਰਦਾਰ ਗੂੰਜ ਹੈ। ਚੌਦਾਂ ਕਰੋੜ ਭੁਜਾਵਾਂ ਵਿਚ ਤੇਜ਼ ਤਲਵਾਰਾਂ ਧਾਰਨ ਕਰਨ ਵਾਲੀ ਮਾਂ! ਤੂੰ ਅਬਲਾ (ਔਰਤ) ਦਾ ਬਲ ਹੈਂ। ਅਨੇਕ ਸ਼ਕਤੀਆਂ ਧਾਰਨ ਕਰਨ ਵਾਲੀ, ਦੁਸ਼ਮਣਾਂ ਦੇ ਦਲ ਨਸ਼ਟ ਕਰਨ ਵਾਲੀ, ਸਭ ਦਾ ਉਦਾਰ ਕਰਨ ਵਾਲੀ ਮਾਂ! ਤੈਨੂੰ ਨਮਸਕਾਰ ਹੈ।

ਤੂੰ ਹੀ ਵਿੱਦਿਆ, ਗਿਆਨ ਤੇ ਧਰਮ (ਫਰਜ਼) ਹੈਂ। ਤੂੰ ਹੀ ਦਿਲ ਤੇ ਮਨ ਹੈਂ। ਇਸ ਵਿੱਚ ਛੁਪਿਆ ਰਹੱਸ ਵੀ ਤੂੰ ਹੀ ਹੈਂ। ਸਰੀਰਾਂ ਵਿੱਚ ਵਸੇ ਹੋਏ ਪ੍ਰਾਣ ਤੂੰ ਹੀ ਹੈਂ। ਤੂੰ ਹੀ ਜਾਨ ਹੈਂ। ਭੁਜਾਵਾਂ ਵਿੱਚ ਤੇਰੀ ਹੀ ਸ਼ਕਤੀ ਦਾ ਪ੍ਰਵਾਹ ਹੈ। ਸਾਡੇ ਮਨਾਂ ਵਿੱਚ ਤੇਰੀ ਹੀ ਭਗਤੀ ਸਮਾਈ ਹੋਈ ਹੈ। ਮੰਦਰਾਂ ਵਿੱਚ ਤੇਰੀ ਹੀ ਸੂਰਤ ਹੈ।

ਤੂੰ ਹੀ ਖੜਗ ਜਿਹੇ ਅਨੇਕ ਸ਼ਸਤਰ ਧਾਰਨ ਕਰਨ ਵਾਲੀ ਦੁਰਗਾ ਹੈਂ। ਕਮਲ-ਫੁੱਲ 'ਤੇ ਬਿਰਾਜਮਾਨ ਲਕਸ਼ਮੀ ਤੇਰਾ ਹੀ ਰੂਪ ਹੈ। ਸਰਸਵਤੀ ਦੇ ਰੂਪ ਵਿੱਚ ਤੂੰ ਹੀ ਬਾਣੀ ਤੇ ਵਿੱਦਿਆ ਪ੍ਰਦਾਨ ਕਰਨ ਵਾਲੀ ਹੈਂ। ਧਨ-ਦੌਲਤ, ਪਵਿੱਤਰਤਾ ਤੇ ਅਸੀਮ ਖੁਸ਼ਹਾਲੀ ਦੀ ਪ੍ਰਤੀਕ ਮਾਂ ! ਤੂੰ ਸੁੰਦਰ ਮਿੱਠੇ ਫਲਾਂ ਅਤੇ ਸਵੱਛ ਜਲ ਦਾ ਭੰਡਾਰ ਹੈਂ। ਤੈਨੂੰ ਨਮਸਕਾਰ ਹੈ।

ਤੂੰ ਹਰੀ ਭਰੀ ਬਨਸਪਤੀ, ਸਰਲਤਾ, ਸਹਿਣਸ਼ੀਲਤਾ ਦਾ ਪ੍ਰਤੀਕ, ਸਭ ਦਾ ਪਾਲਣ ਪੋਸ਼ਣ ਕਰਨ ਵਾਲੀ, ਮੁਸਕਰਾਹਟਾਂ ਤੇ ਖੁਸ਼ੀਆਂ ਨਾਲ ਸਜੀ ਹੋਈ ਪਰਉਪਕਾਰੀ ਧਰਤੀ ਮਾਂ ਹੈਂ। ਤੈਨੂੰ ਪ੍ਰਣਾਮ ਹੈ।

ਇਸ ਗੀਤ ਵਿਚੋਂ ਦੋ ਗੱਲਾਂ ਸਾਫ ਹਨ-ਪਹਿਲੀ ਇਹ ਕਿ ਇਹ ਗੀਤ ਸਮੁੱਚੇ ਭਾਰਤ ਦੇਸ਼ ਲਈ ਨਹੀਂ ਲਿਖਿਆ ਗਿਆ। ਇਸ ਵਿੱਚ ਸੱਤ ਕਰੋੜ (ਸਪਤਕੋਟੀਕੰਠ) ਆਬਾਦੀ ਦੀ ਗੱਲ ਕੀਤੀ ਗਈ ਹੈ। ਇਹ ਆਬਾਦੀ ਦੀ ਗਿਣਤੀ ਉਦੋਂ ਦੇ ਬੰਗਾਲ ਸੂਬੇ ਦੀ ਸੀ। ਹੁਣ ਵਾਲੇ ਬਿਹਾਰ ਅਤੇ ਉੜੀਸਾ ਵੀ ਉਦੋਂ ਬੰਗਾਲ ਵਿੱਚ ਸ਼ਾਮਲ ਸਨ। ਦੂਸਰੀ ਇਹ ਕਿ ਇਸ ਵਿੱਚ ਸਪੱਸ਼ਟ ਤੌਰ 'ਤੇ ਦਸ-ਭੁਜਾਂ ਵਾਲੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਆਦਿ ਦੀ ਨੂੰ ਰਾਸ਼ਟਰ ਸਰੂਪ ਵਜੋਂ ਪੇਸ਼ ਕਰਕੇ ਉਸ ਨੂੰ ਧਿਆਉਣ ਦੀ ਪ੍ਰੇਰਨਾ ਹੈ।

'ਬੰਗਾਲ ਦਾ ਕੌਮੀ ਗੀਤ' ਬਣਨ ਦਾ ਵੀ ਵਿਸ਼ੇਸ਼ ਕਾਰਨ ਹੈ। ਉਹ ਇਸ ਤਰ੍ਹਾਂ ਹੈ ਕਿ 1905 ਵਿੱਚ ਲਾਰਡ ਕਰਜ਼ਨ ਨੇ ਬੰਗਾਲ ਨੂੰ ਦੋ ਹਿੱਸਿਆਂ-ਪੱਛਮੀ ਬੰਗਾਲ ਅਤੇ ਪੂਰਬੀ ਬੰਗਾਲ- ਵਿੱਚ ਵੰਡਣ ਦਾ ਫੈਸਲਾ ਕੀਤਾ। ਉਦੋਂ ਦੇ ਸਾਂਝੇ ਬੰਗਾਲ ਵਿੱਚ ਬ੍ਰਾਹਮਣ ਅਤੇ ਕਾਇਸਥ ਜਾਤੀ ਦੇ ਲੋਕ ਸਰਕਾਰੀ ਨੌਕਰੀਆਂ 'ਤੇ ਭਾਰੂ ਸਨ। ਪਰ ਪੂਰਬੀ ਬੰਗਾਲ (ਅਸਾਮ ਨੂੰ ਮਿਲਾਕੇ) ਮੁਸਲਮਾਨਾਂ ਦੀ ਬਹੁ-ਗਿਣਤੀ ਵਾਲਾ ਪ੍ਰਾਂਤ ਬਣ ਜਾਣਾ ਸੀ ਜਿਸ ਕਰਕੇ ਇਨ੍ਹਾਂ ਭੱਦਰ ਲੋਕਾਂ ਨੂੰ ਇਹ ਡਰ ਪੈਦਾ ਹੋ ਗਿਆ ਕਿ ਉਨ੍ਹਾਂ ਦੀਆਂ ਸਰਕਾਰੀ ਨੌਕਰੀਆਂ ਨੂੰ ਖਤਰਾ ਖੜ੍ਹਾ ਹੋ ਜਾਵੇਗਾ। ਸੋ ਬੰਗਾਲ ਦੀ ਇਹ ਵੰਡ ਇਨ੍ਹਾਂ ਨੂੰ ਖਟਕੀ। ਇਸ ਲਈ ਇਸ ਵੰਡ ਵਿਰੁੱਧ ਲਹਿਰ ਚਲਾਈ ਗਈ ਸੀ। 'ਬੰਦੇ ਮਾਤਰਮ' ਪਹਿਲਾਂ ਵਾਲੇ ਬੰਗਾਲ ਦੀ ਏਕਤਾ

ਦੇ ਪ੍ਰਤੀਕ ਵਜੋਂ ਵਰਤਿਆ ਗਿਆ। ਇਸ ਤਰ੍ਹਾਂ ਨਾਲ 'ਬੰਦੇ ਮਾਤਰਮ' ਦੀ ਵਰਤੋਂ ਬੰਗਾਲ ਦੀ ਵੰਡ ਵਿਰੁੱਧ ਬੰਗਾਲੀ ਕੌਮਵਾਦ ਨੂੰ ਉਭਾਰਨ ਅਤੇ ਉਤੇਜਿਤ ਕਰਨ ਲਈ ਕੀਤੀ ਗਈ। ਇਸ ਤੋਂ ਸਾਫ ਹੈ ਕਿ 'ਬੰਦੇ ਮਾਤਰਮ' ਕੌਮੀ ਭਾਵਨਾਵਾਂ ਜਾਂ ਅੰਗਰੇਜ਼-ਵਿਰੋਧ ਦੀ ਥਾਂ ਭੱਦਰ ਲੋਕਾਂ ਵੱਲੋਂ ਨੌਕਰੀਆਂ ਬਚਾਉਣ ਲਈ ਪ੍ਰਚਾਰਿਆ ਗਿਆ।

ਸੋ ਸਿੱਟਾ ਇਹ ਕਿ 'ਬੰਦੇ ਮਾਤਰਮ' ਨਾ ਤਾਂ ਕੌਮੀ ਗੀਤ ਵਜੋਂ ਲਿਖਿਆ ਗਿਆ, ਨਾ ਪ੍ਰਚਾਰਿਆ ਗਿਆ ਸੀ ਅਤੇ ਨਾ ਹੀ ਇਹ ਕੌਮੀ ਗੀਤ ਹੈ। ਕੌਮੀ ਗੀਤ ਉਹ ਹੀ ਹੋ ਸਕਦਾ ਹੁੰਦਾ ਹੈ ਜਿਸ ਵਿਚ ਸਮੁੱਚੀ ਕੌਮ ਦੀਆਂ ਭਾਵਨਾਵਾਂ ਗੁੰਦੀਆਂ ਅਤੇ ਪ੍ਰਗਟ ਹੁੰਦੀਆਂ ਹੋਣ। ਇਸ ਗੀਤ ਵਿੱਚ ਅਜਿਹਾ ਕੁੱਝ ਵੀ ਨਹੀਂ ਹੈ।

**ਦੇਸ਼-ਪੱਧਰ 'ਤੇ ਸਥਾਪਤੀ :**

ਜਦੋਂ ਬੰਗਾਲ-ਵੰਡ ਨਾ ਕਰਨ ਦਾ ਅੰਗਰੇਜ਼ਾਂ ਨੇ ਐਲਾਨ ਕੀਤਾ ਤਾਂ ਕਾਂਗਰਸ ਨੇ ਇਸ ਨੂੰ ਜਿੱਤ ਵਜੋਂ ਪੇਸ਼ ਕੀਤਾ। ਬੰਗਾਲ-ਵੰਡ ਵਿਰੁੱਧ ਉੱਠੀ ਲਹਿਰ ਵਿੱਚ ਲੱਗਿਆ 'ਬੰਦੇ ਮਾਤਰਮ' ਦਾ ਨਾਹਰਾ ਅਤੇ ਗੀਤ ਕਾਂਗਰਸ ਦੀਆਂ ਸਭਾਵਾਂ ਵਿੱਚ ਬਕਾਇਦਾ ਰੂਪ ਵਿੱਚ ਪੇਸ਼ ਕੀਤਾ ਜਾਣ ਲੱਗਿਆ। 1930 ਦੇ ਦਹਾਕੇ ਤੱਕ ਇਹ 'ਬੰਦੇ ਮਾਤਰਮ' ਸਾਰੇ ਦੇਸ਼ ਵਿੱਚ ਗਾਇਆ ਜਾਣ ਲੱਗਾ। ਇੱਥੇ ਇਹ ਜ਼ਿਕਰ ਕਰਨਾ ਯੋਗ ਰਹੇਗਾ ਕਿ ਇਹ ਉਹੀ ਸਮਾਂ ਹੈ ਜਦੋਂ ਅਜ਼ਾਦੀ ਦੀ ਲਹਿਰ ਨੂੰ ਫਿਰਕੂ ਲੀਹਾਂ 'ਤੇ -ਹਿੰਦੂਆਂ ਅਤੇ ਮੁਸਲਮਾਨਾਂ ਦੇ ਦੋ ਧੜਿਆਂ- ਵਿੱਚ ਵੰਡਣ ਦਾ ਕੁਚੱਕਰ ਜ਼ੋਰਦਾਰ ਢੰਗ ਨਾਲ ਚਲ ਰਿਹਾ ਸੀ। 1925 ਵਿੱਚ ਸਾਵਰਕਰ ਦੀ ਕਿਤਾਬ 'ਹਿੰਦੂਤਵ' ਆ ਚੁੱਕੀ ਸੀ। ਆਰ.ਐਸ.ਐਸ. ਦੀ ਸਥਾਪਨਾ ਹੋ ਚੁੱਕੀ ਸੀ ਅਤੇ ਚੌਧਰੀ ਰਹਿਮਤ ਅਲੀ ਨੇ ਕੈਂਬਰਿਜ਼ ਯੂਨੀਵਰਸਿਟੀ ਵਿੱਚ ਪੜ੍ਹਦੇ ਹੋਏ ਨੇ 1933 ਵਿੱਚ ਇਸਲਾਮੀ ਭਾਈਚਾਰੇ ਲਈ ਇੱਕ ਵੱਖਰੇ ਦੇਸ਼ ਦੀ ਮੰਗ ਦਾ ਦਸਤਾਵੇਜ਼ ਪੇਸ਼ ਕਰ ਦਿੱਤਾ ਸੀ। ਭਾਵ ਇਹ ਕਿ ਦੇਸ਼ ਅੰਦਰ ਹਿੰਦੂ-ਮੁਸਲਮਾਨ ਫਿਰਕਿਆਂ 'ਚ ਆਪਸੀ ਵਿਰੋਧ ਸਾਹਮਣੇ ਆਉਣ ਲੱਗ ਪਿਆ ਸੀ। ਇਹ ਵਿਰੋਧ ਅੱਗੇ ਵਧਕੇ ਦੰਗਿਆ ਦਾ ਰੂਪ ਧਾਰ ਗਿਆ।

ਅਜਿਹੇ ਫਿਰਕੂ ਮਾਹੌਲ ਅੰਦਰ ਕਾਂਗਰਸ ਵਿੱਚ ਜਿਹੜੇ ਹਿੰਦੂਵਾਦੀ ਤੱਤ ਸਨ ਉਨ੍ਹਾਂ ਨੇ 'ਬੰਦੇ ਮਾਤਰਮ' ਦਾ ਪੂਰਾ ਗੀਤ ਗਾਉਣ ਤੇ ਪ੍ਰਵਾਨ ਕਰਨ ਦੀ ਜ਼ੋਰਦਾਰ ਵਕਾਲਤ ਸ਼ੁਰੂ ਕਰ ਦਿੱਤੀ। ਇਨ੍ਹਾਂ ਤੱਤਾਂ ਨੇ 'ਬੰਦੇ ਮਾਤਰਮ' ਨੂੰ, ਜਿਸ ਵਿੱਚ ਦੁਰਗਾ ਅਤੇ ਲਕਸ਼ਮੀ ਦੀ ਉਸਤਤੀ ਸੀ, ਪੂਰੇ ਤੌਰ 'ਤੇ ਅਪਣਾਉਣ ਦੀ ਵਕਾਲਤ ਸ਼ੁਰੂ ਕਰ ਦਿੱਤੀ। ਓਧਰ ਮੁਸਲਮਾਨ ਭਾਈਚਾਰੇ ਵਾਲੇ ਕਾਂਗਰਸੀ ਲੀਡਰਾਂ ਵੱਲੋਂ ਇਸ ਗੀਤ ਦਾ ਵਿਰੋਧ ਸ਼ੁਰੂ ਹੋ ਗਿਆ। ਜਦੋਂ ਇਹ ਗੀਤ ਗਾਇਆ ਗਿਆ ਤਾਂ 1923 ਵਿੱਚ ਪ੍ਰਧਾਨ ਹੋਣ ਦੇ ਬਾਵਜੂਦ ਮੌਲਾਨਾ ਮੁਹੰਮਦ ਅਲੀ ਕਾਂਗਰਸੀ ਮੰਚ ਤੋਂ ਇਹ ਕਹਿੰਦਿਆਂ ਉੱਠ ਕੇ ਚਲੇ ਗਏ ਕਿ ਮੁਸਲਿਮ ਅੱਲ੍ਹਾ ਤੋਂ ਸਿਵਾਏ ਪ੍ਰਾਰਥਨਾ ਲਈ ਹੋਰ ਕਿਸੇ ਅੱਗੇ ਨਹੀਂ ਝੁਕ ਸਕਦੇ।

ਮੁਕਦੀ ਗੱਲ, ਬੰਗਾਲ ਦੀ ਵੰਡ ਵਿਰੁੱਧ ਇਸ ਗੀਤ ਦੀ ਨਾਹਰੇ ਵਜੋਂ ਵਰਤੋਂ ਅਤੇ ਇਹ ਵੰਡ ਰੁਕ ਜਾਣ 'ਤੇ ਕਾਂਗਰਸ ਵੱਲੋਂ ਇਸ ਨੂੰ ਜਿੱਤ ਦੀ ਖ਼ੁਸ਼ੀ 'ਚ ਗਾਏ ਜਾਣ ਅਤੇ ਬਾਅਦ ਵਿਚ ਫਿਰਕੂ ਤੱਤਾਂ ਵੱਲੋਂ ਫਿਰਕੂ ਮਾਹੌਲ ਨੂੰ ਹਵਾ ਦੇਣ ਕਰਕੇ ਇਹ 'ਬੰਦੇ ਮਾਤਰਮ' ਗੀਤ ਅਤੇ ਨਾਹਰਾ ਦੇਸ਼ ਭਰ ਦੇ ਸਿਆਸੀ ਮੰਚ 'ਤੇ ਆ ਗਿਆ।

**ਬੰਦੇ-ਮਾਤਰਮ ਦਾ ਵਿਰੋਧ :**

ਪਹਿਲਾਂ ਬਿਆਨ ਕੀਤੇ ਜਾ ਚੁੱਕੇ ਫਿਰਕੂ ਮਾਹੌਲ ਦੇ ਕਾਰਨ ਗੀਤ ਨੂੰ ਪੂਰਨ ਤੌਰ 'ਤੇ ਗਾਉਣ ਲਈ ਗੰਭੀਰ ਸਵਾਲ ਉੱਠਣੇ ਸ਼ੁਰੂ ਹੋ ਗਏ। ਇਹ ਸਵਾਲ ਕੇਵਲ ਮੁਸਲਿਮਾਂ ਵੱਲੋਂ ਹੀ ਨਹੀਂ ਬਲਕਿ ਹੋਰਨਾਂ ਹਲਕਿਆਂ ਵੱਲੋਂ ਵੀ ਉੱਠਣਾ ਸ਼ੁਰੂ ਹੋ ਗਿਆ। ਦੇਸ਼-ਭਗਤੀ ਨੂੰ ਹਿੰਦੂ ਪ੍ਰਤੀਕਾਂ ਵਿੱਚ ਬਦਲ ਦੇਣ 'ਤੇ ਵਿਰੋਧ ਜਤਾਇਆ ਜਾਣ ਲੱਗਾ। ਰਬਿੰਦਰ ਨਾਥ ਟੈਗੋਰ ਨੇ ਸੁਭਾਸ਼ ਚੰਦਰ ਬੋਸ ਨੂੰ ਇੱਕ ਖਤ ਵਿੱਚ ਲਿਖਿਆ ਕਿ ਮੁਸਲਮਾਨ ਚਾਹੇ ਕਿੰਨੇ ਵੀ ਦੇਸ਼-ਭਗਤ ਹੋਣ, ਉਨ੍ਹਾਂ ਤੋਂ ਇਹ ਉਮੀਦ ਨਹੀਂ ਰੱਖੀ ਜਾਣੀ ਚਾਹੀਦੀ ਕਿ ਉਹ ਦੁਰਗਾ ਨੂੰ ਰਾਸ਼ਟਰ ਦੇ ਰੂਪ ਵਜੋਂ ਸਵੀਕਾਰ ਕਰਨ। ਉਸਨੇ ਲਿਖਿਆ, "ਬੰਦੇ ਮਾਤਰਮ, ਦੇਵੀ ਦੁਰਗਾ ਦਾ ਇੱਕ ਭਜਨ ਹੈ: ਇਹ ਏਨਾ ਸਪਸ਼ਟ ਹੈ ਕਿ ਇਸ 'ਤੇ ਕੋਈ ਤਰਕ-ਵਿਤਰਕ ਨਹੀਂ ਹੋ ਸਕਦਾ। ਨਿਸ਼ਚੇ ਹੀ, ਅਖੀਰ ਵਿਚ ਬੰਕਿਮ, ਦੁਰਗਾ ਨੂੰ ਬੰਗਾਲ ਨਾਲ ਅਟੁੱਟ ਤੌਰ 'ਤੇ ਜੋੜਦਾ ਹੈ। ਪ੍ਰੰਤੂ ਕਿਸੇ ਵੀ ਮੁਸਲਮਾਨ ਤੋਂ 'ਸਵਦੇਸ਼' ਵਜੋਂ ਦਸ-ਭੁਜਾਵਾਂ ਵਾਲੀ ਦੇਵੀ ਨੂੰ ਦੇਸ਼-ਭਗਤੀ ਵਜੋਂ ਪੂਜਾ ਕਰਨ ਦੀ ਉਮੀਦ ਨਹੀਂ ਕੀਤੀ ਜਾ ਸਕਦੀ...ਨਾਲੇ 'ਅਨੰਦ ਮੱਠ' ਇਕ ਸਾਹਿਤਕ ਕਿਰਤ ਹੈ ਤੇ ਇਹ ਗੀਤ ਇਸ ਵਿੱਚ ਹੀ ਢੁੱਕਵਾਂ ਹੈ। ਪ੍ਰੰਤੂ ਪਾਰਲੀਮੈਂਟ ਸਾਰੇ ਧਾਰਮਿਕ ਗਰੁੱਪਾਂ ਨੂੰ ਜੋੜਦੀ ਇੱਕ ਜਗ੍ਹਾ ਹੈ, ਅਤੇ ਉੱਥੇ ਇਹ ਗੀਤ ਢੁੱਕਵਾਂ ਨਹੀਂ ਹੈ।" ਇਸ ਗੀਤ ਦੇ ਵਿਵਾਦ ਨੂੰ ਹੱਲ ਕਰਨ ਲਈ ਜਵਾਹਰ ਲਾਲ ਨਹਿਰੂ (ਉਸ ਵੇਲੇ

ਕਾਂਗਰਸ ਪ੍ਰਧਾਨ), ਗਾਂਧੀ, ਅਬਦੁਲ ਕਲਾਮ ਅਜ਼ਾਦ, ਸੁਭਾਸ਼ ਚੰਦਰ ਬੋਸ ਅਤੇ ਨਰੇਂਦਰਾ ਦੇਵ ਦੀ ਕਮੇਟੀ ਬਣਾਈ ਗਈ। ਟੈਗੋਰ ਨੂੰ ਇਸਦਾ ਸਲਾਹਕਾਰ ਬਣਾਇਆ ਗਿਆ। ਇਸ ਕਮੇਟੀ ਨੇ ਗੀਤ ਦੇ ਪਹਿਲੇ ਪਹਿਰੇ ਗਾਏ ਜਾਣ ਦੀ ਸਿਫਾਰਸ਼ ਹੀ ਕੀਤੀ। ਬਾਅਦ ਦੇ ਪਹਿਰੇ ਧਰਮ-ਵਿਸ਼ੇਸ਼ ਨਾਲ ਜੁੜੇ ਹੋਣ ਕਾਰਨ ਨਾ ਗਏ ਜਾਣ ਦੀ ਸਿਫਾਰਸ਼ ਕੀਤੀ।

ਇਸ ਗੀਤ ਦੇ ਇਕ ਹੋਰ ਪਹਿਲੂ ਨੂੰ ਲੈ ਕੇ ਭੀ ਵਿਰੋਧ ਹੁੰਦਾ ਰਿਹਾ, ਉਹ ਇਹ ਕਿ ਇਹ ਗੀਤ ਬੰਕਿਮ ਦੇ ਨਾਵਲ 'ਆਨੰਦ ਮੱਠ' ਵਿੱਚ ਵਿਸ਼ਣੂ ਭਗਤ ਸੰਨਿਆਸੀ ਵਿਦਰੋਹੀਆਂ (ਸੰਤਾਨ ਸੈਨਾ) ਦਾ ਯੁੱਧ ਗੀਤ ਸੀ। ਇਸ ਗੀਤ ਵਿੱਚ ਸੰਨਿਆਸੀ ਸੈਨਾ ਨੇ ਆਮ ਮੁਸਲਮਾਨਾਂ ਉੱਪਰ ਜਿਹੜੇ ਅਤਿਆਚਾਰ ਢਾਏ ਉਸ ਨੂੰ ਸ਼ਾਬਾਸ਼ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਸੀ। ਸਾਰਾ ਨਾਵਲ ਮੁਸਲਮਾਨਾਂ ਦੇ ਖਿਲਾਫ ਹੋਈ ਹਿੰਸਾਂ ਨੂੰ ਗੌਰਵ ਵਜੋਂ ਪੇਸ਼ ਕਰਦਾ ਹੈ।

ਇਸੇ ਤਰ੍ਹਾਂ ਇਹ 'ਬੰਦੇ ਮਾਤਰਮ' ਇੱਕ ਨਾਹਰੇ ਦੇ ਤੌਰ 'ਤੇ ਦੇਸ਼-ਪੱਧਰ 'ਤੇ ਫੈਲ ਗਿਆ। ਬੰਗਾਲ, ਕਿਉਂਕਿ ਉਦੋਂ ਦੇ ਇਨਕਲਾਬੀਆਂ (ਜਿਹੜੇ ਕਾਂਗਰਸ ਤੋਂ ਬਾਹਰ ਸਨ ਅਤੇ ਹਥਿਆਰਬੰਦ ਕ੍ਰਾਂਤੀ ਲਿਆਉਣੇ ਚਾਹੁੰਦੇ ਸਨ) ਦੀ ਅਗਵਾਈ ਕਰ ਰਿਹਾ ਸੀ। ਬੰਗਾਲ ਵਿੱਚ ਇਹ ਨਾਹਰਾ ਸਿਆਸੀ ਤੌਰ 'ਤੇ ਛਾਇਆ ਹੋਇਆ ਸੀ। ਜਿਸ ਕਰਕੇ ਪਹਿਲੋਂ-ਪਹਿਲ ਇਹ ਨਾਹਰਾ ਇਨਕਲਾਬੀਆਂ ਨੇ ਵੀ ਅਪਨਾਇਆ। ਬੰਗਾਲ ਦੇ ਇੱਕ ਸਰਗਰਮ ਅਤੇ ਪ੍ਰਭਾਵਸ਼ਾਲੀ ਕ੍ਰਾਂਤੀਕਾਰੀ ਦਲ ਦੇ ਮੈਂਬਰਾਂ ਨੂੰ ਕੁੱਝ ਪ੍ਰਣ ਕਰਨੇ ਪੈਂਦੇ ਸਨ, ਜਿਨ੍ਹਾਂ ਵਿੱਚ ਹਿੰਦੂ ਧਾਰਮਿਕ ਆਸਥਾ ਪ੍ਰਮੁੱਖ ਹੁੰਦੀ ਸੀ। ਪ੍ਰਣ 'ਓਮ ਬੰਦੇ ਮਾਤਰਮ' ਨਾਲ ਸ਼ੁਰੂ ਹੁੰਦਾ ਸੀ ਅਤੇ ਕਹਿਣਾ ਪੈਂਦਾ ਸੀ ਕਿ "ਮੈਂ ਈਸ਼ਵਰ, ਅਗਨੀ, ਮਾਤਾ, ਗੁਰੂ ਅਤੇ ਨੇਤਾ ਨੂੰ ਗਵਾਹ ਬਣਾ ਕੇ ਪ੍ਰਣ ਕਰਦਾ ਹਾਂ, ਆਦਿ।" ਅਤੇ ਪ੍ਰਣ ਭੰਗ ਲਈ ਕਿਹਾ ਗਿਆ ਸੀ "ਜੇਕਰ ਮੈਂ ਕਿਸੇ ਤਰ੍ਹਾਂ ਵੀ ਇਸ ਪ੍ਰਣ ਨੂੰ ਤੋੜਾਂ ਤਾਂ ਬ੍ਰਾਹਮਣ ਪਿਤਾ-ਮਾਤਾ ਅਤੇ ਦੇਸ਼-ਭਗਤਾਂ ਦਾ ਸਰਾਪ ਮੈਨੂੰ ਭਸਮ ਕਰ ਦੇਵੇ।" ਮੈਂਬਰਸ਼ਿੱਪ ਲੈਣ ਦਾ ਤਰੀਕਾ ਕਠੋਰ ਹਿੰਦੂ ਕਰਮਕਾਂਡ ਵਰਗਾ ਹੀ ਹੁੰਦਾ ਸੀ ਯਾਨੀ ਕਿ ਕਾਲੀ ਮਾਂ ਦੀ ਮੂਰਤੀ ਦੇ ਸਾਹਮਣੇ ਬਕਾਇਦਾ ਯੱਗ ਅਤੇ ਪੂਜਾ ਹੁੰਦੀ ਸੀ ਅਤੇ ਸਿਰ 'ਤੇ ਗੀਤਾ ਰੱਖ ਕੇ ਮੂਰਤੀ ਦੇ ਸਾਹਮਣੇ ਮੱਥਾ ਟੇਕਿਆ ਜਾਂਦਾ ਸੀ।" (ਸਫਾ 19, ਭਗਤ ਸਿੰਘ ਹੋਣ ਦਾ ਅਰਥ- ਲੇਖਕ ਮੁਦਰਾ ਰਾਖਸ਼ਿਸ਼, ਪੀਪਲਜ਼ ਫੋਰਮ, ਬਰਗਾੜੀ)

ਸੋ ਉਦੋਂ ਦੇ ਇਨਕਲਾਬੀਆਂ ਵਿੱਚ ਵੀ ਧਾਰਮਕ ਰਹੱਸਵਾਦ ਭਾਰੂ ਹੋਣ ਕਰਕੇ 'ਬੰਦੇ ਮਾਤਰਮ' ਨਾਹਰਾ ਅਪਨਾਇਆ ਗਿਆ ਸੀ। ਭਗਤ ਸਿੰਘ ਧਾਰਮਿਕ ਦੰਗਿਆਂ ਤੋਂ ਦੁਖੀ ਸਨ। ਇਸ ਤੋਂ ਇਲਾਵਾ ਜਥੇਬੰਦੀ ਅੰਦਰ ਰਹੱਸਵਾਦ ਦਾ ਭਾਰੂ ਹੋਣਾ ਵੀ ਉਨ੍ਹਾਂ ਲਈ ਚਿੰਤਾ ਦਾ ਵਿਸ਼ਾ ਬਣਿਆ। ਇਸ ਲਈ ਉਨ੍ਹਾਂ ਨੇ ਆਪਣੀ ਜਥੇਬੰਦੀ ਨੂੰ ਇਸ ਧਾਰਮਿਕ ਰਹੱਸ 'ਚੋਂ ਕੱਢਕੇ ਸਮਾਜ ਵੱਲ ਮੋੜਾ ਕਟਾਇਆ। ਉਨ੍ਹਾਂ ਨੇ 'ਬੰਦੇ ਮਾਤਰਮ' ਦੇ ਪੂਜਾ ਵਾਲੇ ਨਾਹਰੇ ਲਾ ਕੇ ਸ਼ਹੀਦ ਹੋ ਕੇ ਸਵਰਗ ਪ੍ਰਾਪਤ ਕਰਨ ਦੀ ਕਾਲਪਨਿਕ ਧਾਰਨਾ ਨੂੰ ਰੱਦ ਕੀਤਾ। ਇਸ ਦੀ ਥਾਂ ਹਕੀਕੀ ਸਮਾਜ ਵਿਚ ਆਪਣੇ ਸਰਗਰਮ ਰੋਲ ਰਾਹੀਂ ਇਨਕਲਾਬੀ ਤਬਦੀਲੀ ਲਿਆਉਣ ਲਈ ਦਿਸ਼ਾ ਤਹਿ ਕੀਤੀ। ਉਨ੍ਹਾਂ ਨੇ ਆਪਣੀ ਜਥੇਬੰਦੀ ਦਾ ਮਾਨਸਿਕ ਪੱਧਰ ਧਾਰਮਿਕ ਤੋਂ ਮੋੜ ਕੇ ਸਮਾਜਿਕ ਬਣਾ ਦਿੱਤਾ। ਇਸ ਲਈ ਉਨ੍ਹਾਂ ਨੇ 'ਇਨਕਲਾਬ-ਜ਼ਿੰਦਾਬਾਦ' ਦਾ ਨਾਹਰਾ ਬੁਲੰਦ ਕੀਤਾ ਅਤੇ 'ਬੰਦੇ ਮਾਤਰਮ' ਦਾ ਨਾਹਰਾ ਪਿਛਾਂਹ ਧੱਕ ਦਿੱਤਾ। ਇਸ ਸਬੰਧੀ ਉਨ੍ਹਾਂ ਦੇ ਸਾਥੀ ਅਜੈ ਘੋਸ਼ ਲਿਖਦੇ ਹਨ, "ਇਨਕਲਾਬ ਜ਼ਿੰਦਾਬਾਦ, ਜਿਹੜਾ ਨਾਹਰਾ ਸਭ ਤੋਂ ਪਹਿਲਾਂ ਭਗਤ ਸਿੰਘ ਨੇ ਚੁੱਕਿਆ ਸੀ- 'ਬੰਦੇ ਮਾਤਰਮ' ਨੂੰ ਪਾਸੇ ਕਰਕੇ ਕੌਮੀ ਲਹਿਰ ਦਾ ਨਾਅਰਾ ਬਣ ਗਿਆ।"

ਸਵਾਲ ਪੈਦਾ ਹੁੰਦਾ ਹੈ ਕਿ ਅੱਜਕੱਲ੍ਹ ਬੀਜੇਪੀ ਵੱਲੋਂ ਇਸ ਗੀਤ ਨੂੰ ਐਨੀ ਮਹੱਤਤਾ ਕਿਉਂ ਦਿੱਤੀ ਜਾ ਰਹੀ ਹੈ? ਜਿਵੇਂ ਕਿ 8 ਦਸੰਬਰ ਨੂੰ ਪਾਰਲੀਮੈਂਟ ਵਿੱਚ ਇਸ ਉੱਤੇ ਬਹਿਸ ਲਈ ਪੂਰਾ ਦਿਨ ਰੱਖਿਆ ਗਿਆ। ਇਸ ਬਹਿਸ ਵਿੱਚ ਪ੍ਰਧਾਨ ਮੰਤਰੀ ਅਤੇ ਹੋਰ ਬੀਜੇਪੀ ਮੈਂਬਰਾਂ ਵੱਲੋਂ ਫਿਰ ਇਹ ਬੇਸਿਰਪੈਰ ਦੀ ਧਾਰਨਾ ਪੇਸ਼ ਕੀਤੀ ਗਈ ਕਿ ਇਸ ਗੀਤ ਵਿਚੋਂ ਮਗਰਲੇ ਪਹਿਰੇ ਕੱਟਣ ਕਾਰਣ ਹੀ ਪਾਕਿਸਤਾਨ ਬਣਿਆ ਜੋ ਬਿਲਕੁਲ ਹਾਸੋਹੀਣਾ ਦੋਸ਼ ਹੈ। ਦੇਸ਼ ਦੀ ਵੰਡ ਕਿਸੇ ਗੀਤ ਦੇ ਪਹਿਰੇ ਕੱਟਣ ਕਰਕੇ ਨਹੀਂ ਬਲਕਿ ਫਿਰਕੂ ਸਿਆਸਤਦਾਨਾਂ ਵੱਲੋਂ ਧਾਰਮਿਕ ਕੱਟੜਤਾ ਦਾ ਜਨੂੰਨ ਭੜਕਾਉਣ ਕਾਰਣ ਹੋਈ। ਅਸਲ ਵਿੱਚ ਇਸ ਮੁੱਦੇ ਨੂੰ ਇਸ ਸਮੇਂ ਉਭਾਰਨ ਦੇ ਪਿੱਛੇ ਪੱਛਮੀ ਬੰਗਾਲ ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾਂ ਹਨ। ਬੰਗਾਲ ਉਨ੍ਹਾਂ ਕੁਝ ਸੂਬਿਆਂ ਵਿਚੋਂ ਇੱਕ ਹੈ ਜਿੱਥੇ ਬੀਜੇਪੀ ਦੀ ਫਿਰਕੂ ਰਾਜਨੀਤੀ ਦਾ ਪ੍ਰਭਾਵ ਭਾਰੂ ਨਹੀਂ ਪੈ ਰਿਹਾ। ਸੋ ਅਸਲ ਵਿੱਚ ਇੱਕ ਬੰਗਾਲੀ ਲੇਖਕ ਦੁਆਰਾ ਬੰਗਲਾ ਭਾਸ਼ਾ ਵਿੱਚ ਲਿਖੇ ਇਸ ਗੀਤ ਨੂੰ ਉਭਾਰ ਕੇ ਬੰਗਾਲ ਦੇ ਲੋਕਾਂ ਦੀਆਂ ਵੋਟਾਂ ਹਥਿਆਉਣ ਦੀ ਇੱਕ ਚਾਲ ਹੈ। ਹਿੰਦੂਤਵੀ ਸਿਆਸਤ ਦੀਆਂ ਅਜਿਹੀਆਂ ਚਾਲਾਂ ਨੂੰ ਸਮਝਣ ਅਤੇ ਪਛਾੜਣ ਦੀ ਲੋੜ ਹੈ।

***

# ਵੱਖ ਵੱਖ ਦੇਸ਼ਾਂ ਵਿੱਚ ਨਾਸਤਿਕਤਾ ਦੀ ਸਥਿਤੀ

## *ਦੁਨੀਆ ਵਿੱਚ ਗੈਰ-ਧਾਰਮਿਕ ਲੋਕਾਂ ਦੀ ਗਿਣਤੀ ਵਿੱਚ ਵੱਡਾ ਵਾਧਾ*

**-ਰਾਜਪਾਲ ਸਿੰਘ**

ਅੱਜ ਜਦ ਲਗਦਾ ਹੈ ਕਿ ਸੰਸਾਰ ਵਿੱਚ ਰੂੜ੍ਹੀਵਾਦੀ ਵਿਚਾਰਾਂ ਅਤੇ ਧਾਰਮਿਕ ਭਾਵਨਾ ਮੁੜ ਵਧ ਰਹੀ ਹੈ ਤਾਂ 3 ਜਨਵਰੀ 2025 ਨੂੰ 'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਵਿੱਚ ਛਪੀ ਰਿਪੋਰਟ ਇਸਦੇ ਬਿਲਕੁਲ ਉਲਟ ਤੱਥ ਪੇਸ਼ ਕਰਦੀ ਹੈ। ਰਿਪੋਰਟ ਦੇ ਸ਼ੁਰੂ ਵਿੱਚ ਲਿਖਿਆ ਗਿਆ ਹੈ -

*ਹੁਣ ਜਦ ਸੰਸਾਰ ਇੱਕ ਹੋਣ ਜਾ ਰਿਹਾ ਹੈ ਤਾਂ ਦੁਨੀਆ ਦੇ ਬਹੁਤੇ ਦੇਸ਼ਾਂ ਵਿੱਚ ਸੈਕੂਲਰਿਜ਼ਮ ਅਤੇ ਨਾਸਤਿਕਤਾ ਵਿਚਾਰਾਂ ਪੱਖੋਂ ਹੁੰਝਾ ਫੇਰ ਰਹੇ ਹਨ। ਕਿਸੇ ਦੇਵੀ-ਦੇਵਤੇ ਜਾਂ ਰੱਬ ਵਿੱਚ ਵਿਸ਼ਵਾਸ ਨਾ ਹੋਣ ਦਾ ਰੁਝਾਨ ਜੋਰ ਫੜ੍ਹ ਰਿਹਾ ਹੈ ਖਾਸ ਕਰ ਉਨ੍ਹਾਂ ਦੇਸ਼ਾਂ ਵਿੱਚ ਜਿੱਥੇ ਰਵਾਇਤੀ ਧਾਰਮਿਕ ਬੰਧਨ ਢਿੱਲੇ ਪੈ ਰਹੇ ਹਨ। ਨਾਸਤਿਕਤਾ ਦਾ ਵਾਧਾ ਅਕਸਰ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਫੈਕਟਰਾਂ ਜਿਵੇਂ ਕਿ ਸਿੱਖਿਆ ਦਾ ਉੱਚਾ ਮਿਆਰ, ਜਾਣਕਾਰੀ ਤੱਕ ਵਧ ਰਹੀ ਪਹੁੰਚ, ਆਜਾਦ-ਖਿਆਲੀ ਕਦਰਾਂ-ਕੀਮਤਾਂ ਵੱਲ ਝੁਕਾਅ ਨਾਲ ਜੁੜਿਆ ਹੁੰਦਾ ਹੈ। ਕੁਝ ਦੇਸ਼ਾਂ ਵਿੱਚ ਨਾਸਤਿਕਤਾ ਮੁੱਖ ਧਾਰਾ ਬਣ ਗਈ ਹੈ ਜਿੱਥੇ ਆਬਾਦੀ ਦਾ ਵੱਡਾ ਹਿੱਸਾ ਆਪਣੇ ਆਪ ਨੂੰ ਗੈਰ-ਧਾਰਮਿਕ ਹੋਣ ਵਜੋਂ ਪੇਸ਼ ਕਰਦੀ ਹੈ।*

ਇਸ ਰਿਪੋਰਟ ਅਨੁਸਾਰ ਉਹ 10 ਦੇਸ਼ ਜਿੱਥੇ ਧਰਮਾਂ ਤੋਂ ਰਹਿਤ ਲੋਕਾਂ ਦੀ ਸਭ ਤੋਂ ਵੱਧ ਆਬਾਦੀ ਹੈ, ਹੇਠ ਲਿਖੇ ਅਨੁਸਾਰ ਹਨ-

ਚੀਨ-91%, ਜਾਪਾਨ- 86%, ਸਵੀਡਨ- 78%, ਚੈੱਕ ਗਣਰਾਜ- 75%, ਯੂ.ਕੇ.- 72%, ਬੈਲਜੀਅਮ- 72%, ਐਸਟੋਨੀਆ- 72%, ਆਸਟਰੇਲੀਆ-70%, ਨਾਰਵੇ-70%, ਡੈਨਮਾਰਕ- 68%

ਉਪਰੋਕਤ ਰਿਪੋਰਟ ਨੂੰ ਦੁਨੀਆਂ ਦੀਆਂ ਹੋਰ ਨਾਮਵਰ ਸੰਸਥਾਵਾਂ ਵੱਲੋਂ ਇਸ ਵਿਸ਼ੇ ਬਾਰੇ ਕੀਤੇ ਸਰਵੇਖਣਾਂ ਨਾਲ ਮੇਲ ਕੇ ਵੇਖਿਆ ਗਿਆ ਤਾਂ ਉਹ ਸਰਵੇਖਣ ਵੀ ਉਪਰੋਕਤ ਰੁਝਾਨ ਦੀ ਪੁਸ਼ਟੀ ਕਰਦੇ ਹਨ ਪਰ ਅੰਕੜਿਆਂ ਵਿੱਚ ਕੁਝ ਫਰਕ ਹਨ। ਜਿਵੇਂ WIN/Gallup International ਅਦਾਰੇ ਦੇ ਸਰਵੇਖਣ ਮੁਤਾਬਿਕ 2012 ਵਿੱਚ ਦੁਨੀਆਂ ਦੇ 13% ਲੋਕ ਨਾਸਤਿਕ ਸਨ; ਜਦ ਕਿ Pew Research Center ਮੁਤਾਬਿਕ 2010 ਵਿੱਚ ਦੁਨੀਆਂ ਦੀ 6 ਅਰਬ 90 ਕਰੋੜ ਆਬਾਦੀ ਵਿਚੋਂ 1 ਅਰਬ 10 ਕਰੋੜ ਲੋਕ ਨਾਸਤਿਕ ਸਨ, ਜੋ ਕਿ ਅਬਾਦੀ ਦਾ 16% ਬਣਦੇ ਹਨ। ਇੱਕ ਪ੍ਰਸਿੱਧ ਸਮਾਜ ਵਿਗਿਆਨੀ ਫਿਲ ਜ਼ੁਕਰਮੈਨ ਰੱਬ ਵਿੱਚ ਵਿਸ਼ਵਾਸ ਨਾ ਰੱਖਣ ਵਾਲਿਆਂ ਦੀ ਗਿਣਤੀ 75 ਕਰੋੜ ਦਿੰਦਾ ਹੈ। ਉਸ ਮੁਤਾਬਿਕ ਗੈਰ-ਧਰਮੀ ਲੋਕਾਂ ਦੀ ਸਭ ਤੋਂ ਵੱਧ ਆਬਾਦੀ ਵਾਲੇ 5 ਦੇਸ਼ ਸਵੀਡਨ, ਵੀਅਤਨਾਮ, ਡੈਨਮਾਰਕ, ਨਾਰਵੇ, ਜਾਪਾਨ ਹਨ।

**ਇਹ ਫਰਕ ਕਿਉਂ ਹਨ ?**

ਇਹ ਬਹੁਤ ਹੱਦ ਤੱਕ ਸਰਵੇ ਦੌਰਾਨ ਕੀਤੇ ਸਵਾਲ ਦੀ ਬਣਤਰ 'ਤੇ ਨਿਰਭਰ ਕਰਦਾ ਹੈ ਜਿਵੇਂ WIN/Gallup International ਦੇ ਸਰਵੇਖਣ ਪ੍ਰਫਾਰਮੇ ਵਿੱਚ ਸਵਾਲ ਨੂੰ ਤਿੰਨ ਵਰਗਾਂ ਵਿੱਚ ਵੰਡ ਕੇ ਪੁੱਛਿਆ ਗਿਆ -

(1) ਕੀ ਤੁਸੀਂ ਧਾਰਮਿਕ ਵਿਅਕਤੀ ਹੋ?

(2) ਕੀ ਤੁਸੀਂ ਧਾਰਮਿਕ ਵਿਅਕਤੀ ਨਹੀਂ ਹੋ?

(3) ਕੀ ਤੁਸੀਂ ਪੱਕੇ ਨਾਸਤਿਕ ਹੋ?

ਇਸ ਸਰਵੇਖਣ ਵਿੱਚ ਧਾਰਮਿਕ ਵਿਅਕਤੀ ਨਾ ਹੋਣ ਅਤੇ ਪੱਕੇ ਨਾਸਤਿਕ ਦਾ ਜੋ ਫਰਕ ਕੀਤਾ ਗਿਆ ਉਸ ਅਨੁਸਾਰ ਗੈਰ-ਧਾਰਮਿਕ ਵਿਅਕਤੀ ਉਹ ਹੈ, ਜੋ ਰੱਬ ਦੀ ਹੋਂਦ ਜਾਂ ਅਣਹੋਂਦ ਵਰਗੇ ਸਵਾਲਾਂ ਨਾਲ ਖੌਜਲਦਾ ਨਹੀਂ, ਬੱਸ ਉਸ ਨੂੰ ਧਾਰਮਿਕ ਕ੍ਰਿਆਵਾਂ ਫਜ਼ੂਲ ਲਗਦੀਆਂ ਹਨ। ਧਾਰਮਿਕ ਵਿਸ਼ਵਾਸ ਉਸਦੀ ਸੋਚ ਨੂੰ ਪ੍ਰਭਾਵਿਤ ਨਹੀਂ ਕਰਦੇ, ਯਾਨੀ ਆਪਣੇ ਅਮਲੀ ਜੀਵਨ ਵਿੱਚ ਉਹ ਧਰਮ ਨਾਲੋਂ ਵਿੱਥ ਰੱਖ ਕੇ ਚਲਦਾ ਹੈ, ਧਰਮ ਦੀ ਉਸਦੇ ਜੀਵਨ ਵਿੱਚ ਕੋਈ ਦਖ਼ਲਅੰਦਾਜੀ ਨਹੀਂ ਹੁੰਦੀ। ਜਦ ਕਿ ਪੱਕਾ ਨਾਸਤਿਕ ਉਹ ਹੈ ਜੋ ਫਲਸਫ਼ੇ ਦੀ ਪੱਧਰ 'ਤੇ ਇਹ ਸਮਝ ਲੈਂਦਾ ਹੈ ਕਿ ਇਸ ਸੰਸਾਰ ਨੂੰ ਬਨਾਉਣ ਅਤੇ ਚਲਾਉਣ ਵਾਲੀ ਕੋਈ ਦੈਵੀ ਸ਼ਕਤੀ ਭਾਵ ਰੱਬ ਦੀ ਹੋਂਦ ਨਹੀਂ ਹੈ। ਉਦਾਹਰਣ ਵਜੋਂ ਗੈਲਪ ਦੇ ਸਰਵੇ ਮੁਤਾਬਿਕ ਆਸਟਰੇਲੀਆ ਵਿੱਚ 67% ਲੋਕ ਗੈਰ-ਧਾਰਮਿਕ ਹਨ ਜਦ ਕਿ ਫਿਲ ਜ਼ੁਕਰਮੈਨ ਵੱਲੋਂ ਨਾਸਤਿਕ ਹੋਣ ਜਾਂ ਨਾ ਹੋਣ ਬਾਰੇ ਪੁੱਛੇ ਸਪਸ਼ਟ ਸਵਾਲ ਮੁਤਾਬਿਕ ਉਥੇ 25% ਲੋਕ ਨਾਸਤਿਕ ਹਨ। ਸੋ ਅਗਲੇ ਹਿੱਸੇ ਵਿੱਚ ਵੱਖ ਵੱਖ ਦੇਸ਼ਾਂ ਵਿੱਚ ਗੈਰ-ਧਾਰਮਿਕਤਾ ਅਤੇ ਨਾਸਤਿਕਤਾ ਬਾਰੇ ਸਥਿਤੀ ਨੂੰ ਵੱਖ ਵੱਖ ਕਰਕੇ ਦੱਸਿਆ ਗਿਆ ਹੈ।

| ਦੇਸ਼ | ਗੈਰ-ਧਾਰਮਿਕ ਲੋਕ | ਪੱਕੇ ਨਾਸਤਿਕ |
|---|---|---|
| ਬੈਲਜੀਅਮ | 64% | 42% |
| ਚੀਨ | 90% | 84% |
| ਚੈੱਕ ਗਣਰਾਜ | 75% | 57% |
| ਐਸਟੋਨੀਆ | 60% | 49% |
| ਡੈਨਮਾਰਕ | 61% | 60% |
| ਫਿਨਲੈਂਡ | 55% | 35% |
| ਫਰਾਂਸ | 50% | 50% |
| ਜਰਮਨੀ | 60% | 45% |
| ਜਾਪਾਨ | 62% | 62% |
| ਹਾਲੈਂਡ | 66% | 42% |
| ਨਾਰਵੇ | 62% | 51% |
| ਰੂਸ | 30% | 30% |
| ਦੱਖਣੀ ਕੋਰੀਆ | 60% | 41% |
| ਸਵੀਡਨ | 73% | 65% |
| ਯੂਕਰੇਨ | 42% | 20% |
| ਵੀਅਤਨਾਮ | 63% | 63% |
| ਯੂ.ਕੇ. | 69% | 37% |
| ਯੂ.ਐੱਸ.ਏ. | 39% | 20% |

WIN/Gallup International ਇਹ ਦੋ ਸੰਸਥਾਵਾਂ ਸਾਂਝੇ ਤੌਰ 'ਤੇ ਸਾਰੀ ਦੁਨੀਆ ਵਿਚੋਂ ਅੰਕੜੇ ਇਕੱਠੇ ਅਤੇ ਵਿਸ਼ਲੇਸ਼ਣ ਕਰਨ ਦਾ ਕੰਮ ਕਰਦੀਆਂ ਹਨ। ਇਨ੍ਹਾਂ ਤੋਂ ਡੈਟਾ ਲੈ ਕੇ ਸਰਕਾਰਾਂ ਅਤੇ ਵੱਡੀਆਂ ਕੰਪਨੀਆਂ ਆਪਣੀਆਂ ਨੀਤੀਆਂ ਘੜਦੀਆਂ ਹਨ ਅਤੇ ਮੀਡੀਆ ਆਪਣੀਆਂ ਰਿਪੋਰਟਾਂ ਤਿਆਰ ਕਰਨ ਵਿੱਚ ਵਰਤਦਾ ਹੈ। WIN ਦਾ ਪੂਰਾ ਨਾਮ Worldwide Independent Network ਹੈ ਜੋ 2007 ਵਿੱਚ ਬਣਾਇਆ ਗਿਆ ਜਦ ਕਿ Gallup International 1947 ਵਿੱਚ ਇੰਗਲੈਂਡ ਦੇ ਡਾ. ਜੌਰਜ ਗੈਲਪ ਵੱਲੋਂ ਸਥਾਪਿਤ ਕੀਤਾ ਗਿਆ ਪੁਰਾਣਾ ਅਦਾਰਾ ਹੈ। 2010 ਵਿੱਚ ਇਹ ਸਾਂਝੇ ਤੌਰ 'ਤੇ ਕੰਮ ਕਰਨ ਲੱਗੇ ਅਤੇ ਇਨ੍ਹਾਂ ਦਾ ਸਾਂਝਾ ਦਫ਼ਤਰ ਸਵਿਜ਼ਰਲੈਂਡ ਵਿੱਚ ਹੈ।
ਇਸੇ ਤਰ੍ਹਾਂ Pew Research Center ਵੀ ਸਰਵੇ ਕਰਨ ਵਾਲਾ ਪ੍ਰਸਿੱਧ ਅਦਾਰਾ ਹੈ ਜੋ ਸਮਾਜ ਵਿਗਿਆਨਾਂ ਨਾਲ ਸਬੰਧਿਤ ਵੱਖ ਵੱਖ ਮੁੱਦਿਆਂ ਬਾਰੇ ਅੰਕੜੇ ਇਕੱਠੇ ਅਤੇ ਵਿਸ਼ਲੇਸ਼ਣ ਕਰਦਾ ਹੈ। ਇਹ ਅਮਰੀਕਾ ਵਿੱਚ ਸਥਿਤ ਹੈ।

ਉਪਰੋਕਤ ਸਾਰਨੀ ਵਿੱਚ ਗੈਰ-ਧਾਰਮਿਕ ਲੋਕਾਂ ਦੇ ਅੰਕੜੇ WIN/Gallup International ਅਦਾਰੇ ਦੇ ਸਰਵੇ ਅਨੁਸਾਰ ਹਨ ਜਦ ਕਿ ਪੱਕੇ ਨਾਸਤਿਕਾਂ ਦੀ ਗਿਣਤੀ ਸਮਾਜ ਵਿਗਿਆਨੀ ਫਿਲ ਜ਼ੁਕਰਮੈਨ ਦੇ ਸਰਵੇ 'ਤੇ ਆਧਾਰਿਤ ਹੈ।

ਪੀਊ (Pew) ਖੋਜ ਅਦਾਰੇ ਨੇ 2012 ਵਿੱਚ ਅਮਰੀਕਾ ਦੇ ਗੈਰ-ਧਾਰਮਿਕ ਲੋਕਾਂ ਦਾ ਉਮਰ ਅਨੁਸਾਰ ਸਰਵੇ ਕੀਤਾ। ਉਸਦੀ ਰਿਪੋਰਟ ਅਨੁਸਾਰ 30 ਸਾਲ ਤੋਂ ਘੱਟ ਉਮਰ ਦੇ 32% ਲੋਕ ਗੈਰ-ਧਾਰਮਿਕ ਹਨ ਜਦ ਕਿ 30-49 ਉਮਰ ਗੁੱਟ ਦੇ 21%, 50-64 ਸਾਲ ਉਮਰ ਗੁੱਟ ਦੇ 15% ਅਤੇ 65 ਸਾਲ ਤੋਂ ਵੱਧ ਉਮਰ ਵਾਲੇ 9% ਲੋਕ ਧਰਮ-ਰਹਿਤ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਨਵੀਂ ਪੀੜ੍ਹੀ ਵਿੱਚ ਧਾਰਮਿਕਤਾ ਦਾ ਰੁਝਾਨ ਘਟ ਰਿਹਾ ਹੈ।

ਉਪਰੋਕਤ ਸਾਰਨੀ ਵਿਚੋਂ ਸਾਫ ਦੇਖਿਆ ਜਾ ਸਕਦਾ ਹੈ ਕਿ ਜਿਨ੍ਹਾਂ ਦੇਸ਼ਾਂ ਵਿੱਚ ਜੀਵਨ ਹਾਲਤਾਂ ਮੁਕਾਬਲਤਨ ਵਧੀਆ ਹੋ ਗਈਆਂ ਹਨ ਉਥੇ ਲੋਕਾਂ ਨੂੰ ਧਰਮ ਦਾ ਆਸਰਾ ਲੈਣ ਦੀ ਲੋੜ ਨਹੀਂ ਰਹੀ। ਯੌਰਪ ਦੇ ਬਹੁਤੇ ਦੇਸ਼ਾਂ ਵਿੱਚ ਗੈਰ-ਧਾਰਮਿਕ ਲੋਕ ਬਹੁ-ਗਿਣਤੀ ਵਿੱਚ ਆ ਰਹੇ ਹਨ। ਸਵੀਡਨ, ਡੈਨਮਾਰਕ, ਨਾਰਵੇ, ਚੈੱਕ ਗਣਰਾਜ, ਫਰਾਂਸ ਅਤੇ ਜਾਪਾਨ ਆਦਿ ਦੇਸ਼ਾਂ ਵਿੱਚ ਤਾਂ ਨਾਸਤਿਕ ਲੋਕ ਵੀ ਬਹੁ-ਗਿਣਤੀ ਵਿੱਚ ਹਨ। ਇਸਦਾ ਕਾਰਣ ਉਥੇ ਸਿੱਖਿਆ ਦਾ ਉੱਚਾ ਪੱਧਰ, ਵਧੀਆ ਸਿਹਤ ਸਹੂਲਤਾਂ, ਸਮਾਜਿਕ ਸੁਰੱਖਿਆ ਅਤੇ ਚੰਗੇਰਾ ਜੀਵਨ ਪੱਧਰ ਹੈ। ਇਸ ਤੋਂ ਇਲਾਵਾ ਯੌਰਪ ਵਿੱਚ ਸਤਾਰਵੀਂ ਤੋਂ ਉਨੀਵੀਂ ਸਦੀ ਦੌਰਾਨ ਪੁਨਰ-ਜਾਗਰਣ ਅਤੇ ਪ੍ਰਬੋਧਨ ਕਾਲ (Enlightenment) ਦੌਰਾਨ ਜੋ ਵਿਗਿਆਨਕ ਸੋਚ ਦਾ ਫੈਲਾਅ ਹੋਇਆ, ਉਸ ਨੇ ਲੋਕਾਂ ਦੇ ਮਨਾਂ ਵਿਚੋਂ ਧਰਮ ਅਤੇ ਦੈਵੀ ਸ਼ਕਤੀਆਂ ਬਾਰੇ ਫੈਲੀ ਹੋਈ ਧੁੰਦ ਨੂੰ ਸਾਫ ਕਰਨ ਵਿੱਚ ਵੱਡਾ ਰੋਲ ਕੀਤਾ।

ਏਸ਼ੀਆਈ ਦੇਸ਼ਾਂ ਚੀਨ, ਵੀਅਤਨਾਮ, ਕੋਰੀਆ ਵਿੱਚ ਰੱਬ ਅਤੇ ਧਰਮ ਤੋਂ ਰਹਿਤ ਲੋਕਾਂ ਦੇ ਬਹੁਤ ਵੱਡੀ ਗਿਣਤੀ ਵਿੱਚ ਹੋਣ ਦਾ ਕਾਰਣ ਉਥੇ ਕਮਿਊਨਿਸਟ ਪ੍ਰਬੰਧ ਅਧੀਨ ਸਮਾਜਿਕ ਸੁਰੱਖਿਆ ਮਿਲਣ ਅਤੇ ਵਿਚਾਰਧਾਰਕ ਸਿਖਲਾਈ ਤੋਂ ਇਲਾਵਾ ਉਥੇ ਪ੍ਰੰਪਰਾ ਵਿੱਚ ਵੀ ਰੱਬ ਦੇ ਸੰਕਲਪ ਦੀ

ਪ੍ਰਭੁਤਾ ਨਾ ਹੋਣੀ ਹੈ। ਇਨ੍ਹਾਂ ਦੇਸ਼ਾਂ ਵਿੱਚ ਧਰਮ ਦੀ ਬਜਾਏ ਕੁਝ ਨੈਤਿਕ ਪ੍ਰੰਪਰਾਵਾਂ ਸਨ। ਇਨ੍ਹਾਂ ਦੇਸ਼ਾਂ ਨੇ ਜੇ ਬੁੱਧ ਧਰਮ ਨੂੰ ਅਪਣਾਇਆ ਤਾਂ ਉਹ ਵੀ ਇਸ ਕਰਕੇ ਉਸ ਵਿੱਚ ਕਿਸੇ ਰੱਬ ਦਾ ਜ਼ਿਕਰ ਨਹੀਂ ਸੀ, ਜੀਵਨ ਜਿਉਣ ਦਾ ਇੱਕ ਮਾਰਗ ਸੀ। ਚੀਨ ਵਿੱਚ ਕਨਫਿਊਸ਼ੀਅਸ ਅਤੇ ਸ਼ਿੰਤੋਵਾਦ ਦੇ ਪੈਰੋਕਾਰ ਵੀ ਰੱਬ ਨੂੰ ਪਾਉਣ ਬਜਾਏ ਸਮਾਜਿਕ ਤੌਰ 'ਤੇ ਚੰਗਾ ਜੀਵਨ ਜਿਉਣ ਦਾ ਪ੍ਰਚਾਰ ਕਰਦੇ ਸਨ। ਸੋ ਜਦ ਇਨ੍ਹਾਂ ਦੇਸ਼ਾਂ ਵਿੱਚ ਕਮਿਊਨਿਸਟਾਂ ਨੇ ਵਿਗਿਆਨਕ ਅਤੇ ਪਦਾਰਥਵਾਦੀ ਨਜ਼ਰੀਆ ਪੇਸ਼ ਕੀਤਾ ਤਾਂ ਲੋਕਾਂ ਨੇ ਉਸਨੂੰ ਆਸਾਨੀ ਨਾਲ ਸਮਝ ਕੇ ਅਪਣਾਅ ਲਿਆ। ਇਸ ਕਰਕੇ ਇਹ ਦੇਸ਼ ਜਲਦੀ ਹੀ ਰੱਬ ਅਤੇ ਧਰਮ ਤੋਂ ਰਹਿਤ ਹੋ ਗਏ।

ਉਪਰੋਕਤ ਦੇਸ਼ਾਂ ਦੀ ਤੁਲਨਾ ਵਿੱਚ ਜੇ ਭਾਰਤ ਦੀ ਗੱਲ ਕੀਤੀ ਜਾਵੇ ਤਾਂ ਇਥੇ ਧਰਮ ਦੀ ਜਕੜ ਕਾਫੀ ਹੈ। ਫਿਰ ਵੀ ਗੈਰ-ਧਾਰਮਿਕ ਲੋਕਾਂ ਦੀ ਗਿਣਤੀ ਵਿੱਚ ਵਾਧਾ ਨੋਟ ਕੀਤਾ ਜਾ ਰਿਹਾ ਹੈ। 2011 ਦੀ ਮਰਦਮਸ਼ੁਮਾਰੀ/ਜਨਗਣਨਾ ਵਿੱਚ 29 ਲੱਖ ਲੋਕਾਂ ਨੇ ਲਿਖਵਾਇਆ ਕਿ ਉਨ੍ਹਾਂ ਦਾ ਕੋਈ ਧਰਮ ਨਹੀਂ ਹੈ ਜਦ ਕਿ 2001 ਵਿੱਚ ਇਹ ਗਿਣਤੀ ਕੇਵਲ 7 ਲੱਖ ਸੀ। ਉਂਝ 2012 ਵਿੱਚ ਪ੍ਰਾਈਵੇਟ ਸਰਵੇ ਕਰਨ ਵਾਲੇ ਅਦਾਰਿਆਂ **WIN/Gallup ਨੇ ਭਾਰਤ ਬਾਰੇ ਜੋ ਅੰਕੜੇ ਇਕੱਠੇ ਕੀਤੇ ਉਨ੍ਹਾਂ ਮੁਤਾਬਿਕ 13% ਲੋਕ ਗੈਰ-ਧਾਰਮਿਕ ਅਤੇ 3% ਪੱਕੇ ਨਾਸਤਿਕ ਹਨ। ਜਦ ਕਿ ਅਸਲ ਗਿਣਤੀ ਇਸ ਤੋਂ ਕਾਫੀ ਵੱਧ ਹੋਵੇਗੀ ਕਿਉਂਕਿ ਇਥੇ ਧਰਮ ਲਿਖਵਾਉਣ ਲਈ ਸਮਾਜਿਕ ਦਬਾਅ ਕਾਫੀ ਹੈ। ਆਉਣ ਵਾਲੀ ਜਨਗਣਨਾ ਵਿੱਚ ਦੇਸ਼ ਦੀਆਂ ਸਾਰੀਆਂ ਤਰਕਸ਼ੀਲ ਜਥੇਬੰਦੀਆਂ ਨੂੰ ਇਸ ਬਾਰੇ ਸਾਂਝੀਆਂ ਕੋਸ਼ਿਸ਼ਾਂ ਕਰਨ ਦੀ ਲੋੜ ਹੈ ਕਿ ਚੇਤੰਨ ਲੋਕ ਸਮਾਜਿਕ ਦਬਾਵਾਂ ਤੋਂ ਮੁਕਤ ਹੋ ਕੇ ਧਰਮ ਵਾਲੇ ਖਾਨੇ ਵਿੱਚ 'ਕੋਈ ਧਰਮ ਨਹੀਂ ' ਲਿਖਵਾਉਣ।**

ਕਿਤੇ ਰੱਬ ਨੂੰ ਧਰ ਕੇ ਭੁੱਲ ਗਿਆ ਹਾਂ।
ਜਨਮ ਬੀਤ ਗਿਆ ਹੈ
ਉਹਨੂੰ ਭਾਲਦਿਆਂ...

ਉਂ ਸ਼ੁਕਰ ਹੈ
ਉਹਦੇ ਬਿਨਾ ਵੀ
ਸਰੀ ਜਾਂਦਾ ਹੈ।

ਐਨਕ ਗੁਆਚ ਜਾਵੇ ਤਾਂ
ਭਾਅ ਦੀ ਬਣ ਜਾਂਦੀ ਹੈ...

-ਨਵਤੇਜ ਭਾਰਤੀ

## ਛਿਮਾਹੀ ਇਕੱਤਰਤਾ ਅਤੇ ਮਾਨਸਿਕ ਰੋਗਾਂ 'ਤੇ ਸੈਮੀਨਾਰ

ਤਰਕਸ਼ੀਲ ਸੁਸਾਇਟੀ ਦੇ ਜ਼ੋਨ ਮਾਨਸਾ ਵੱਲੋਂ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬਰੇਰੀ ਭੀਖੀ ਵਿਖੇ ਛਿਮਾਹੀ ਇਕੱਤਰਤਾ ਅਤੇ ਮਾਨਸਿਕ ਰੋਗਾਂ 'ਤੇ ਸੈਮੀਨਾਰ ਕਰਵਾਇਆ ਗਿਆ। ਇਸਦੇ ਪ੍ਰਧਾਨਗੀ ਮੰਡਲ ਵਿੱਚ ਸੂਬਾ ਆਗੂ ਰਾਜੇਸ਼ ਅਕਲੀਆ, ਬਲਬੀਰ ਲੌਂਗੋਵਾਲ, ਜੁਝਾਰ ਲੌਂਗੋਵਾਲ, ਜੋਨ ਆਗੂ ਜਸਬੀਰ ਸੋਨੀ ਤੇ ਹਰਮੇਸ਼ ਭੋਲਾ ਮੱਤੀ ਸ਼ਾਮਲ ਹੋਏ।

ਸੂਬਾ ਆਗੂ ਜੁਝਾਰ ਲੌਂਗੋਵਾਲ ਨੇ ਕਿਹਾ ਜਦੋਂ ਤੋਂ ਮਨੁੱਖ ਦੇ ਦਿਮਾਗ ਤੇ ਸੋਚਣ ਸ਼ਕਤੀ ਨੇ ਵਿਕਾਸ ਕੀਤਾ ਹੈ ਉਸਦੇ ਨਾਲ ਹੀ ਮਨੁੱਖ ਦੀਆਂ ਮਾਨਸਿਕ ਬਿਮਾਰੀਆਂ ਨੇ ਵੀ ਜਨਮ ਲਿਆ। ਇਹ ਮਾਨਸਿਕ ਰੋਗ ਇਹ ਸਾਡੇ ਸਮਾਜ ਦੇ ਤਾਣੇ-ਬਾਣੇ ਦੀਆਂ ਕਦਰਾਂ ਕੀਮਤਾਂ ਵਿਚੋਂ ਪੈਦਾ ਹੁੰਦੇ ਹਨ। ਇਨ੍ਹਾਂ ਰੋਗਾਂ ਨੂੰ ਮਨਫੀ ਕਰਨ ਲਈ ਇੱਕ ਨਰੋਏ ਸਮਾਜ ਦੀ ਜਰੂਰਤ ਹੈ। ਉਨ੍ਹਾਂ ਕਿਹਾ ਹਕੂਮਤ ਅੱਜ ਪੂੰਜੀਪਤੀਆਂ ਦੇ ਹੱਥਾਂ ਦੀ ਕੱਠਪੁਤਲੀ ਬਣਕੇ ਰਹਿ ਗਈ ਅਤੇ ਆਮ ਆਦਮੀ ਨੂੰ ਲੁੱਟਿਆ ਜਾ ਰਿਹਾ ਹੈ ਜਿਸ ਕਰਕੇ ਉਹ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਵਾਂਝਾ ਹੋ ਜਾਂਦਾ ਹੈ ਤੇ ਫਿਰ ਮਾਨਸਿਕ ਪੀੜਾ ਹੰਢਾਉਂਦਾ ਖੁਦਕਸ਼ੀਆਂ ਤੱਕ ਕਰ ਜਾਂਦਾ ਹੈ।

ਬਲਬੀਰ ਲੌਂਗੋਵਾਲ ਨੇ ਕਿਹਾ ਕਿ ਸਾਡੇ ਲੋਕਾਂ ਨਾਲ਼ ਧਰਮ ਦੇ ਨਾਂ, ਨਸਲ ਜਾਂ ਜਾਤੀ ਦੇ ਨਾਂ ਤੇ ਵਿਤਕਰਾ ਕਰਕੇ ਵੰਡੀਆਂ ਪਾਈਆਂ ਜਾਂਦੀਆਂ ਹਨ ਅਤੇ ਨੌਜਵਾਨਾਂ ਨੂੰ ਕੁਰਾਹੇ ਪਾਇਆ ਜਾਂਦਾ ਹੈ। ਜਸਬੀਰ ਸੋਨੀ ਨੇ ਕਿਹਾ ਅੱਜ ਬੱਚਿਆਂ ਵਿੱਚ ਮੋਬਾਇਲ ਕਲਚਰ ਬਹੁਤ ਵਿਕਸਿਤ ਹੋ ਚੁੱਕਿਆ ਹੈ। ਬੱਚੇ ਮਾਨਸਿਕ ਬਿਮਾਰੀਆਂ ਦੀ ਜਕੜ ਵਿੱਚ ਬੱਝ ਚੁੱਕੇ ਹਨ। ਉਨ੍ਹਾਂ ਦੇ ਦਿਮਾਗ ਦੇ ਵਿਕਾਸ ਲਈ ਉਨ੍ਹਾਂ ਨੂੰ ਕਿਤਾਬਾਂ ਨਾਲ਼ ਜੋੜਨਾ ਬਹੁਤ ਜ਼ਰੂਰੀ ਹੈ। ਇਸ ਮੌਕੇ ਸੂਬਾ ਵਿਤ ਮੁਖੀ ਰਾਜੇਸ਼ ਅਕਲੀਆ, ਜ਼ੋਨ ਮੁਖੀ ਅੰਮ੍ਰਿਤ ਰਿਸ਼ੀ, ਮੋਹਨਜੀਤ ਮੋਹਣੀ, ਭੁਪਿੰਦਰ ਫ਼ੌਜੀ, ਨਰਿੰਦਰ ਕੌਰ ਬੁਰਜ ਹਮੀਰਾ, ਮਾ. ਹਰਬੰਸ ਸਿੰਘ ਨੇ ਵੀ ਸੰਬੋਧਨ ਕੀਤਾ। ਮਾ. ਅਮਰੀਕ ਭੀਖੀ ਨੇ ਆਏ ਹੋਏ ਸਰੋਤਿਆਂ ਧੰਨਵਾਦ ਕੀਤਾ। ਇਸ ਮੌਕੇ ਐੱਸ.ਡੀ.ਓ. ਰਾਜਿੰਦਰ ਰੋਹੀ, ਡਾ. ਸੁਖਦਰਸ਼ਨ ਸਿੰਘ ਸੋਨੀ, ਨਵਜੋਤ ਰੋਹੀ, ਹਰਪਾਲ ਸਿੰਘ ਕੱਤਰੀ, ਜੁਗਰਾਜ ਸਿੰਘ ਐਡਵੋਕੇਟ, ਮਹਿਬੂਬ ਅਲੀ, ਹਰਦੀਪ ਸਿੰਘ, ਮਾ. ਜਗਤਾਰ ਸਿੰਘ, ਦਿਨੇਸ਼ ਸੋਨੀ, ਜਸਪਾਲ ਅਤਲਾ, ਵਰਿੰਦਰ ਖੀਵਾ, ਬੂਟਾ ਸਿੰਘ ਬੀਰ, ਗੁਰਦੀਪ ਸਿੰਘ, ਸੰਦੀਪ ਕੁਮਾਰ ਮਹਿਤਾ, ਦਰਸ਼ਨ ਆਜ਼ਾਦ ਕੂਲਰੀਆਂ ਵੀ ਹਾਜ਼ਰ ਸਨ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਣ ਅੰਮ੍ਰਿਤ ਰਿਸ਼ੀ ਨੇ ਬਾਖੂਬੀ ਨਿਭਾਇਆ।

**ਭੁਪਿੰਦਰ ਫ਼ੌਜੀ**

# ਹੈਰਾਨੀ ਦੀ ਗੱਲ

ਸਾਧੂ ਬਿਨਿੰਗ

ਸਵੇਰੇ ਸਵੱਖਤੇ ਤੱਤੇ ਪਾਣੀ ਨਾਲ਼ ਨ੍ਹਾਉਂਦਿਆਂ
ਪਲ ਕੁ ਲਈ ਚੇਤਾ ਕਰ ਉਹ ਕੰਬ ਜਾਂਦਾ ਹੈ
ਕਿੰਨਾ ਸੀਤ ਹੁੰਦਾ ਸੀ ਪਾਣੀ
ਪਿੰਡ ਨਹਾਉਣ ਲੱਗਿਆਂ
ਪਰ ਉਹ ਕਦੇ ਧੰਨਵਾਦ ਨਹੀਂ ਕਰਦਾ
ਪਾਣੀ ਨੂੰ ਠੰਡਾ ਤੱਤਾ ਕਰਨ ਦੀ
ਇਹ ਜਾਦੂ ਵਰਗੀ ਸ਼ਕਤੀ ਦੇਣ ਵਾਲ਼ਿਆਂ ਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਫਰਿੱਜ ਵਿੱਚੋਂ ਚੁੱਕ ਕੇ ਲੋੜੀਂਦੀਆਂ ਵਸਤਾਂ
ਉਹ ਮਨ ਭਾਉਂਦਾ ਨਾਸ਼ਤਾ ਬਣਾਵੇ
ਪੱਲ ਕੁ ਲਈ ਚੇਤਾ ਕਰ ਕੰਬ ਜਾਵੇ
ਕਿੰਨੀ ਔਖੀ ਹੁੰਦੀ ਸੀ ਮਾਂ
ਗਿੱਲੇ ਬਾਲਣ ਨਾਲ਼ ਰੋਟੀਆਂ ਲਾਹੁੰਦੀ
ਪਰ ਉਹ ਕਦੇ ਧੰਨਵਾਦ ਨਹੀਂ ਕਰਦਾ
ਇਹ ਸਭ ਕੁਝ ਬਣਾਉਣ ਵਾਲ਼ਿਆਂ ਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਕੰਮ 'ਤੇ ਜਾਣ ਵੇਲੇ
ਨਵੀਂ ਕਾਰ 'ਚ ਪੰਜਾਬੀ ਰੇਡੀਓ ਸੁਣਦਿਆਂ
ਪੱਲ ਕੁ ਲਈ ਕੰਬ ਜਾਂਦਾ ਹੈ ਚੇਤਾ ਕਰਕੇ
ਗਾਰੇ ਵਿੱਚ ਅੜੇ ਪੁਰਾਣੇ ਸਾਈਕਲ ਦਾ
ਨਾ ਕਾਰ ਲਈ, ਨਾ ਰੇਡੀਓ ਲਈ
ਤੇ ਨਾ ਹੀ ਸਾਫ ਸੁਥਰੀ ਸੜਕ ਲਈ
ਉਹ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਹਰ ਵੇਲੇ ਚਾਅ ਨਾਲ਼ ਵਰਤਦਾ ਹੈ
ਟੀ ਵੀ, ਸੈੱਲ ਫੋਨ, ਲੈਪਟੌਪ
ਕਦੇ ਫੇਸਬੁੱਕ ਕਦੇ ਯੂ-ਟਿਊਬ
ਉਹ ਕਦੇ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਕੁਝ ਵਰ੍ਹੇ ਪਹਿਲਾਂ ਪਏ
ਦਿਲ ਦੇ ਵੱਡੇ ਦੌਰੇ ਬਾਅਦ
ਹੁਣ ਬੜੇ ਚਾਅ ਨਾਲ਼ ਮਨਾਉਂਦਾ ਹੈ
ਆਪਣਾ ਹਰ ਜਨਮ ਦਿਨ
ਤੇ ਚੇਤੇ ਕਰਕੇ ਡਰ ਜਾਂਦਾ ਹੈ ਕਿ
ਪਿੰਡ ਰਹਿ ਗਏ ਉਹਦੀ ਉਮਰ ਦੇ
ਕਈ ਤਾਂ ਚੱਲ ਵੀ ਵਸੇ ਹਨ
ਪਰ ਇਸ ਚਮਤਕਾਰ ਲਈ ਵੀ
ਉਹ ਕਿਸੇ ਦਾ ਧੰਨਵਾਦ ਨਹੀਂ ਕਰਦਾ
ਉਹ ਤਾਂ ਸਾਰਾ ਸਮਾਂ ਜਪਦਾ ਰਹੇ
ਕਿਸੇ ਹੋਰ ਦਾ ਹੀ ਨਾਂਅ

ਉਹਦੀ ਇਹ ਅਜੀਬੋ ਗਰੀਬ ਹਰਕਤ
ਹੈਰਾਨ ਕਰਨ ਵਾਲ਼ੀ ਹੈ
ਪਰ ਇਸ ਤੋਂ ਵੀ ਵੱਧ ਹੈਰਾਨੀ ਵਾਲ਼ੀ ਗੱਲ
ਉਸ ਦੀ ਇਸ ਅਜੀਬ ਹਰਕਤ ਲਈ
ਲੋਕ ਬੜਾ ਮਾਣ ਸਤਿਕਾਰ ਕਰਦੇ ਨੇ ਉਸ ਦਾ

**ਡਾ. ਸਾਧੂ ਬਿਨਿੰਗ ਦੀ ਕਿਤਾਬ 'ਨਾਸਤਿਕ ਹੋਣਾ' ਵਿੱਚੋਂ**

## ਸਹਾਇਤਾ

**ਸੂਬਾ ਦਫਤਰ ਨੂੰ ਸਹਾਇਤਾ**

1. ਇਕਬਾਲ ਕੌਰ ਉਦਾਸੀ ਵੱਲੋਂ ਆਪਣੇ ਪਿਤਾ ਸੰਤ ਰਾਮ ਉਦਾਸੀ ਦੀ ਬਰਸੀ ਮੌਕੇ - 500 ਰੁਪਏ
2. ਕੁਲਵੰਤ ਸਿੰਘ ਬਰਮਿੰਘਮ (U.K.) ਵੱਲੋਂ - 5000 ਰੁਪਏ
2. ਹੈਡਮਾਸਟਰ ਗਿਆਨ ਚੰਦ ਜੀ - 1000 ਰੁਪਏ
3. ਡਾ. ਕੌਰ ਸਿੰਘ ਮਾਨਸਾ ਵੱਲੋਂ ਸ਼੍ਰੀਮਤੀ ਸੁਰਜੀਤ ਕੌਰ ਦੀ ਯਾਦ ਵਿੱਚ - 1500 ਰੁਪਏ

**ਮੈਗਜ਼ੀਨ ਸਹਾਇਤਾ**

1. ਸ਼੍ਰੀ ਜੀਵਨ ਕੁਮਾਰ, ਰਿਟਾਇਰਡ ਹੈਡਮਾਸਟਰ, ਮਾਨਸਾ ਵੱਲੋਂ ਆਪਣੀ ਪਤਨੀ ਕਮਲੇਸ਼ ਰਾਣੀ ਦੇ 62ਵੇਂ ਜਨਮ ਦਿਨ ਦੀ ਖੁਸ਼ੀ ਵਿੱਚ - 1100 ਰੁਪਏ
2. ਸਾਥੀ ਪ੍ਰਗਣ ਸਿੰਘ ਤੋਤਾ ਵਾਸੀ ਰਾਏਪੁਰ ਡੱਬਾ ਦੇ ਸ਼ੋਕ ਸਮਾਗਮ ਸਮੇਂ ਪਰਿਵਾਰ ਵੱਲੋਂ - 1000 ਰੁਪਏ
2. ਸ਼੍ਰੀ ਮੂਲ ਰਾਜ, ਸੀਨੀਅਰ ਮੈਂਬਰ, ਇਕਾਈ ਬਠਿੰਡਾ ਵੱਲੋਂ - 500 ਰੁਪਏ

# ਰੀਐਕਸ਼ਨ ਨਹੀਂ, ਐਕਸ਼ਨ ਦੀ ਲੋੜ

-ਅਵਤਾਰ ਗੋਂਦਾਰਾ

ਬੀਤੇ ਵਰ੍ਹਿਆਂ 'ਚ ਹੋਈਆਂ ਸਿਆਸੀ, ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਦੀ ਰਫ਼ਤਾਰ ਬੜੀ ਤੇਜ ਹੈ, ਪਰ ਦਿਸ਼ਾ ਕੋਈ ਨਹੀਂ। ਚਮਕ ਦਮਕ ਬਹੁਤ ਹੈ, ਪਰ ਸਾਫ ਨਹੀਂ। ਰੁਜ਼ਗਾਰ, ਭ੍ਰਿਸ਼ਟਾਚਾਰ, ਖੇਤੀਬਾੜੀ, ਸਿਹਤ ਅਤੇ ਵਾਤਾਵਰਣ ਦੇ ਮੁੱਦਿਆਂ ਨੂੰ ਲੈ ਕੇ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਪਰ ਮੁੱਦੇ ਉਵੇਂ ਦੇ ਉਵੇਂ ਧੂਣੀ ਵਾਂਗ ਧੁਖਦੇ ਰਹਿੰਦੇ ਹਨ। ਸੱਤਾ ਅਤੇ ਵਿਰੋਧੀ ਪੱਖ ਇਸ ਨੂੰ ਫੂਕਾਂ ਮਾਰ ਮਾਰ ਕੇ ਭਖਾਉਂਦੇ ਰਹਿੰਦੇ ਹਨ, ਇਨ੍ਹਾਂ ਦੇ ਹੱਲ ਦਾ ਦਾਅਵਾ ਕਰਦੇ ਹਨ, ਪਰ ਕੋਈ ਮੂੰਹ ਮੱਥਾ ਨਹੀਂ ਬਣ ਰਿਹਾ। ਇਹ ਹੋਣਾ ਵੀ ਨਹੀਂ ਹੁੰਦਾ।

ਹਰ ਸੱਤਾ ਵੇਲੇ ਦੀਆਂ ਭਾਰੂ ਧਿਰਾਂ ਦੀ ਨੁਮਾਇੰਦਗੀ ਕਰਦਿਆਂ, ਉਸਦੇ ਹਿੱਤਾਂ ਦੀ ਰਾਖੀ ਕਰਦੀ ਹੈ। ਇਹ ਉਸ ਦਾ ਨੇਮ ਹੈ। ਇਸ ਨੂੰ ਹਰਮਨਪਿਆਰਾ ਬਣਾਉਣ ਲਈ ਲੋਕ ਭਲਾਈ ਸਕੀਮਾਂ ਦਾ ਸਹਾਰਾ ਲਿਆ ਜਾਂਦਾ ਹੈ, ਜਿਸ ਨਾਲ ਥੁੜੀ ਹੋਈ ਜਨਤਾ ਪਰਚੀ ਰਹਿੰਦੀ ਹੈ। ਉਹਨਾਂ ਵਿਚ ਇਹ ਭਰਮ ਬਣਿਆ ਰਹਿੰਦਾ ਹੈ ਕਿ ਸਰਕਾਰ ਉਨ੍ਹਾਂ ਦੀ ਆਪਣੀ ਹੈ। ਸਮੇਂ ਸਮੇਂ ਆਪਣੀ ਨਰਾਜ਼ਗੀ ਅਤੇ ਗੁੱਸਾ ਦਿਖਾਉਣ ਲਈ, ਚੋਣਾਂ ਰਾਹੀਂ ਉਹ ਸਰਕਾਰਾਂ ਬਣਾਉਂਦੇ ਅਤੇ ਡੇਗਦੇ ਰਹਿੰਦੇ ਹਨ, ਪਰ ਆਪਣੀਆਂ ਮੁਸ਼ਕਿਲਾਂ ਤੋਂ ਉਹਨਾਂ ਦੀ ਨਿਜ਼ਾਤ ਨਹੀਂ ਹੁੰਦੀ। ਵੇਲੇ ਦੀਆਂ ਮੁਸ਼ਕਲਾਂ ਨਾਲ ਸਿੱਝਣ ਲਈ ਵਿਅਕਤੀਆਂ ਅਤੇ ਜਥੇਬੰਦੀਆਂ ਕੋਲ ਤਿੰਨ ਤਰੀਕੇ ਹੀ ਹੋ ਸਕਦੇ ਹਨ:

1. ਕਾਰਜ (Action)
2. ਪਹਿਲਕਦਮੀ (Pro-action)
3. ਪ੍ਰਤੀਕਰਮ (Reaction)

ਪਿਛਲੇ ਦਹਾਕਿਆਂ ਦੀਆਂ ਸਿਆਸੀ-ਸਮਾਜਿਕ ਸਰਗਰਮੀਆਂ ਦਾ ਜੇ ਲੇਖਾ-ਜੋਖਾ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਕਿ ਤੀਜੇ ਤਰੀਕੇ ਦਾ ਇਸਤੇਮਾਲ ਜਿਆਦਾ ਹੈ। ਰੀਐਕਸ਼ਨ, ਚਾਣਚੱਕ ਅਤੇ ਅਚਿੰਤੇ ਅਮਲ ਨੂੰ ਕਿਹਾ ਜਾ ਸਕਦਾ ਹੈ। ਅਸੀਂ ਆਲੇ ਦੁਆਲੇ ਤੋਂ ਬੇਖ਼ਬਰ ਹਾਂ। ਸਤਹ ਉਪਰ ਹੁੰਦੀ ਹਲਚਲ ਦਸਦੀ ਹੈ ਕਿ ਹੇਠਾਂ ਕੁਝ ਵੱਡਾ ਵਾਪਰਨ ਜਾ ਰਿਹਾ ਰਿਹਾ ਹੈ। ਪਰ ਅਸੀਂ ਉਸ ਵੱਲ ਕੰਨ ਨਹੀਂ ਧਰਦੇ। ਹੜਾਂ ਜਾਂ ਗੜ੍ਹੇਮਾਰ ਨਾਲ ਫਸਲਾਂ ਦੇ ਨੁਕਸਾਨ ਦੀ ਮਿਸਾਲ ਲਈ ਜਾ ਸਕਦੀ ਹੈ। ਇਹ ਅਣਕਿਆਸਿਆ ਵਰਤਾਰਾ ਨਹੀਂ। ਹਰ ਸਾਲ ਜਾਂ ਕੁਝ ਅਰਸੇ ਬਾਅਦ ਵਾਪਰਦਾ ਰਹਿੰਦਾ ਹੈ। ਜਦੋਂ ਆਫ਼ਤ ਆ ਗਈ, ਉਦੋਂ ਮੀਡੀਆ, ਧਾਰਮਿਕ, ਸਰਕਾਰੀ ਅਤੇ ਗੈਰਸਰਕਾਰੀ ਅਦਾਰੇ ਹਰਕਤ ਵਿਚ ਆ ਜਾਂਦੇ ਹਨ ਅਤੇ ਹੜ੍ਹ ਪੀੜ੍ਹਤਾਂ ਦੀ ਮੱਦਦ ਕੀਤੀ ਜਾਂਦੀ ਹੈ। ਕੁਝ ਦਿਨਾਂ ਬਾਅਦ ਪੀੜਤ ਅਤੇ ਮੱਦਦਗਾਰ ਦੋਨੋਂ ਹੀ ਆਫ਼ਤ ਨੂੰ ਵਿਸਰ ਜਾਂਦੇ ਹਨ। ਆਫ਼ਤਾਂ ਵਿੱਚ, ਇੱਕ ਦੂਏ ਦੀ ਮੱਦਦ ਕਰਨਾ ਨੇਕ ਕਾਰਜ ਹੈ। ਪਰ ਸੰਭਾਵੀ ਆਫ਼ਤਾਂ ਜਾਂ ਸਮੱਸਿਆਂਵਾਂ ਤੋਂ ਬੇਖ਼ਬਰੀ, ਬੌਧਿਕ ਅਵੇਸਲੇਪਣ ਅਤੇ ਸਮਾਜਿਕ ਗੈਰਜ਼ਿੰਮੇਵਾਰੀ ਦੀ ਅਲਾਮਤ ਹੈ।

ਇਸ ਦੇ ਉਲਟ ਆਮ ਜ਼ਿੰਦਗੀ ਵਿੱਚ, ਕਾਰਜ (ਐਕਸ਼ਨ) ਅਤੇ ਪਹਿਲਕਦਮੀ (ਪ੍ਰੋਐਕਸ਼ਨ) ਟੁੱਟਵੀਂ ਹੈ, ਬੱਝਵੀਂ ਨਹੀਂ। ਐਕਸ਼ਨ ਵਿਚ ਆਪਹੁਦਰਾਪਣ ਨਹੀਂ ਹੁੰਦਾ। ਆਲੇ ਦੁਆਲੇ ਬਾਰੇ ਬਾਖ਼ਬਰ ਰਹਿਣ ਨਾਲ ਇਸ ਦੀ ਤੋਰ ਅਤੇ ਦਿਸ਼ਾ ਦਾ ਪਤਾ ਲਗਦਾ ਹੈ ਕਿ ਗੱਲ ਕਿਧਰ ਨੂੰ ਜਾ ਰਹੀ ਹੈ। ਇਸ ਦੇ ਹਾਂ-ਪੱਖੀ ਅਤੇ ਨਾਂਹ-ਪੱਖੀ ਪਹਿਲੂਆਂ ਦਾ ਪਤਾ ਲਗਦਾ ਹੈ। ਇਹਨਾਂ ਬਾਰੇ ਆਪਸੀ ਵਿਚਾਰ ਚਰਚਾ ਨਾਲ ਸਮਝ ਬੂਝ ਬਣਦੀ ਹੈ, ਜੋ ਸਮੱਸਿਆਵਾਂ ਦੇ ਹੱਲ ਲਈ ਰਾਹ ਦਰਸਾਵੇ ਦਾ ਕੰਮ ਕਰਦੀ ਹੈ। ਸਜੱਗਤਾ, ਸਮਝ ਅਤੇ ਕਾਰਜ-ਵਿਉਂਤ, ਕਾਰਜ ਦੇ ਤਿੰਨ ਅਨਿੱਖੜਵੇਂ ਅੰਗ ਹਨ। ਇਹਨਾਂ ਤਿੰਨਾਂ ਵਿੱਚੋਂ ਕਿਸੇ ਇੱਕ ਦੀ ਗੈਰਹਾਜ਼ਰੀ ਨਾਲ, ਐਕਸ਼ਨ ਦਾ ਰੀਐਕਸ਼ਨ ਬਦਲ ਜਾਂਦਾ ਹੈ।

ਪ੍ਰਤੀਕਰਮ (Reaction) ਵਜੋਂ ਵਿੱਢੇ ਘੋਲਾਂ ਦੀ ਸੌਖਿਆਂ ਹੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਭਾਂਵੇਂ ਕਿਸਾਨ-ਵਿਰੋਧੀ ਕਾਨੂੰਨ ਪਾਸ ਹੋਏ ਹੋਣ, ਕਿਸੇ ਸਰਕਾਰੀ ਜ਼ਬਰ ਦਾ ਕਾਰਾ ਵਾਪਰੇ ਜਾਂ ਕਿਸੇ ਕਿਸਾਨ ਨੇ ਖੁਦਕਸ਼ੀ ਕੀਤੀ ਹੋਵੇ। ਹਰਕਤ ਵਿਚ ਲਿਆਉਣ ਲਈ ਇਹੀ ਪ੍ਰੇਰਕ ਬਣਦੇ ਹਨ। ਆਮ ਹਾਲਤਾਂ ਵਿੱਚ, ਸਿਆਸੀ-ਸਮਾਜਿਕ ਜਥੇਬੰਦੀਆਂ ਵਿਚਲੀ ਖੜੋਤ ਅਤੇ ਖਿੰਡਾਓ ਬਣਿਆ ਰਹਿੰਦਾ ਹੈ।

ਕਾਰਜ ਇੱਕ ਹਾਂਦਰੂ ਵਰਤਾਰਾ ਹੈ, ਭਾਵ ਕਿਸੇ

ਮਨੋਰਥ ਜਾਂ ਮਿਸ਼ਨ ਦੀ ਪ੍ਰਾਪਤੀ ਲਈ ਕੀਤੀ ਗਈ ਸਰਗਰਮੀ। ਇਸ ਸਰਗਰਮੀ ਨਾਲ ਕੁਝ ਸਿਰਜਿਆ ਜਾਂ ਉਸਾਰਿਆ ਜਾਂਦਾ ਹੈ। ਕੁਝ ਨਵਾਂ ਕੀਤਾ ਜਾਂਦਾ ਹੈ। ਇਸ ਦੇ ਉਲਟ ਪ੍ਰਤੀਕਰਮ, ਪਹਿਲਾਂ ਹੀ ਵਾਪਰ ਚੁਕੇ ਜਾਂ ਬਣ ਗਏ ਦੇ ਵਿਰੋਧ ਵਿੱਚ ਹੁੰਦਾ ਹੈ। ਜਦੋਂ ਅਸੀਂ ਪ੍ਰਤੀਕ੍ਰਿਆ ਕਰਦੇ ਹਾਂ ਤਾਂ ਪਹਿਲ ਕਦਮੀ ਵਿਰੋਧੀ ਕੋਲ ਹੁੰਦੀ ਹੈ, ਸਾਡੇ ਕੋਲ ਨਹੀਂ। ਇਹ ਹਰਾਵਲ ਦਸਤੇ ਦਾ ਗੁਣ ਨਹੀਂ, ਨਾ ਹੀ ਕਿਸੇ ਆਗੂ ਦਾ।

ਪਹਿਲ-ਕਦਮੀ ਕਾਰਜ ਦਾ ਹੀ ਕਸ਼ੀਦਿਆ ਹੋਇਆ ਰੂਪ ਹੈ। ਅੱਗ ਲੱਗਣ ਬਾਅਦ, ਬੁਝਾਉਣ ਲਈ ਹਉ ਪਾਹਰਿਆ ਕਰਨ ਨਾਲੋਂ, ਪਹਿਲਕਦਮੀ ਇਹੀ ਹੁੰਦੀ ਹੈ ਕਿ ਅੱਗ ਲੱਗਣ ਦੇ ਹਾਲਾਤ ਨਾ ਬਣਨ ਦਿੱਤੇ ਜਾਣ, ਉਹਨਾਂ ਉਪਰ ਨਜ਼ਰ ਰੱਖੀ ਜਾਵੇ ਅਤੇ ਭਖਣ ਤੋਂ ਪਹਿਲਾਂ ਹੀ ਇਸ ਉਪਰ ਕਾਬੂ ਪਾਇਆ ਜਾਵੇ। ਪਹਿਲ ਕਦਮੀ, ਕਿਸੇ ਭਵਿੱਖੀ ਸਮੱਸਿਆ ਦੇ ਆਉਣ ਤੋਂ ਪਹਿਲਾਂ ਕੀਤੀ ਗਈ ਪੇਸ਼ਬੰਦੀ ਹੈ। ਜਿਵੇਂ ਪਿੰਡਾਂ ਵਾਲੇ ਹਰ ਸਾਲ, ਮੌਨਸੂਨ ਆਉਣ ਤੋਂ ਪਹਿਲਾਂ ਆਪਣੀਆਂ ਕੱਚੀਆਂ ਛੱਤਾਂ ਨੂੰ ਲਿੱਪਿਆ ਕਰਦੇ ਸੀ ਤਾਂ ਕਿ ਛੱਤਾਂ ਚਿਉਣ ਨਾ।

ਪ੍ਰਤੀਕ੍ਰਿਆ ਦੀ ਝਲਕ, ਅਕਾਦਮਿਕ ਅਤੇ ਮੀਡੀਆ ਦੇ ਖੇਤਰ ਵਿੱਚ ਵੀ ਦਿਖਾਈ ਦਿੰਦੀ ਹੈ। ਕੋਈ ਅਖ਼ਬਾਰ, ਰਸਾਲਾ ਚੁਕ ਲਓ, ਲੇਖਾਂ, ਨਾਟਕਾਂ, ਵਿਅੰਗ ਅਤੇ ਕਵਿਤਾਵਾਂ ਰਾਹੀਂ, ਕਿਸੇ ਵਿਅਕਤੀ-ਵਿਸ਼ੇਸ਼, ਪਾਰਟੀ, ਸਾਲਾਨਾ ਬੱਜਟ ਜਾਂ ਸਰਕਾਰੀ ਫੈਸਲੇ ਦੀ ਅਲੋਚਨਾ ਤਾਂ ਹੁੰਦੀ ਰਹਿੰਦੀ ਹੈ, ਪਰ ਇਸਦਾ ਤੋੜ (Alternative) ਕੀ ਹੋਵੇ ਇਸ ਦੀ ਚਰਚਾ ਨਹੀਂ ਹੁੰਦੀ। ਮਿਸਾਲ ਵਜੋਂ, ਹਰ ਸਾਲ ਬੱਜਟ ਦੀ ਚੀਰਫਾੜ ਕਰਦਿਆਂ, ਇਸ ਵਿੱਚ ਅਮੀਰਾਂ ਨੂੰ ਰਿਆਇਤਾਂ ਅਤੇ ਗਰੀਬਾਂ ਨੂੰ ਮਾਰ ਪੈਣ ਬਾਰੇ ਦੱਸਿਆ ਹੁੰਦਾ ਹੈ। ਇਹ ਹੋਣਾ ਹੀ ਹੋਣਾ ਹੈ। ਦੱਸਣ ਵਾਲੀ ਗੱਲ ਇਹ ਹੈ, ਆਮ ਬੰਦੇ ਨੂੰ ਇਸ ਤੋਂ ਬਹੁਤੀ ਆਸ ਨਹੀਂ ਕਰਨੀ ਚਾਹੀਦੀ ਅਤੇ ਇਸ ਦੇ ਤੋੜ ਬਾਰੇ ਸੋਚਣਾ ਚਾਹੀਦਾ ਹੈ। ਇਸੇ ਲਈ ਅਕਾਦਮਿਕ ਬਿਰਤਾਂਤ ਵਿੱਚ ਕਿਸੇ ਭਵਿੱਖੀ ਸੁਫਨੇ ਜਾਂ ਆਦਰਸ਼ ਦੀ ਕੰਨਸੋਅ ਨਹੀਂ ਮਿਲਦੀ ਜੋ ਜਨ-ਸਮੂਹ ਦੀ ਕਲਪਨਾ ਨੂੰ ਮੱਲ ਲਵੇ, ਜੋ ਉਹਨਾਂ ਦੇ ਗੁੱਸੇ ਅਤੇ ਰੋਹ ਨੂੰ ਦਿਸ਼ਾ ਦੇਵੇ। ਜੇ ਪੀੜਤ ਧਿਰ ਲਈ ਕੋਈ ਕਾਰਜ ਨਹੀਂ ਕਢਿਆ ਜਾਂਦਾ ਤਾਂ ਜਿਨ੍ਹਾਂ ਨੇ ਵੀ ਬੇਰੁਜ਼ਗਾਰੀ, ਬੇਅਮਨੀ, ਮਹਿੰਗਾਈ, ਅਫਰਾਤਫ਼ਰੀ, ਅਸਹਿਣਸ਼ੀਲਤਾ ਵਰਗੀਆਂ ਹਾਲਤਾਂ ਪੈਦਾ ਕੀਤੀਆਂ ਹਨ, ਉਨ੍ਹਾਂ ਦੀ ਅਲੋਚਨਾ, ਭੜਾਸ ਕੱਢਣ ਜਰੀਆ ਬਣ ਕੇ ਰਹਿ ਜਾਂਦੀ ਹੈ। ਕੁਝ ਨਵਾਂ ਹੋਂਦ ਵਿੱਚ ਲਿਆਉਣ ਲਈ ਸੇਧ ਨਹੀਂ ਦਿੱਤੀ ਜਾਂਦੀ ਤਾਂ ਇਹ ਮੁਕੰਮਲ ਕਾਰਜ ਨਹੀਂ, ਸਿਰਫ ਪ੍ਰਤੀਕਰਮ ਹੀ ਹੈ। ਇਹ ਇਕ ਖੰਭ ਨਾਲ ਉੱਡਣ ਦੀ ਕੋਸ਼ਿਸ਼ ਹੈ।

ਇਸ ਵਰ੍ਹੇ ਲੋਕ-ਪੱਖੀ ਚਿੰਤਕਾਂ, ਅਵਾਮ ਦੇ ਆਗੂਆਂ ਨੇ ਫੈਸਲਾ ਕਰਨਾ ਹੈ ਕਿ ਉਹਨਾਂ ਦੀ ਬੌਧਿਕ ਅਤੇ ਅੰਦੋਲਨਕਾਰੀ ਮਾਰ ਸਿਰਫ ਪ੍ਰਤੀਕ੍ਰਿਆ ਕਰਨ ਤੱਕ ਸੀਮਿਤ ਰਹਿਣੀ ਹੈ, ਕਿ ਸੰਸਥਾਈ ਪੱਧਰ ’ਤੇ ਨਵ-ਨਿਰਮਾਣ ਕਰਨ ਦਾ ਕਾਰਜ ਵੀ ਹੱਥ ਵਿੱਚ ਲੈਣਾ ਹੈ। ਆਉਣ ਵਾਲੇ ਦਿਨਾਂ ‘ਚ ਹੋਣ ਵਾਲੀਆਂ ਘਟਨਾਵਾਂ ਦੀ ਭਵਿਖਬਾਣੀ ਕੀਤੀ ਜਾ ਸਕਦੀ ਹੈ। ਜਿਵੇਂ:

ਬੇਰੁਜ਼ਗਾਰੀ ’ਚ ਤੇਜ ਵਾਧਾ
ਕਿਸਾਨੀ ਅਤੇ ਮੰਡੀਕਰਣ ਦੀ ਸਮੱਸਿਆ
ਮਹਿੰਗਾਈ ਦੀ ਮਾਰ
ਫਿਰਕਾਪ੍ਰਸਤੀ ਦਾ ਫੈਲਾਓ
ਵਾਤਾਵਰਣ ’ਚ ਨਿਘਾਰ
ਅਮਨ-ਕਾਨੂੰਨ ਦੀ ਵਿਵਸਥਾ ’ਚ ਗਿਰਾਵਟ
ਮਾਨਸਿਕ ਸੰਕਟ ਅਤੇ ਨਸ਼ਾਖੋਰੀ

ਇਹਨਾਂ ਆਫ਼ਤਾਂ ਦਾ ਧੂੰਆਂ ਸਾਫ ਦਿਖਾਈ ਦੇ ਰਿਹਾ ਹੈ। ਜੇ ਅਸੀਂ ਇਹਨਾਂ ਨੂੰ ਭਾਂਬੜ ਬਣਨ ਤੋਂ ਰੋਕਣਾ ਚਾਹੁੰਦੇ ਹਾਂ ਤਾਂ ਸਾਨੂੰ ਹਰ ਵੇਲੇ ਪ੍ਰਤੀਕ੍ਰਿਆ ਕਰਦੇ ਰਹਿਣ ਦੀ ਥਾਂ, ਪਹਿਲਕਦਮੀ ਅਤੇ ਕਾਰਜ ਦਾ ਲੜ ਫੜਨਾ ਪੈਣਾ ਹੈ। ਸਾਰੀਆਂ ਹੀ ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਜਥੇਬੰਦੀਆਂ ਨੇ ਇਹ ਸੰਕਲਪ ਲੈਣਾ ਹੈ। ਹਰ ਜਥੇਬੰਦੀ ਦਾ ਆਪਣਾ ਕਾਰਜ ਅਤੇ ਕਾਰਜ ਖੇਤਰ ਹੈ। ਜਿਵੇਂ ਕਿਸਾਨ ਜਥੇਬੰਦੀਆਂ ਨੂੰ ਕਿਸਾਨੀ ਸਮੱਸਿਆਂਵਾਂ ਅਤੇ ਮੰਡੀਕਰਨ ਲਈ, ਖੇਤੀਬਾੜੀ ਅਤੇ ਫਸਲ ਦੀ ਸਾਂਭ ਸੰਭਾਲ ਨੂੰ ਆਵਦੇ ਹੱਥ ਲੈਣਾ, ਆਵਦੇ ਸਿਰਜੇ ਸੰਸਥਾਨਾਂ (ਸਰਕਾਰੀ ਜਾਂ ਗੈਰਸਰਕਾਰੀ ਸਹਿਕਾਰੀ ਸੁਸਾਇਟੀਆਂ) ਲਈ ਸਰਕਾਰਾਂ ਨੂੰ ਮਦਦ ਦੇਣ ਲਈ ਮਜ਼ਬੂਰ ਕਰਨਾ। ਸਿਰਫ ਸਰਕਾਰਾਂ ਉਪਰ ਟੇਕ ਨਹੀਂ ਰੱਖਣੀ। ਨੌਜਵਾਨਾਂ ਨੇ ਵੀ ਇਹ ਗੱਲ ਪੱਲੇ ਬੰਨ੍ਹਣੀ ਹੈ ਕਿ ਸਿਰਫ ਡਿਗਰੀਆਂ ਲੈ ਕੇ, ਟੈਂਕੀ ਉਪਰ ਹੀ ਨਹੀਂ ਚੜ੍ਹਨਾ। ਇਸ ਦੇ ਨਾਲ ਨਾਲ, ਅਜੇਹੇ ਰਾਜਸੀ-ਆਰਥਿਕ ਪ੍ਰਬੰਧ ਦੀ ਉਸਾਰੀ ਵਿੱਚ ਹਿੱਸਾ ਵੀ ਲੈਣਾ, ਜੋ ਰੁਜ਼ਗਾਰ ਪੈਦਾ ਕਰਨ ਅਤੇ ਲੋਕ-ਭਲਾਈ ਦੇਣ ਦੇ ਸਮਰੱਥ ਹੋਵੇ। ਜਿਵੇਂ ਕਦੇ

ਨੌਜਵਾਨ ਭਾਰਤ ਸਭਾ ਵਰਗੀਆਂ ਸੰਸਥਾਵਾਂ ਨੇ ਕੀਤਾ ਸੀ। ਇਸੇ ਤਰ੍ਹਾਂ ਅਧਿਆਪਕਾਂ ਨੇ ਸਿਰਫ ਤਨਖ਼ਾਹ ਦੇ ਵਾਧੇ ਲਈ ਨਹੀਂ ਲੜਨਾ, ਵਿਦਿਅਕ ਸੁਧਾਰ ਅਤੇ ਅਵਿਗਿਆਨਕ ਸਿਲੇਬਸਾਂ ਬਾਰੇ ਵੀ ਹੱਥ ਪੈਰ ਮਾਰਨਾ ਹੈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਯੋਗਦਾਨ ਵੀ ਪਾਉਣਾ ਹੈ।

ਅਕਾਦਮਿਕ, ਗਿਆਨ-ਵਿਗਿਆਨ ਅਤੇ ਸੱਭਿਆਚਾਰਕ ਜਥੇਬੰਦੀਆਂ ਦੇ ਪੂਰਾ ਕਰਨ ਵਾਲਾ, ਇੱਕ ਅਧੂਰਾ ਪਿਆ ਕਾਰਜ ਹੈ- ਧਰਮ ਨਿਰਪੇਖਤਾ। ਵਿਕਸਿਤ ਮੁਲਕਾਂ ਵਿੱਚ ਇਹ ਕਾਰਜ, ਸਨੱਅਤੀ ਜਮਾਤ ਦੀ ਅਗਵਾਈ ਵਿੱਚ ਨੇਪਰੇ ਚਾੜ੍ਹਿਆ ਗਿਆ ਅਤੇ ਧਰਮ ਨੂੰ ਸਮਾਜਿਕ ਖੇਤਰ ਵਿੱਚੋਂ ਬੇਦਖ਼ਲ ਕਰਕੇ, ਘਰਾਂ ਅਤੇ ਗਿਰਜਿਆਂ ਵਿੱਚ ਵਾੜ ਦਿੱਤਾ। ਇਸੇ ਲਈ ਨਾ ਉਥੇ ਗਿਰਜਿਆਂ ਵਿੱਚ ਸਪੀਕਰ ਵਜਦੇ ਹਨ ਅਤੇ ਨਾ ਹੀ ਗਲੀਆਂ, ਸੜਕਾਂ ਨੂੰ ਨਗਰ-ਕੀਰਤਨਾਂ ਜਾਂ ਜਗਰਾਤਿਆਂ ਲਈ ਬੰਦ ਕੀਤਾ ਜਾਂਦਾ ਹੈ। ਸਰਕਾਰੀ ਕੰਮ ਕਾਜ ਵਿੱਚ ਵੀ ਧਰਮ ਦਾ ਰੜਕਵਾਂ ਦਖ਼ਲ ਦਿਖਾਈ ਨਹੀਂ ਦਿੰਦਾ।

ਪੱਛੜੇ ਮੁਲਕਾਂ ਵਿਚ, ਗਿਣਤੀ ਦੇ ਹਿਸਾਬ ਨਾਲ ਹਰ ਫਿਰਕੇ ਦੀ ਗੂੜ੍ਹੀ ਜਾਂ ਫਿੱਕੀ ਫਿਰਕਾਪ੍ਰਸਤੀ, ਪਰਿਵਾਰ ਤੋਂ ਲੈ ਕੇ ਕਰਮ ਕਾਂਡਾਂ ਰਾਹੀਂ ਹੁੰਦੀ ਹੋਈ, ਸਰਕਾਰਾਂ ਬਣਾਉਣ ਜਾਂ ਢਾਉਣ ਦਾ ਸੰਦ ਬਣ ਚੁੱਕੀ ਹੈ। ਇਸ ਲਈ ਹਿੰਦੂਤਵਾ ਵਰਗੇ ਵਰਤਾਰੇ ਦਾ, ਧਰਮ-ਨਿਰਪੇਖਤਾ ਦੇ ਨਜ਼ਰੀਏ ਤੋਂ ਸਾਹਮਣਾ ਕਰਨ ਦੀ ਬਜਾਏ, ਭਾਰਤੀ ਘਟਗਿਣਤੀਆਂ ਨੇ ਆਪੋ ਆਪਣੀ ਫਿਰਕਾਪ੍ਰਸਤੀ ਨੂੰ ਪੱਕਾ ਕੀਤੈ। ਇਸ ਪਹੁੰਚ ਨੇ ਭਾਈਚਾਰਿਆਂ ਵਿਚਲੀ ਏਕਤਾ ਨੂੰ ਹੀ ਛਾਨਣੀ ਨਹੀਂ ਕੀਤਾ, ਸਗੋਂ ਲੋਕਾਂ ਦੀ ਸੋਚ ਨੂੰ ਵੀ ਜਿੰਦਰੇ ਮਾਰੇ ਹਨ।

ਅੱਜ ਦਾ ਮੁੱਖ ਕਾਰਜ ਧਰਮ-ਨਿਰਪੇਖਤਾ ਨੂੰ ਬੁਲੰਦ ਕਰਨਾ ਹੈ। ਸਿਆਸੀ ਅਤੇ ਸਮਾਜਿਕ ਜ਼ਿੰਦਗੀ ਵਿੱਚੋਂ, ਧਰਮ ਦੇ ਹਰ ਰੂਪ ਦੀ ਬੇਦਖ਼ਲੀ ਹੀ ਧਰਮਨਿਰਪੇਖਤਾ ਹੈ। ਧਰਮ ਨੂੰ ਨਿੱਜੀ ਅਤੇ ਧਾਰਮਿਕ ਅਸਥਾਨਾਂ ਦੀਆਂ ਵਲਗਣਾਂ ਵਿੱਚ ਰਹਿਣ ਦਿਤਾ ਜਾਵੇ। ਇਸ ਇਤਿਹਾਸਕ ਕਾਰਜ ਦੀ ਸੰਪੂਰਨਤਾ ਲਈ ਇਨ੍ਹਾਂ ਗੱਲਾਂ ਲਈ ਮੁਹਿੰਮ ਵਿੱਢਣ ਦੀ ਲੋੜ ਹੈ :

- ਵਿਆਹਾਂ ਨੂੰ ਸਿਵਿਲ ਮੈਰਿਜ ਕਾਨੂੰਨ ਅਧੀਨ ਕਰਨਾ।
- ਸੋਗ ਅਤੇ ਖੁਸ਼ੀ ਦੇ ਸਮਾਗਮ ਬਿਨਾਂ ਧਾਰਮਿਕ ਰਸਮਾਂ ਦੇ ਸੰਪਨ ਕਰਨੇ।
- ਸਰਕਾਰੀ ਅਤੇ ਵਿਦਿਆਕ ਅਦਾਰਿਆਂ ਵਿੱਚ ਧਾਰਮਿਕ ਸਮਾਗਮਾਂ ਉਪਰ ਪਾਬੰਦੀ।

ਇਸ ਵਿੱਚ ਹੋਰ ਗੱਲਾਂ ਵੀ ਜੋੜੀਆਂ ਜਾ ਸਕਦੀਆਂ ਹਨ। ਸਾਡਾ ਬਹੁਤਾ ਦਬਾਅ, ਫਿਰਕਾ ਪ੍ਰਸਤੀ ਦੀ ਅਲੋਚਨਾ ਅਤੇ ਨਿੰਦਾ ਉਪਰ ਹੁੰਦਾ ਹੈ। ਇਸ ਨੂੰ ਪ੍ਰਤੀਕਰਮ ਹੀ ਕਿਹਾ ਜਾ ਸਕਦਾ ਹੈ। ਇਹ ਮੁਕਾਬਲਤਨ ਸੌਖਾ ਵੀ ਹੈ।

ਸੰਪੂਰਨ ਕਾਰਜ ਇਹੀ ਬਣਦਾ ਹੈ ਕਿ ਆਮ ਆਦਮੀ ਦੀ ਧਾਰਮਿਕ ਨਿਹਚਾ, ਰਸਮਾਂ ਅਤੇ ਰਵਾਇਤਾਂ ਉਪਰ ਨਿਰਭਰਤਾ ਨੂੰ, ਹੌਲੀ ਹੌਲੀ ਘਟਾਉਣ ਵਿੱਚ ਮੱਦਦ ਕੀਤੀ ਜਾਵੇ। ਇਹ ਹਰ ਰੋਜ਼ ਅਤੇ ਹਰ ਘੜੀ ਕਰਨ ਵਾਲਾ ਕਾਰਜ ਹੈ। ਜਗਿਆਸੂ ਦੀ ਨਿਰਣਾ ਕਰਨ ਦੀ ਸ਼ਕਤੀ ਨੂੰ ਵਧਾਉਣ ਦੀਆ ਜੁਗਤਾਂ ਸੋਚੀਆਂ ਜਾਣ। ਇਹ ਸਿਰਫ ਰਸਮਾਂ ਦਾ ਸੁਆਲ ਨਹੀਂ, ਭਵਿੱਖ ਦੀ ਉਸਾਰੀ ਦਾ ਮੁੱਦਾ ਹੈ।

ਕਾਰਜ, ਪਹਿਲਕਦਮੀ ਦਾ ਭਾਵ ਇਹ ਹੈ ਕਿ ਗੇਂਦ ਥੋਡੇ ਕੋਲ ਹੈ ਅਤੇ ਤੁਸੀਂ ਗੋਲ ਕਰਨਾ ਹੈ, ਕੁਝ ਨਵਾਂ ਉਸਾਰਨਾ ਹੈ। ਪ੍ਰਤੀਕਰਮ ਸਿਰਫ ਬਚਾਓ ਦੀ ਮੁਦਰਾ ਹੈ, ਗੇਂਦ ਵਿਰੋਧੀ ਕੋਲ ਹੈ ਅਤੇ ਤੁਸੀਂ ਸਿਰਫ ਭੱਜੇ ਫਿਰਦੇ ਹੋ।

**ਮੇਰੇ ਜੀਵਨ ਦੇ ਸਬਕ....**

ਸਾਨੂੰ ਉਨ੍ਹਾਂ ਲੋਕਾਂ ਦੀ ਗਿਣਤੀ ਨੂੰ ਵੀ ਬਹੁਤ ਘਟਾ ਦੇਣਾ ਚਾਹੀਦਾ ਹੈ ਜਿਹੜੇ ਭਗਵੇਂ ਕੱਪੜੇ ਪਾ ਕੇ ਖੁਦ ਨੂੰ ਸਾਧੂ ਕਹਿੰਦੇ ਹਨ। ਉਹ ਜੋਕਾਂ ਹਨ, ਜਿਹੜੀਆਂ ਮਿਹਨਤ ਕਰਨ ਵਾਲਿਆਂ ਦੀ ਕਮਾਈ ਤੇ ਪਲਦੀਆਂ ਹਨ। ਧਾਰਮਿਕ ਮਰਦ ਅਤੇ ਔਰਤਾਂ ਅਕਸਰ ਲੋਕ ਰਾਏ ਤੇ ਸਰਕਾਰ ਨੂੰ ਪ੍ਰਭਾਵਤ ਕਰਨ ਵਿੱਚ ਲੱਗੇ ਰਹਿੰਦੇ ਹਨ। ਕੌਮ ਦੇ ਤੌਰ 'ਤੇ ਅਸੀਂ ਅੰਧਵਿਸ਼ਵਾਸ਼ੀ ਹਾਂ ਅਤੇ ਬਹੁਤ ਹੀ ਜ਼ਹੀਨ ਭਾਰਤੀਆਂ ਲਈ ਵੀ ਇਹ ਅਸਧਾਰਣ ਨਹੀਂ ਹੈ, ਸਮੇਤ ਮਾਰਕਸਵਾਦੀਆਂ ਦੇ ਕਿ ਉਹ ਮਹੱਤਵ ਪੂਰਨ ਫੈਸਲੇ ਲੈਣ ਵੇਲ਼ੇ ਸ਼ੁਭ ਮਹੂਰਤ ਕੱਢਣ ਲਈ ਜੋਤਿਸ਼ੀਆਂ ਤੋਂ ਸਲਾਹ ਲੈਂਦੇ ਹਨ। ਸਾਡੇ ਦੇਸ਼ ਵਿੱਚ ਅੰਧਵਿਸ਼ਵਾਸ਼ ਤੇ ਜੋਤਿਸ਼ ਨੂੰ ਧਾਰਮਿਕ ਪ੍ਰਵਾਨਤਾ ਹਾਸਲ ਹੈ। ਮੈਨੂੰ ਉਨ੍ਹਾਂ ਲੋਕਾਂ ਨਾਲ ਚਿੜ੍ਹ ਹੈ ਜਿਹੜੇ ਜੋਤਿਸ਼ ਨੂੰ ਮੰਨਦੇ ਹਨ। ਮੈਂ ਮਹਿਸੂਸ ਕਰਦਾ ਹਾਂ ਕਿ ਦੇਸ਼ ਦੇ ਉੱਚੇ ਅਹੁਦਿਆਂ ਤੇ ਬੈਠੇ ਲੋਕਾਂ ਨੂੰ ਅਜਿਹੇ ਹੰਗਾਲ ਵਿੱਚ ਨਹੀਂ ਫਸਣਾ ਚਾਹੀਦਾ। ਅਜਿਹੇ ਅਕੀਦਿਆਂ ਤੇ ਰੀਤਾਂ ਵਿੱਚ ਪੈਣਾ ਦੇਸ਼ ਲਈ ਬਹੁਤ ਖ਼ਤਰਨਾਕ ਤੇ ਪਿਛਾਂਹਖਿੱਚੂ ਹੈ।

**ਖੁਸ਼ਵੰਤ ਸਿੰਘ**

# ਦਿੱਲੀ ਵਿਚ ਨਕਲੀ ਢੰਗ ਨਾਲ ਵਰਖਾ ਪਵਾਉਣਾ

-ਵਿਸ਼ਵ ਕਾਂਤ

ਦਿੱਲੀ ਦੁਨੀਆਂ ਦੇ ਪ੍ਰਦੂਸ਼ਿਤ ਸ਼ਹਿਰਾਂ ਵਿੱਚੋਂ ਸਭ ਤੋਂ ਸਿਖਰ ਤੇ ਹੈ । ਬਹੁਤ ਵੱਡੀ ਗਿਣਤੀ ਆਬਾਦੀ ਦੀਆਂ ਲੋੜਾਂ, ਨਿਜੀ ਵਾਹਨਾਂ ਦੀ ਭਰਮਾਰ, ਉਸਾਰੀ ਸਮੇਂ ਉਡਦੀ ਧੂੜ, ਫੈਕਟਰੀਆਂ ਦਾ ਧੂੰਆਂ, ਦਿੱਲੀ ਦੀ ਹਵਾ ਨੂੰ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰਦਾ ਹੈ । ਪਰ ਇਸ ਦਿਵਾਲੀ ਨੂੰ ਦਿੱਲੀ ਵਿੱਚ ਵੱਡੀ ਮਾਤਰਾ ਵਿੱਚ ਪਟਾਕੇ ਚਲਾਉਣ ਕਰਕੇ, ਹਵਾ ਪ੍ਰਦੂਸ਼ਣ ਵਿੱਚ ਅਸਹਿਣ ਯੋਗ ਵਾਧਾ ਹੋ ਗਿਆ। ਹਵਾ ਦੀ ਗੁਣਵੱਤਾ ਦੇ ਮਾਪਦੰਡ (AQI ) ਅਨੁਸਾਰ ਇਹ 300 ਤੋਂ 400 ਅੰਕ ਦਰਮਿਆਨ ਸੀ। ਇਹ ਪੱਧਰ, ਮਨੁੱਖੀ ਸਹਿਣਯੋਗ ਹੱਦ ਤੋਂ ਵੀਹ ਗੁਣਾ ਜ਼ਿਆਦਾ ਹੈ। ਸਰਦੀ ਦਾ ਮੌਸਮ ਆਉਣ ਕਰਕੇ, ਤਾਪਮਾਨ ਵਿਚ ਗਿਰਾਵਟ ਹੋਣ ਕਾਰਨ ਸਮੱਸਿਆ ਹੋਰ ਗਹਿਰੀ ਹੋ ਗਈ। ਵੱਡੀ ਤ੍ਰਾਸਦੀ ਇਹ ਹੈ ਕਿ ਲੋਕ ਧਾਰਮਿਕ ਤਿਉਹਾਰਾਂ ਦੀ ਆੜ ਹੇਠ, ਪਟਾਕੇ, ਆਤਿਸ਼ਬਾਜ਼ੀ ਚਲਾ ਕੇ, ਖੁਸ਼ੀ ਮਨਾਉਂਦੇ ਹਨ। ਹਜ਼ਾਰਾਂ ਟਨ ਬਾਰੂਦ ਅਤੇ ਹੋਰ ਰਸਾਇਣ ਫੂਕ ਕੇ ਕਰੋੜਾਂ ਰੁਪਏ ਬਰਬਾਦ ਕਰਕੇ, ਖੁਦ ਦੀ ਜਿੰਦਗੀ ਨੂੰ ਚਾਂਈਂ ਚਾਂਈਂ ਨਰਕ ਬਣਾਉਣ ਵੱਲ ਇੱਕ ਦੂਸਰੇ ਤੋਂ ਅੱਗੇ ਨਿਕਲਣ ਦੀ ਕੋਸ਼ਿਸ਼ ਕਰਦੇ ਹਨ। ਬਹੁ-ਗਿਣਤੀ ਧਰਮ ਵਾਲਿਆਂ ਦਾ ਧਾਰਮਿਕ ਉਤਸਵ ਹੋਣ, ਧਰਮ ਨੂੰ ਪਤਿਆ ਕੇ ਦਿੱਲੀ ਤੇ ਕੇਂਦਰ ਦੀ ਸਰਕਾਰ ਚੁਣੀ ਜਾਣ ਅਤੇ ਅਦਾਲਤਾਂ ਵੀ ਬਹੁ ਗਿਣਤੀ ਦੀ ਆਸਥਾ ਪ੍ਰਤੀ ਉਲਾਰ ਹਨ, ਤਾਂ ਦਿੱਲੀ ਦਾ ਗੈਸ ਚੈਂਬਰ ਬਣਨਾ ਕੁਦਰਤੀ ਸੀ ।

ਦੀਵਾਲੀ ਤੋਂ ਬਾਅਦ ਧੂੰਆਂਧਾਰ ਦਿੱਲੀ ਦੀ ਹਵਾ ਦੇ ਪ੍ਰਦੂਸ਼ਨ ਤੇ ਕਾਬੂ ਪਾਉਣ ਲਈ ਦਿੱਲੀ ਸਰਕਾਰ ਨੇ 25 ਨਵੰਬਰ ਨੂੰ, ਆਈ.ਆਈ.ਟੀ. ਕਾਨ੍ਹਪੁਰ ਨਾਲ ਸਮਝੌਤਾ ਕੀਤਾ ਕਿ ਗੈਰ-ਕੁਦਰਤੀ ਵਰਖਾ ਪਵਾ ਕੇ ਹਵਾ ਪ੍ਰਦੂਸ਼ਣ ਨੂੰ ਕਾਬੂ ਵਿੱਚ ਕੀਤਾ ਜਾਵੇ । ਹਵਾ ਪ੍ਰਦੂਸ਼ਣ ਦਾ ਵੱਡਾ ਕਾਰਨ ਹਵਾ ਵਿੱਚ ਲਟਕਦੇ ਮਹੀਨ ਕਣਾਂ ਦੀ ਬਹੁਤਾਤ (2.5 ਤੋਂ 10 ਪ੍ਰਤੀ ਮਿਲੀਅਨ) ਹੈ, ਜਿਹੜੇ ਮਨੁੱਖ ਅਤੇ ਬਾਕੀ ਜੀਵ ਜੰਤੂਆਂ ਦੇ ਸਾਹ ਰਾਹੀਂ ਅੰਦਰ ਜਾ ਕੇ ਮੁਸ਼ਕਲਾਂ ਖੜੀਆਂ ਕਰਦੇ ਹਨ, ਫੇਫੜਿਆਂ ਵਿੱਚ ਜੰਮ ਜਾਂਦੇ ਹਨ।

ਵਿਚਾਰ ਸੀ ਕਿ ਵਰਖਾ ਰਾਹੀਂ ਇਸ ਉਡਦੀ ਗਰਦ ਤੋਂ ਰਾਹਤ ਪ੍ਰਾਪਤ ਕੀਤੀ ਜਾ ਸਕਦੀ ਹੈ। ਨੋਟ ਕਰਨ ਵਾਲੀ ਖਾਸ ਗੱਲ ਇਹ ਹੈ ਕਿ ਦਿੱਲੀ ਅਤੇ ਕੇਂਦਰ ਦੀ ਸਰਕਾਰ, ਪੁਰਾਤਨ ਭਾਰਤੀ ਵੈਦਿਕ ਪਰੰਪਰਾਵਾਂ ਦੀ ਵੱਡੀ ਅਲੰਬਰਦਾਰ ਕਹਾਉਂਦੀ ਹੈ, ਮੰਨਦੀ ਹੈ ਕਿ ਕੁੱਲ ਗਿਆਨ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਹੈ। ਉਸਨੇ ਪ੍ਰਦੂਸ਼ਣ ਉਤੇ ਕਾਬੂ ਪਾਉਣ ਲਈ ਵਿਗਿਆਨ ਦੀ ਵੱਡੀ ਸੰਸਥਾ ਨਾਲ ਸਮਝੌਤਾ ਕੀਤਾ। ਇਹ ਆਪਣੇ ਪੁਰਾਤਨ ਵਿਚਾਰ ਯੱਗ ਆਦਿ ਕਰਨ ਵੱਲ ਨਹੀਂ ਗਈ। ਜੇਕਰ ਇਹਨਾਂ ਨੂੰ ਮੌਸਮ ਵਿਗਿਆਨੀਆਂ ਤੋਂ ਇਹ ਰਿਪੋਰਟ ਮਿਲ ਜਾਂਦੀ ਕਿ ਕੁਦਰਤੀ ਤੌਰ ਤੇ ਮੀਂਹ ਪੈਣ ਦੇ ਅਸਾਰ ਹਨ ਤਾਂ ਇਹ ਵੀ ਕਰਵਾ ਸਕਦੀ ਸੀ।

ਆਈ.ਆਈ.ਟੀ. ਕਾਨ੍ਹਪੁਰ ਨਾਲ, ਸਮਝੌਤੇ ਤਹਿਤ ਦਿੱਲੀ ਵਿੱਚ ਗੈਰ-ਕੁਦਰਤੀ ਵਰਖਾ ਪਵਾਉਣ ਲਈ ਤਕਰੀਬਨ 34 ਕਰੋੜ ਖਰਚ ਆਉਣੇ ਹਨ। ਪਹਿਲੇ ਪੜਾਅ 'ਤੇ ਤਕਰੀਬਨ ਤਿੰਨ ਕਰੋੜ ਖਰਚ ਕੀਤੇ ਹਨ। ਇਸ ਤਹਿਤ ਆਈ.ਆਈ.ਟੀ. ਕਾਨ੍ਹਪੁਰ ਦੇ ਵਿਗਿਆਨੀਆਂ ਨੇ, 28 ਸਤੰਬਰ ਨੂੰ ਹਵਾਈ ਜਹਾਜ਼ ਰਾਹੀਂ ਉੱਤਰੀ ਅਤੇ ਬਾਹਰੀ ਦਿੱਲੀ (ਖਾਕੜਾ, ਬੁਰਾਰੀ, ਉੱਤਰੀ ਕਰੋਲ ਵਾਗ, ਮਯੂਰ ਵਿਹਾਰ, ਸਦਰਪੁਰ) ਵਿੱਚ ਬੱਦਲਾਂ ਉੱਤੇ ਵਰਖਾ ਉਤੇਜਕ ਰਸਾਇਣਾਂ ਦਾ ਛਿੜਕਾਅ ਕੀਤਾ। ਹਵਾਈ ਜਹਾਜ ਨੇ ਤਿੰਨ ਉਡਾਣਾਂ ਭਰੀਆਂ। ਛਿੜਕੇ ਗਏ ਰਸਾਇਣਾਂ ਵਿੱਚ ਸਿਲਵਰ ਆਇਓਡਾਈਡ, ਸਧਾਰਨ ਲੂਣ ਅਤੇ ਚਟਾਨੀ ਨਮਕ ਸਨ। ਇਹ ਨਮਕ ਪਾਣੀ ਦੇ ਵਾਸ਼ਪਾਂ ਨੂੰ ਆਪਸ ਵਿੱਚ ਜੋੜਨ ਲਈ ਉਤੇਜਕ ਦਾ ਕੰਮ ਕਰਦੇ ਹਨ। ਪਾਣੀ ਦੇ ਵਾਸ਼ਪ ਇਨ੍ਹਾਂ ਨਾਲ ਜੁੜ ਕੇ ਭਾਰੇ ਹੋ ਜਾਂਦੇ ਹਨ, ਵਰਖਾ ਰੂਪ ਵਿਚ ਹੇਠਾਂ ਡਿਗਦੇ ਹੋਏ ਹੋਰ ਵਾਸ਼ਪਾਂ ਨਾਲ ਮਿਲਦੇ ਹੋਏ, ਕਣੀਆਂ ਦਾ ਰੂਪ ਧਾਰ ਲੈਂਦੇ ਹਨ। ਜੇਕਰ ਜ਼ਿਆਦਾ ਠੰਢੇ ਹੋ ਜਾਣ ਤਾਂ ਜੰਮ ਕੇ ਗੜਿਆਂ ਦਾ ਰੂਪ ਵੀ ਧਾਰ ਲੈਂਦੇ ਹਨ। ਪਰ ਦਿੱਲੀ ਵਿੱਚ ਵਰਖਾ ਨਾ ਪਈ। ਵਰਖਾ ਨਾ ਪੈਣ ਦਾ ਕਾਰਨ ਦਿੱਲੀ ਸਰਕਾਰ ਦੀ ਗੈਰ-ਵਿਗਿਆਨਕ ਪਹੁੰਚ ਸੀ । ਇਨ੍ਹਾਂ ਰਸਾਇਣਾਂ ਬਾਰੇ ਵਿਗਿਆਨੀਆ ਦੀ ਸਮਝ ਹੈ ਕਿ ਇਹ ਉਸ ਸਮੇਂ ਹੀ ਕਾਰਗਰ ਹੋ ਸਕਦੇ ਹਨ ਹਨ ਜਦੋਂ ਨਮੀ ਦੀ ਮਾਤਰਾ ਘੱਟੋ ਘੱਟ 40 ਤੋਂ 50 ਪ੍ਰਤੀਸ਼ਤ ਤੱਕ ਜਾਂ ਜ਼ਿਆਦਾ ਹੋਵੇ। ਪਰ ਉਸ ਸਮੇਂ ਨਮੀ ਦੀ ਮਾਤਰਾ 15 ਤੋਂ 20 ਪ੍ਰਤੀਸ਼ਤ ਹੀ ਸੀ । ਇਸ ਗੱਲ ਦੇ ਠੋਸ ਵਿਗਿਆਨਿਕ ਸਬੂਤ ਵੀ ਨਹੀਂ ਹਨ ਕਿ ਇਸ ਤਰ੍ਹਾਂ ਦੇ ਪ੍ਰਯੋਗਾਂ ਨਾਲ ਪ੍ਰਦੂਸ਼ਣ ਘਟਦਾ ਹੈ। ਇਸ ਤੋਂ ਬਿਨਾਂ ਇਹ ਪ੍ਰਦੂਸ਼ਣ ਤੋਂ ਮੁਕਤੀ ਦਾ ਕੋਈ ਪੱਕਾ ਹੱਲ ਵੀ ਨਹੀਂ ।

ਪ੍ਰਦੂਸ਼ਣ ਦੇ ਸਹੀ ਅਤੇ ਕਾਰਗਰ ਹੱਲ ਲਈ

ਸਮਾਜਿਕ ਚੇਤਨਾ ਨੂੰ ਆਧੁਨਿਕ ਯੁੱਗ ਦੇ ਹਾਣ ਦੀ ਬਣਾਉਣ ਦੀ ਲੋੜ ਹੈ। ਸ਼ਹਿਰ ਕੇਂਦਰਿਤ ਵਿਕਾਸ ਦੀ ਬਜਾਏ ਪਿੰਡਾਂ ਦੇ ਵਿਕਾਸ ਨੂੰ ਉਤਸ਼ਾਹਤ ਕਰਨਾ ਪੈਣਾ ਹੈ। ਦਿੱਲੀ ਵਰਗੇ ਵੱਡੇ ਸ਼ਹਿਰ ਅਬਾਦੀ ਦਾ ਐਨਾ ਵੱਡਾ ਭਾਰ ਨਹੀਂ ਸਹਿ ਸਕਦੇ। ਪਿੰਡਾਂ ਵਿਚ ਰੁਜ਼ਗਾਰ ਦੇ ਸੋਮੇ ਪੈਦਾ ਕਰਕੇ ਸ਼ਹਿਰਾਂ ਵਿਚਲੇ ਭੀੜ ਭੜੱਕੇ ਨੂੰ ਘੱਟ ਕਰਨ ਦੀ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ। ਕਾਰ ਕੰਪਨੀਆਂ ਪੱਖੀ ਸੋਚ ਛੱਡ ਕੇ, ਜਨਤਕ ਆਵਾਜਾਈ ਪੱਖੀ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਪੁਰਾਤਨ ਰੀਤੀ ਰਿਵਾਜਾਂ ਨੂੰ ਹੱਲਾਸ਼ੇਰੀ ਨਾ ਦੇ ਕੇ ਆਧੁਨਿਕ ਸੱਭਿਆਚਾਰ ਦੇ ਉਸਾਰੇ ਜਾਣ ਦੀ ਲੋੜ ਹੈ। ਲੋੜ ਵਾਤਾਵਰਨ ਪੱਖੀ ਸੱਭਿਆਚਾਰ ਦੀ ਹੈ, ਇਹ ਹੀ ਵਧੀਆ ਵਾਤਾਵਰਨ ਦੀ ਗਾਰੰਟੀ ਕਰ ਸਕਦਾ ਹੈ।

---

## ਵਿਗਿਆਨਕ ਚੇਤਨਾ ਪਰਖ ਪ੍ਰੀਖਿਆ (ਹਿੰਦੀ) ਦੀ ਚੰਗੀ ਸ਼ੁਰੂਆਤ

27 ਨਵੰਬਰ ਨੂੰ ਤਰਕਸ਼ੀਲ ਸੋਸਾਇਟੀ ਪੰਜਾਬ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਵਿਗਿਆਨਕ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ। ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਹਰ ਸਾਲ ਇਹ ਪ੍ਰੀਖਿਆ ਪੰਜਾਬੀ ਮਾਧਿਅਮ ਵਿੱਚ ਕਰਵਾਈ ਜਾਂਦੀ ਰਹੀ ਹੈ ਅਤੇ ਇਸ ਲਈ ਪੰਜਾਬੀ ਮਾਧਿਅਮ ਦੀ ਪੁਸਤਕ ਤਿਆਰ ਕੀਤੀ ਜਾਂਦੀ ਸੀ, ਜਿਸ ਕਰਕੇ ਪੰਜਾਬ ਨਾਲ ਲੱਗਦੇ ਹਿੰਦੀ ਭਾਸ਼ੀ ਇਲਾਕਿਆਂ ਅਤੇ ਹਰਿਆਣਾ ਦੇ ਸਕੂਲਾਂ ਦੇ ਵਿਦਿਆਰਥੀ ਇਸ ਮੁਹਿੰਮ ਤੋਂ ਵਾਂਝੇ ਰਹਿ ਜਾਂਦੇ ਸਨ। ਇਸ ਲਈ ਇਸ ਵਾਰ ਸੋਸਾਇਟੀ ਵੱਲੋਂ ਪਹਿਲੀ ਵਾਰ ਵਿਗਿਆਨਕ ਚੇਤਨਾ ਪ੍ਰੀਖਿਆ ਲਈ ਪੁਸਤਕ ਹਿੰਦੀ ਭਾਸ਼ਾ ਵਿੱਚ ਤਿਆਰ ਕਰਵਾਈ ਗਈ। ਵਿਦਿਆਰਥੀਆਂ ਨੇ ਜ਼ੋਰ ਸ਼ੋਰ ਨਾਲ ਇਸ ਪ੍ਰੀਖਿਆ ਵਿੱਚ ਭਾਗ ਲਿਆ।

ਸਿਰਸਾ ਜ਼ਿਲ੍ਹੇ ਵਿੱਚ ਕੁੱਲ ਪੰਜ ਸੌ ਪੁਸਤਕਾਂ ਵੰਡੀਆਂ ਗਈਆਂ, ਜਿਨ੍ਹਾਂ ਵਿੱਚ ਤਰਕਸ਼ੀਲ ਸੋਸਾਇਟੀ ਇਕਾਈ ਕਾਲਾਂਵਾਲੀ ਵੱਲੋਂ ਤਿੰਨ ਸੌ ਪੁਸਤਕਾਂ ਆਰੋਹੀ ਮਾਡਲ ਸਕੂਲ ਜਲਾਲਆਣਾ, ਸੀਨੀਅਰ ਸੈਕੰਡਰੀ ਸਕੂਲ ਚੋਰਮਾਰ ਖੇੜਾ, ਮਿੱਠੜੀ, ਓਢਾ, ਮਤੜ, ਭਾਵਦੀਨ ਅਤੇ ਗੁਰੂ ਨਾਨਕ ਸੀ. ਸੈ. ਸਕੂਲ ਕਰੀਵਾਲਾ ਦੇ ਵਿਦਿਆਰਥੀਆਂ ਨੂੰ ਦਿੱਤੀਆਂ ਗਈਆਂ ਅਤੇ ਇਨ੍ਹਾਂ ਨੇ ਪ੍ਰੀਖਿਆ ਵਿੱਚ ਭਾਗ ਲਿਆ। ਡੱਬਵਾਲੀ ਇਕਾਈ ਵੱਲੋਂ ਦੋ ਸੌ ਪੁਸਤਕਾਂ ਵੰਡੀਆਂ ਗਈਆਂ। ਡੱਬਵਾਲੀ ਦੇ ਤਿੰਨ ਸਕੂਲਾਂ ਸਰਕਾਰੀ ਸਕੂਲ ਡੱਬਵਾਲੀ ਲੜਕੇ ਅਤੇ ਲੜਕੀਆਂ ਅਤੇ ਨਹਿਰੂ ਹਾਈ ਸਕੂਲ ਡੱਬਵਾਲੀ ਵਿੱਚ ਇਹ ਪ੍ਰੀਖਿਆ ਸਫਲਤਾਪੂਰਵਕ ਕਰਵਾਈ ਗਈ। ਤਰਕਸ਼ੀਲ ਮੈਗਜੀਨ ਪੰਜਾਬੀ ਦੇ ਸੰਪਾਦਕ ਰਾਜਪਾਲ ਅਤੇ ਗਿਆਨ ਸਿੰਘ ਨੇ ਪ੍ਰੀਖਿਆ ਕੇਂਦਰਾਂ ਦਾ ਨਿਰੀਖਣ ਕੀਤਾ ਅਤੇ ਸਕੂਲਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨਾਲ ਪ੍ਰੀਖਿਆ ਬਾਰੇ ਚਰਚਾ ਕੀਤੀ।

ਇਹ ਪ੍ਰੀਖਿਆ ਕਰਵਾਉਣ ਵਿੱਚ ਸ਼੍ਰੀ ਪਵਨ ਕੁਮਾਰ, ਜਗਤਾਰ ਸਿੰਘ, ਸ਼ਮਸ਼ੇਰ ਚੋਰਮਾਰ, ਅਜਾਇਬ ਜਲਾਲਆਣਾ, ਕੁਲਦੀਪ ਜਲਾਲਆਣਾ, ਸਤਨਾਮ ਫੱਗੂ, ਵੀਰ ਸਿੰਘ, ਰਸ਼ਪਾਲ ਸਿੰਘ, ਸੰਤੋਸ਼ ਕੁਮਾਰ, ਕ੍ਰਿਸ਼ਣ ਕਾਇਤ, ਕੁਲਦੀਪ ਸਿਰਸਾ ਆਦਿ ਤਰਕਸ਼ੀਲ ਸਾਥੀਆਂ ਅਤੇ ਅਧਿਆਪਕਾਂ ਦਾ ਵਿਸ਼ੇਸ਼ ਯੋਗਦਾਨ ਰਿਹਾ।

ਇਸੇ ਤਰ੍ਹਾਂ ਪਟਿਆਲਾ ਇਕਾਈ ਤੋਂ ਰਾਮ ਕੁਮਾਰ ਅਤੇ ਕੁਲਵੰਤ ਕੌਰ ਦੇ ਯਤਨਾਂ ਨਾਲ ਸ. ਪ੍ਰੀਤਮ ਸਿੰਘ ਮੈਮੋਰੀਅਲ ਸਕੂਲ ਬਦਸੂਈ ਕੈਥਲ ਦੇ 61 ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿੱਚ ਭਾਗ ਲਿਆ। ਚੰਡੀਗੜ੍ਹ ਇਕਾਈ ਦੇ ਤਰਕਸ਼ੀਲ ਸਾਥੀ ਪ੍ਰੇਮ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਵਿਗਿਆਨਕ ਚੇਤਨਾ ਦੀ ਕਿਤਾਬ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਗਿਆ, ਜਿਸ ਨਾਲ ਲਗਭਗ 100 ਵਿਦਿਆਰਥੀਆਂ ਨੇ ਇਹ ਕਿਤਾਬ ਖਰੀਦ ਲਈ।

ਚੰਡੀਗੜ੍ਹ ਇਕਾਈ ਤੋਂ ਹੀ ਸਾਥੀ ਕ੍ਰਿਸ਼ਨ ਰਾਹੀ ਅਤੇ ਸੂਬਾ ਆਗੂ ਜਸਵੰਤ ਮੋਹਾਲੀ ਵੱਲੋਂ ਚੰਡੀਗੜ੍ਹ ਦੇ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਲਾਹੌਰਾ ਦੇ ਮਾਨਯੋਗ ਪ੍ਰਿੰਸੀਪਲ ਸ਼੍ਰੀ ਕੁਲਦੀਪ ਸਿੰਘ ਬਾਠ ਦੇ ਸਹਿਯੋਗ ਨਾਲ ਵਿਦਿਆਰਥੀ ਚੇਤਨਾ ਦੀ ਪ੍ਰੀਖਿਆ ਕਰਵਾਈ ਗਈ, ਜਿਸ ਵਿੱਚ 54 ਵਿਦਿਆਰਥੀਆਂ ਨੇ ਹਿੱਸਾ ਲਿਆ। ਸਭ ਨੇ ਇਸ ਪ੍ਰੀਖਿਆ ਵਿੱਚ ਰੁਚੀ ਦਿਖਾਈ ਅਤੇ ਮੰਨਿਆ ਕਿ ਅੰਧਵਿਸ਼ਵਾਸ ਅਤੇ ਪਾਖੰਡ ਨਾਲ ਭਰੇ ਸਮਾਜ ਵਿੱਚ ਵਿਗਿਆਨਕ ਚੇਤਨਾ ਦੀ ਜੋਤ ਜਗਾਉਣ ਦੀ ਸਖਤ ਲੋੜ ਹੈ, ਤਾਂ ਜੋ ਆਉਣ ਵਾਲੀ ਪੀੜ੍ਹੀ ਵਿਗਿਆਨਕ ਦ੍ਰਿਸ਼ਟੀਕੋਣ ਅਪਨਾ ਕੇ ਆਪਣੇ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਪਾ ਸਕੇ।

ਇਸ ਤਰ੍ਹਾਂ ਹਿੰਦੀ ਮਾਧਿਅਮ ਵਾਲੇ ਲਗਭਗ 700 ਵਿਦਿਆਰਥੀਆਂ ਤੱਕ "ਵਿਗਿਆਨਕ ਚੇਤਨਾ ਸੇ ਕਾਟੇਂ ਅੰਧਵਿਸ਼ਵਾਸ ਕਾ ਜਾਲ" ਨਾਮਕ ਇਹ ਕਿਤਾਬ ਪਹੁੰਚਾਉਣਾ ਇੱਕ ਸ਼ਾਨਦਾਰ ਸ਼ੁਰੂਆਤ ਹੈ।

**ਜਸਵੰਤ ਮੋਹਾਲੀ, ਮੁਖੀ ਕੌਮੀ ਤੇ ਕੌਮਾਂਤਰੀ ਤਾਲਮੇਲ ਵਿਭਾਗ**

# ਬੱਚੇ ਗੁਸਤਾਖ਼ ਕਿਉਂ ਬਣ ਜਾਂਦੇ ਹਨ?

***ਬੱਚਿਆਂ ਦਾ ਗੁਸਤਾਖ਼ ਵਿਵਹਾਰ ਅਕਸਰ ਵੱਡਿਆਂ ਵਿੱਚ ਆਮ ਗੱਲਬਾਤ ਦੌਰਾਨ ਫ਼ਿਕਰਮੰਦੀ ਦਾ ਮੁੱਦਾ ਬਣਿਆ ਰਹਿੰਦਾ ਹੈ। 'ਕੌਣ ਬਣੇਗਾ ਕਰੋੜਪਤੀ' ਦੇ 9 ਅਕਤੂਬਰ ਵਾਲੇ ਐਪੀਸੋਡ ਵਿੱਚ ਇਸ਼ਿਤ ਭੱਟ ਨਾਂ ਦੇ ਬੱਚੇ ਵੱਲੋਂ ਅਮਿਤਾਭ ਬੱਚਨ ਨਾਲ ਕੀਤੇ ਰੁੱਖੇ ਵਿਵਹਾਰ ਨੇ ਇਸ ਮਸਲੇ ਬਾਰੇ ਕੌਮੀ ਪੱਧਰ ਉੱਤੇ ਚਰਚਾ ਛੇੜੀ ਹੈ। ਸਾਰੇ ਮਾਪਿਆਂ ਦੇ ਲਈ ਮਹੱਤਵਪੂਰਨ ਇਸ ਮੁੱਦੇ ਉੱਤੇ ਮਨੋਵਿਗਿਆਨਕ ਡਾ. ਰੂਪਾ ਰਾਵ ਦਾ ਲੇਖ ਅਸੀਂ ਪੰਜਾਬੀ ਵਿੱਚ ਅਨੁਵਾਦ ਕਰਕੇ ਪੇਸ਼ ਕਰ ਰਹੇ ਹਾਂ। ਅਸੀਂ ਆਸ ਕਰਦੇ ਹਾਂ ਕਿ ਸਾਡੇ ਪਾਠਕ ਵੀ ਇਸ ਮਸਲੇ ਬਾਰੇ ਆਪਣੇ ਅਨੁਭਵ ਅਤੇ ਵਿਚਾਰ ਸਾਂਝੇ ਕਰਨਗੇ।***



ਜਦੋਂ ਮੈਂ 'ਕੌਣ ਬਣੇਗਾ ਕਰੋੜਪਤੀ' ਪ੍ਰੋਗਰਾਮ ਵਿੱਚ ਦਸ ਵਰ੍ਹਿਆਂ ਦੇ ਬੱਚੇ ਇਸ਼ਿਤ, ਜਿਸ ਨੇ ਕਿਹਾ - 'ਮੈਨੂੰ ਨਿਯਮ ਪਤਾ ਹਨ ਸਮਝਾਉਣਾ ਸ਼ੁਰੂ ਨਾ ਕਰੋ' ਦਾ ਵਾਇਰਲ ਹੋਇਆ ਵੀਡੀਓ ਦੇਖਿਆ ਤਾਂ ਮੈਂ ਬਿਲਕੁਲ ਹੈਰਾਨ ਨਹੀਂ ਹੋਈ। ਕਿਉਂਕਿ ਸਚਾਈ ਇਹ ਹੈ ਕਿ ਮੈਂ ਅਜਿਹੇ ਬਹੁਤ ਸਾਰੇ ਬੱਚਿਆਂ ਨੂੰ ਦੇਖਿਆ ਹੈ। ਇਸ ਪੀੜ੍ਹੀ ਦੇ ਬੱਚਿਆਂ ਨਾਲ ਵਰ੍ਹਿਆਂ ਤੱਕ ਕੰਮ ਕਰਨ ਤੋਂ ਬਾਅਦ ਮੈਂ ਤੁਰੰਤ ਸਮਝ ਗਈ ਕਿ ਅਜਿਹੇ ਵਿਹਾਰ ਦੇ ਪਿੱਛੇ ਅਸਲ ਵਿੱਚ ਕੀ ਚੱਲ ਰਿਹਾ ਹੈ।

ਸੋਸ਼ਲ ਮੀਡੀਆ 'ਤੇ ਕੁਝ ਲੋਕਾਂ ਨੇ ਉਸ ਨੂੰ ਹੰਕਾਰੀ ਕਿਹਾ ਅਤੇ ਕੁਝ ਨੇ ਲਿਖਿਆ- ਮਾਂ ਬਾਪ ਨੇ ਸੰਸਕਾਰ ਨਹੀਂ ਦਿੱਤੇ। ਇਸ ਵਿੱਚ ਅੰਸ਼ਿਕ ਸੱਚਾਈ ਤਾਂ ਹੈ ਪ੍ਰੰਤੂ ਜੋ ਗੱਲ ਸਭ ਤੋਂ ਵੱਧ ਨਜ਼ਰ ਆਈ ਉਹ ਸੀ ਵਿਕਾਸ ਦਾ ਅਸੰਤੁਲਨ। ਇਸ਼ਿਤ ਜਨਰੇਸ਼ਨ ਅਲਫਾ (2010 ਤੋਂ ਬਾਅਦ ਪੈਦਾ ਹੋਏ ਬੱਚੇ) ਦੀ ਨੁਮਾਇੰਦਗੀ ਕਰਦਾ ਹੈ, ਜੋ ਸਮਾਰਟਫ਼ੋਨ, ਟੈਬਲੈੱਟ ਅਤੇ ਇੰਸਟੈਂਟ ਰਿਵਾਰਡਜ਼ (ਤੁਰੰਤ ਇਨਾਮ ਮਿਲਣਾ) ਦੀ ਵਰਤੋਂ ਨਾਲ ਵੱਡੇ ਹੋ ਰਹੇ ਹਨ। ਇਨ੍ਹਾਂ ਵਾਸਤੇ ਸਭ ਕੁਝ ਫੁਰਤੀ ਨਾਲ ਹੁੰਦਾ ਹੈ ਜਿਵੇਂ : ਜਵਾਬ, ਗੇਮ, ਤਰੀਫ਼, ਧਿਆਨ ਆਦਿ।

ਪ੍ਰੰਤੂ ਕੀ ਤੁਸੀਂ ਜਾਣਦੇ ਹੋ ਕਿ ਇਸ ਰਫਤਾਰ ਦੀ ਕੀਮਤ ਕੀ ਹੈ?

ਇਹਨਾਂ ਦੇ ਦਿਮਾਗ ਦਾ ਅਗਲਾ ਹਿੱਸਾ (Frontal Lobe) ਜੋ ਫੈਸਲੇ ਲੈਣ, ਸਹਿਜਤਾ ਰੱਖਣ ਅਤੇ ਭਾਵਨਾਵਾਂ ਨੂੰ ਕੰਟਰੋਲ ਕਰਨ ਦਾ ਕੰਮ ਕਰਦਾ ਹੈ, ਉਹ ਸੁਸਤ ਰਫ਼ਤਾਰ ਨਾਲ ਵਿਕਸਿਤ ਹੋ ਰਿਹਾ ਹੈ। ਇਹੀ ਕਾਰਨ ਹੈ ਕਿ ਅੱਜ ਅਸੀਂ ਤੇਜ ਸੋਚ ਪਰ ਕਮਜ਼ੋਰ ਕੰਟਰੋਲ ਦਾ ਪੈਟਰਨ ਦੇਖ ਰਹੇ ਹਾਂ। ਇਹ ਵਿਵਹਾਰ ਦਿਮਾਗੀ ਅਸੰਤੁਲਨ ਨੂੰ ਜਾਹਿਰ ਕਰਦਾ ਹੈ।

ਅਜਿਹਾ ਵਿਵਹਾਰ ਕਦੇ ਕਦਾਈ 'ਧਿਆਨ ਘੱਟ ਸਰਗਰਮੀ ਅੱਤ' (Attention Deficit Hyperactivity Disorder) ਜਾਂ ਵਿਰੋਧਾਤਮਿਕ ਅੱਥਰੇ ਵਿਗਾੜ (Oppositional Defiant Disorder) ਦੇ ਸ਼ੁਰੂਆਤੀ ਸੰਕੇਤ ਦਿੰਦਾ ਹੈ। ਇਹ ਕੋਈ ਬਿਮਾਰੀ ਨਹੀਂ ਹੈ ਬਲਕਿ ਅਸੰਤੁਲਤ ਢੰਗ ਨਾਲ ਵਿਕਸਿਤ ਹੋ ਰਹੇ ਦਿਮਾਗ ਦੇ ਆਰੰਭਕ ਸੰਕੇਤ ਹਨ। ਇਹ ਸੰਕੇਤ ਦੂਜਿਆਂ ਦੀ ਗੱਲ ਨੂੰ ਵਿਚਕਾਰੋਂ ਕੱਟਣ, ਬੇਚੈਨੀ, ਬੇਸਬਰੀ, ਬਹੁਤ ਜਿਆਦਾ ਕ੍ਰਿਆਸ਼ੀਲਤਾ ਅਤੇ ਤੁਰੰਤ ਜਵਾਬ ਦੇਣ ਰਾਹੀ ਪ੍ਰਗਟ ਹੁੰਦੇ ਹਨ।

**ਵਿਰੋਧ-ਭਰਪੂਰ ਅੱਥਰੇ ਵਿਗਾੜ ਦੇ ਲੱਛਣ-**

-ਵੱਡਿਆਂ ਅਤੇ ਸਿਆਣੇ ਬੰਦਿਆਂ ਨਾਲ ਬਹਿਸ ਕਰਨਾ

-ਜਿੱਦੀਪੁਣਾ, ਹਮੇਸ਼ਾ 'ਮੈਂ ਹੀ ਠੀਕ ਹਾਂ' ਵਾਲਾ ਰਵੱਈਆ

-ਗਲਤੀ ਹੋਣ 'ਤੇ ਵੀ ਗਲਤੀ ਮੰਨਣ ਤੋਂ ਇਨਕਾਰੀ ਹੋਣਾ-ਰਾਹੀਂ ਦਿਖਾਈ ਦਿੰਦੇ ਹਨ।

ਇਸ ਸਭ ਕੁਝ ਦਾ ਮਤਲਬ ਹੈ ਭਾਵਨਾਤਮਿਕ ਅਸੰਤੁਲਨ। ਇਸ ਸਥਿਤੀ ਵਿੱਚ ਦਿਮਾਗ ਦੁਆਰਾ ਭਾਵਨਾਵਾਂ

ਨੂੰ ਕੰਟਰੋਲ ਕਰਨ ਦੀ ਬਜਾਏ, ਭਾਵਨਾਵਾਂ ਦਿਮਾਗ ਨੂੰ ਕੰਟਰੋਲ ਕਰਨ ਲੱਗਦੀਆਂ ਹਨ। ਅਜਿਹੇ ਬੱਚਿਆਂ ਵਿੱਚ ਭਾਵਨਾਵਾਂ ਦੀ ਜਿੱਤ ਹੁੰਦੀ ਹੈ ਅਤੇ ਤਰਕ ਹਾਰ ਜਾਂਦਾ ਹੈ।

ਬੱਚੇ ਦੇ ਆਤਮ ਵਿਸ਼ਵਾਸ ਦੇ ਉਹਲੇ ਡਰ ਦੀ ਭਾਵਨਾ ਪਈ ਹੁੰਦੀ ਹੈ, ਜਿਸਦਾ ਅਸਲ ਕਾਰਨ ਆਪਣੀ ਕਾਰਗੁਜ਼ਾਰੀ ਸਬੰਧੀ ਚਿੰਤਾ ਵੀ ਹੋ ਸਕਦੀ ਹੈ। ਇਸੇ ਭਾਵਨਾ ਤਹਿਤ ਉਹ ਲੋੜੋਂ ਵੱਧ ਆਤਮ ਵਿਸ਼ਵਾਸ ਦਾ ਵਿਖਾਵਾ ਕਰਦਾ ਹੈ।

ਜਦੋਂ ਕੋਈ ਬੱਚਾ ਇਹ ਮਹਿਸੂਸ ਕਰਦਾ ਹੈ ਕਿ ਉਸ ਨੂੰ ਬੁੱਧੀਮਾਨ ਦਿਸਣਾ ਚਾਹੀਦਾ ਹੈ ਤਾਂ ਉਹ ਆਪਣੇ ਡਰ ਨੂੰ ਲੁਕਾਉਣ ਵਾਸਤੇ ਹੁਕਮੀਆਂ ਲਹਿਜੇ ਨਾਲ ਉੱਚੀ ਅਤੇ ਪ੍ਰਭਾਵਸ਼ਾਲੀ ਆਵਾਜ਼ ਵਿੱਚ ਗੱਲ ਕਰਦਾ ਹੈ। ਇਹ ਉਸਦਾ ਰੱਖਿਆ ਤੰਤਰ (Defence Mechanism) ਹੁੰਦਾ ਹੈ ਜਿੱਥੇ ਆਤਮ ਵਿਸ਼ਵਾਸ ਦਾ ਮਖੌਟਾ ਪਹਿਨ ਕੇ ਅਸੁਰੱਖਿਆ ਦੀ ਭਾਵਨਾ ਨੂੰ ਲੁਕੋਇਆ ਜਾਂਦਾ ਹੈ।

ਇੱਕ ਥਾਂ ਉਸਨੇ ਕਿਹਾ ਕਿ ਜੇ ਮੈਂ 12 ਲੱਖ ਰੁਪਏ ਨਾ ਜਿੱਤ ਸਕਿਆ ਤਾਂ ਮੈਨੂੰ ਆਪ ਦੇ (ਅਮਿਤਾਭ ਬਚਨ ਦੇ) ਨਾਲ ਫੋਟੋ ਖਿਚਵਾਉਣ ਦੀ ਇਜਾਜ਼ਤ ਨਹੀਂ ਮਿਲੇਗੀ। ਇਹ ਇੱਕ ਵਾਕ ਹੀ ਉਸ ਦੇ ਅੰਦਰ ਦੀ ਪ੍ਰਦਰਸ਼ਨ ਦੀ ਚਿੰਤਾ ਨੂੰ ਜ਼ਾਹਿਰ ਕਰਦਾ ਹੈ। ਉਸ ਦੀ ਸਵੈ-ਕੀਮਤ ਪਹਿਲਾਂ ਹੀ ਉਸ ਦੀ ਪ੍ਰਾਪਤੀ ਨਾਲ ਜੋੜੀ ਜਾ ਚੁੱਕੀ ਹੈ। ਅਜਿਹਾ ਦਬਾਅ ਅਕਸਰ ਮਾਤਾ ਪਿਤਾ ਜਾਂ ਸਮਾਜ ਦੀਆਂ ਉਮੀਦਾਂ ਤੋਂ ਪੈਦਾ ਹੁੰਦਾ ਹੈ।

**ਬੱਚਿਆਂ ਨੂੰ 'ਸਮਾਰਟ' ਨਹੀਂ 'ਸ਼ਾਂਤ' ਬਣਨਾ ਸਿਖਾਓ**

ਅੱਜ ਕੱਲ ਮਾਪੇ ਆਪਣੇ ਬੱਚਿਆਂ ਦੀ ਬੁੱਧੀਮਾਨੀ ਅਤੇ ਜਿੱਤ ਦੀ ਪ੍ਰਸੰਸਾ ਤਾਂ ਕਰਦੇ ਹਨ ਪਰ ਇਸ ਗੱਲ 'ਤੇ ਘੱਟ ਧਿਆਨ ਦਿੰਦੇ ਹਨ ਕਿ ਬੱਚਾ ਆਪਣੀਆਂ ਭਾਵਨਾਵਾਂ ਕਿਵੇਂ ਜ਼ਾਹਿਰ ਕਰਦਾ ਹੈ। ਬੱਚਿਆਂ ਨੂੰ 'ਤੇਜ' ਬਣਾਉਣ ਤੋਂ ਪਹਿਲਾਂ ਧੀਰਜ ਵਾਲੇ ਬਣਨਾ ਸਿਖਾਓ। ਪਰ ਦੁੱਖ ਦੀ ਗੱਲ ਇਹ ਹੈ ਕਿ ਜਿਆਦਾਤਰ ਵੱਡੇ ਖੁਦ ਹੀ ਧੀਰਜ ਰੱਖਣ ਤੋਂ ਵਾਂਝੇ ਹਨ ਤਾਂ ਉਹ ਬੱਚੇ ਨੂੰ ਕੀ ਸਿਖਾਉਣਗੇ।

ਬੱਚੇ ਸਾਡੇ ਸ਼ਬਦਾਂ ਤੋਂ ਨਹੀਂ ਸਾਡੇ ਆਪਣੇ ਸਲੀਕੇ ਤੋਂ ਸਿੱਖਦੇ ਹਨ। ਜੇਕਰ ਘਰ ਵਿੱਚ ਗੁੱਸਾ, ਬੇਸਬਰੀ ਜਾਂ ਆਲੋਚਨਾ ਦੇਖਦੇ ਹਨ ਤਾਂ ਉਹ ਇਹੀ ਪੈਟਰਨ ਬਾਹਰ ਦੁਹਰਾਉਣਗੇ।

ਅੱਜ ਦੇ ਬੱਚਿਆਂ ਵਿੱਚ ਮੈਂ ਕੀ ਦੇਖਦੀ ਹਾਂ ਕਿ ਸੱਤਵੀਂ ਜਮਾਤ ਦਾ ਇੱਕ ਬੱਚਾ ਮੈਨੂੰ ਕਹਿੰਦਾ ਹੈ "ਮੈਨੂੰ ਪਹਿਲਾਂ ਹੀ ਸਾਰਾ ਕੁਝ ਪਤਾ ਹੈ" ਅੱਠਵੀਂ ਜਮਾਤ ਦੀ ਇੱਕ ਲੜਕੀ ਸ਼ੁਰੂਆਤੀ ਪ੍ਰੇਮ ਸੰਬੰਧਾਂ ਵਿੱਚ ਉਲਝ ਕੇ ਭਾਵਨਾਤਮਿਕ ਰੂਪ ਵਿੱਚ ਫਸ ਜਾਂਦੀ ਹੈ। ਕੀ ਇਸ ਦਾ ਕਾਰਨ ਮਾਤਾ ਪਿਤਾ ਹਨ? ਹਮੇਸ਼ਾ ਨਹੀਂ। ਇੱਥੋਂ ਤੱਕ ਕਿ ਪਿਆਰ ਅਤੇ ਮਾਰਗ-ਦਰਸ਼ਨ ਕਰਨ ਵਾਲੇ ਘਰਾਂ ਵਿੱਚ ਵੀ ਕੁਝ ਬੱਚੇ ਬਾਗੀ ਹੋ ਜਾਂਦੇ ਹਨ। ਖਾਸ ਤੌਰ ਤੇ ਅੰਤਰਰਾਸ਼ਟਰੀ ਤੇ ਨਾਮਵਰ ਸਕੂਲਾਂ ਵਿੱਚ ਦੋ ਪ੍ਰਕਾਰ ਦੇ ਬੱਚੇ ਦੇਖਣ ਨੂੰ ਮਿਲਦੇ ਹਨ - ਪਹਿਲੇ ਘੁਮੰਡੀ, ਲਾਪਰਵਾਹ ਅਤੇ ਹਮਦਰਦੀ ਰੱਖਣ ਤੋਂ ਵਾਂਝੇ ਹੁੰਦੇ ਹਨ। ਦੂਜੇ ਜੋ ਇਕੱਲਤਾ, ਫ਼ਿਕਰ ਅਤੇ ਉਦਾਸੀ ਵਿੱਚ ਡੁੱਬ ਜਾਂਦੇ ਹਨ ਕਿਉਂਕਿ ਉਹ ਹਾਸਲ ਹਾਲਤਾਂ ਅਨੁਸਾਰ ਢਲ ਨਹੀਂ ਪਾਉਂਦੇ। ਬੱਚਿਆਂ ਉੱਤੇ ਸਕੂਲ, ਸਾਥੀ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਦੇ ਵਾਤਾਵਰਨ, ਸਭ ਦਾ ਅਸਰ ਹੁੰਦਾ ਹੈ। ਕਈ ਵਾਰ ਸਿੱਖਿਆ ਪ੍ਰਣਾਲੀ ਹੀ ਉਹਨਾਂ ਦੇ ਸਿੱਖਣ ਦੇ ਤਰੀਕੇ ਨਾਲ ਮੇਲ ਨਹੀਂ ਖਾਂਦੀ। ਇਹੋ ਅਸੰਗਤੀ, ਫਿਰ ਵਿਰੋਧ ਜਾਂ ਬਗਾਵਤ ਦੇ ਰੂਪ ਵਿੱਚ ਪ੍ਰਗਟ ਹੁੰਦੀ ਹੈ।

ਸਾਨੂੰ ਸਾਡੀ ਸੋਚ ਅਤੇ ਸਿੱਖਿਆ ਪ੍ਰਣਾਲੀ ਬਦਲਣ ਦੀ ਲੋੜ

ਮੈਂ ਪਹਿਲਾਂ ਵੀ ਕਈ ਵਾਰ ਲਿਖ ਚੁੱਕੀ ਹਾਂ ਕਿ ਸਾਡੀ ਮਾਪਿਆਂ ਦੀ ਸੋਚ, ਸਿੱਖਿਆ ਪ੍ਰਣਾਲੀ ਅਤੇ ਸਮਾਜਿਕ ਇੱਛਾਵਾਂ ਨੂੰ ਹੁਣ ਬਦਲਣ ਦੀ ਲੋੜ ਹੈ। ਜੇਕਰ ਇਹ ਨਾ ਹੋਇਆ ਤਾਂ ਅਜਿਹਾ ਸਲੂਕ ਹੌਲੀ ਹੌਲੀ ਆਮ ਸਮਝਿਆ ਜਾਣ ਲੱਗੇਗਾ।

ਜ਼ਿਕਰ ਅਧੀਨ ਬੱਚਾ ਸਮੱਸਿਆ ਨਹੀਂ ਹੈ, ਉਹ ਸਾਡੀ ਪੀੜ੍ਹੀ ਦੇ ਅਸੰਤੁਲਨ ਦਾ ਲੱਛਣ ਹੈ। ਅਸੀਂ ਬੱਚਿਆਂ ਨੂੰ ਚਮਕਦਾਰ, ਤਕਨੀਕੀ ਤੌਰ 'ਤੇ ਮਾਹਿਰ, ਬੋਲਣ ਵਿੱਚ ਤੇਜ ਤਾਂ ਬਣਾ ਰਹੇ ਹਾਂ ਪਰ ਨਾਲ ਹੀ ਭਾਵਨਾਤਮਿਕ ਤੌਰ ਤੇ ਅਸਥਿਰ ਵੀ ਕਰ ਰਹੇ ਹਾਂ। ਉਨ੍ਹਾਂ ਦੀ ਕੇਵਲ ਆਲੋਚਨਾ ਕਰੀ ਜਾਣ ਦੀ ਬਜਾਏ ਸਮਝ ਦੇਣ, ਭਾਵਨਾਤਮਿਕ ਸਿਖਲਾਈ ਅਤੇ ਸੁਚੇਤ ਮਿਸਾਲਾਂ ਦੇਣ ਦੀ ਜਰੂਰਤ ਹੈ। ਕਿਉਂਕਿ ਹਰ ਚਤੁਰ ਬੱਚੇ ਦੇ ਪਿੱਛੇ ਇੱਕ ਰੋਸ਼ਨ, ਲੇਕਿਨ ਬੇਚੈਨ ਮਨ ਹੁੰਦਾ ਹੈ, ਜਿਸ ਨੂੰ ਦਬਾਉਣ ਦੀ ਨਹੀਂ, ਸਹੀ ਦਿਸ਼ਾ ਦੇਣ ਦੀ ਲੋੜ ਹੁੰਦੀ ਹੈ। ਜਿਨ੍ਹਾਂ ਵੱਡਿਆਂ ਨੇ ਸੋਸ਼ਲ ਮੀਡੀਆ ਉੱਤੇ ਉਸ ਬੱਚੇ ਦੀ ਆਲੋਚਨਾ ਕੀਤੀ ਹੈ, ਉਹੀ ਲੋਕ ਅਕਸਰ ਖੁਦ ਸੋਸ਼ਲ ਮੀਡੀਆ ਉੱਤੇ, ਖਾਸ ਕਰ ਉੱਚੇ ਅਹੁਦਿਆਂ ਉਪਰ ਬੈਠੇ ਲੋਕਾਂ ਪ੍ਰਤੀ, ਗੁੱਸਾ ਅਤੇ ਨਿਰਾਦਰ ਵਿਖਾਉਂਦੇ ਹਨ ਅਤੇ ਅਪਸ਼ਬਦ ਬੋਲਦੇ ਹਨ। ਇਹੀ ਸਭ ਤੋਂ ਵੱਡੀ ਸਮਾਜਿਕ ਵਿਡੰਬਨਾ ਹੈ।

**ਅਨੁਵਾਦ - ਰਣਧੀਰ ਗਿੱਲਪੱਤੀ**

# ਲੁਈਸ ਬਰੇਲ : ਅੰਨ੍ਹੇਰੇ ਵਿਚੋਂ ਉੱਗਿਆ ਸੂਰਜ

ਸੰਸਾਰ ਦੇ ਇਤਿਹਾਸ ਵਿੱਚ ਕੁਝ ਲੋਕ ਅਜਿਹੇ ਹੁੰਦੇ ਹਨ ਜਿਨ੍ਹਾਂ ਨੇ ਆਪਣੀ ਨਿੱਜੀ ਤਕਲੀਫ਼ ਨੂੰ ਦੂਜਿਆਂ ਦੀ ਖੁਸ਼ਹਾਲੀ ਦਾ ਸਾਧਨ ਬਣਾ ਦਿੱਤਾ। ਲੁਈਸ ਬਰੇਲ ਉਨ੍ਹਾਂ ਵਿੱਚੋਂ ਇੱਕ ਸਭ ਤੋਂ ਚਮਕਦਾਰ ਨਾਮ ਹੈ। ਉਹ ਇੱਕ ਨੇਤਰਹੀਣ ਬੱਚਾ ਸੀ ਜਿਸ ਨੇ ਨਾ ਸਿਰਫ਼ ਆਪਣੀ ਜ਼ਿੰਦਗੀ ਨੂੰ ਰੌਸ਼ਨ ਕੀਤਾ, ਸਗੋਂ ਦੁਨੀਆਂ ਭਰ ਦੇ ਲੱਖਾਂ ਨੇਤਰਹੀਣ ਲੋਕਾਂ ਲਈ ਪੜ੍ਹਨ-ਲਿਖਣ ਦਾ ਦਰਵਾਜ਼ਾ ਖੋਲ੍ਹ ਦਿੱਤਾ। ਉਸ ਦੀ ਖੋਜ - ਬਰੇਲ ਲਿਪੀ - ਅੱਜ ਵੀ ਨੇਤਰਹੀਣਾਂ ਦੀ ਸਿੱਖਿਆ ਅਤੇ ਸਵੈ-ਨਿਰਭਰਤਾ ਦਾ ਸਭ ਤੋਂ ਵੱਡਾ ਹਥਿਆਰ ਹੈ।

ਲੁਈਸ ਬਰੇਲ ਦਾ ਜਨਮ 4 ਜਨਵਰੀ 1809 ਨੂੰ ਫ਼ਰਾਂਸ ਦੇ ਇੱਕ ਛੋਟੇ ਜਿਹੇ ਪਿੰਡ ਕੂਵਰੇ (Coupvray) ਵਿੱਚ ਹੋਇਆ। ਉਸ ਦਾ ਪਿਤਾ ਸਾਈਮਨ-ਰੇਨੇ ਬਰੇਲ ਇੱਕ ਚਮੜੇ ਦਾ ਕਾਰੀਗਰ ਸੀ। ਜਦੋਂ ਲੁਈਸ ਸਿਰਫ਼ ਤਿੰਨ ਸਾਲ ਦਾ ਸੀ, ਤਾਂ ਇੱਕ ਦਿਨ ਉਸਨੇ ਆਪਣੇ ਪਿਤਾ ਦੀ ਵਰਕਸ਼ਾਪ ਵਿੱਚ ਖੇਡਦਿਆਂ ਇੱਕ ਤਿੱਖੇ ਔਜ਼ਾਰ ਨਾਲ ਖੁਦ ਨੂੰ ਜ਼ਖ਼ਮੀ ਕਰ ਲਿਆ। ਉਸ ਦੀ ਇੱਕ ਅੱਖ ਵਿੱਚ ਡੂੰਘਾ ਜ਼ਖ਼ਮ ਲੱਗਾ। ਉਸ ਸਮੇਂ ਡਾਕਟਰੀ ਸਹੂਲਤਾਂ ਬਹੁਤ ਘੱਟ ਸਨ। ਇਨਫੈਕਸ਼ਨ ਫੈਲਦੀ ਗਈ ਅਤੇ ਕੁਝ ਸਾਲਾਂ ਵਿੱਚ ਉਸ ਦੀ ਦੋਵੇਂ ਅੱਖਾਂ ਦੀ ਰੌਸ਼ਨੀ ਪੂਰੀ ਤਰ੍ਹਾਂ ਖਤਮ ਹੋ ਗਈ। ਸਿਰਫ਼ ਪੰਜ ਸਾਲ ਦੀ ਉਮਰ ਵਿੱਚ ਲੁਈਸ ਪੂਰਨ ਅੰਨ੍ਹਾ ਹੋ ਗਿਆ। ਪਰ ਲੁਈਸ ਦਾ ਮਨ ਕਦੇ ਨਾ ਹਾਰ ਮਾਨਣ ਵਾਲਾ ਸੀ। ਉਸ ਦੇ ਮਾਪੇ ਬਹੁਤ ਹਿੰਮਤ ਵਾਲੇ ਸਨ। ਉਨ੍ਹਾਂ ਨੇ ਬੱਚੇ ਨੂੰ ਕਦੇ ਦਯਾ ਦਾ ਪਾਤਰ ਨਹੀਂ ਬਣਨ ਦਿੱਤਾ। ਲੁਈਸ ਘਰੇ ਆਪਣੇ ਆਪ ਨੂੰ ਰੁਝਿਆਂ ਰੱਖਦਾ, ਲਕੜੀਆਂ ਕੱਟਦਾ, ਤੇ ਆਪਣੀਆਂ ਭੈਣਾਂ ਨਾਲ ਖੇਡਦਾ। ਉਸ ਨੇ ਇਹ ਸਾਬਤ ਕਰ ਦਿੱਤਾ ਕਿ ਸਭ ਤੋਂ ਡੂੰਘਾ ਹਨੇਰਾ ਵੀ ਉਦੋਂ ਟੁੱਟ ਜਾਂਦਾ ਹੈ, ਜੇ ਇੱਕ ਛੋਟਾ ਜਿਹਾ ਬੱਚਾ ਆਪਣੇ ਅੰਦਰ ਦੀ ਜਵਾਲਾ ਨੂੰ ਬੁਝਣ ਨਾ ਦੇਵੇ।

10 ਸਾਲ ਦੀ ਉਮਰ ਵਿੱਚ ਉਸ ਨੂੰ ਪੈਰਿਸ ਸਥਿਤ “ਇੰਸਟੀਚਿਊਟ ਨੈਸ਼ਨਲ ਡੇ ਜੂਨਸ ਅਵੂਗਲਜ਼” (Institut National des Jeunes Aveugles) ਵਿੱਚ ਦਾਖ਼ਲ ਕਰਵਾਇਆ ਗਿਆ। ਇਹ ਸੰਸਾਰ ਦਾ ਪਹਿਲਾ ਨੇਤਰਹੀਣ ਸਕੂਲ ਸੀ। ਉਸ ਸਮੇਂ ਨੇਤਰਹੀਣ ਬੱਚੇ ਪੜ੍ਹਨ ਲਈ “ਹਾਓਈ ਸਿਸਟਮ” (Hauy System) ਵਰਤਦੇ ਸਨ ਜਿਸ ਵਿੱਚ ਕਾਗਜ਼ ਉੱਤੇ ਉੱਭਰੇ ਹੋਏ ਅੱਖਰ ਛਾਪੇ ਜਾਂਦੇ ਸਨ। ਇਹ ਤਰੀਕਾ ਬਹੁਤ ਹੌਲੀ ਅਤੇ ਮੁਸ਼ਕਿਲ ਸੀ। ਲੁਈਸ ਨੂੰ ਇਹ ਤਰੀਕਾ ਕਦੇ ਪਸੰਦ ਨਹੀਂ ਆਇਆ। ਉਹ ਸੋਚਦਾ ਸੀ ਕਿ ਕੋਈ ਅਜਿਹਾ ਸਿਸਟਮ ਹੋਣਾ ਚਾਹੀਦਾ ਹੈ ਜਿਸ ਨਾਲ ਅੰਨ੍ਹੇ ਲੋਕ ਨਾ ਸਿਰਫ਼ ਪੜ੍ਹ ਸਕਣ, ਸਗੋਂ ਆਪ ਵੀ ਲਿਖ ਸਕਣ। 1819 ਵਿੱਚ ਸਕੂਲ ਵਿੱਚ ਇੱਕ ਫ਼ੌਜੀ ਅਫ਼ਸਰ ਚਾਰਲਸ ਬਾਰਬੀਏ ਆਇਆ। ਉਸ ਨੇ “ਨਾਈਟ ਰਾਈਟਿੰਗ” (Night Writing) ਨਾਮ ਦਾ ਇੱਕ ਕੋਡ ਦਿਖਾਇਆ ਜੋ ਨੈਪੋਲੀਅਨ ਦੀ ਫ਼ੌਜ ਰਾਤ ਨੂੰ ਬਿਨਾਂ ਰੌਸ਼ਨੀ ਦੇ ਸੰਦੇਸ਼ ਭੇਜਣ ਲਈ ਵਰਤਦੀ ਸੀ। ਇਸ ਵਿੱਚ 12 ਉੱਭਰੇ ਹੋਏ ਬਿੰਦੀਆਂ ਦੇ ਸੰਜੋਗ ਵਰਤੇ ਜਾਂਦੇ ਸਨ। ਲੁਈਸ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ, ਪਰ ਉਸ ਨੂੰ ਲੱਗਾ ਕਿ ਇਹ ਬਹੁਤ ਗੁੰਝਲਦਾਰ ਹੈ। ਸਿਰਫ਼ 12-13 ਸਾਲ ਦੀ ਉਮਰ ਵਿੱਚ ਲੁਈਸ ਨੇ ਇਸ ਨੂੰ ਸੁਧਾਰਨ ਦਾ ਫ਼ੈਸਲਾ ਕੀਤਾ। ਉਹ ਰਾਤ-ਦਿਨ ਮਿਹਨਤ ਕਰਦਾ। ਅਨੇਕਾਂ ਵਾਰ ਅਸਫ਼ਲ ਹੋਇਆ, ਪਰ ਉਸਨੇ ਫਿਰ ਵੀ ਨਾ ਹਾਰ ਮੰਨੀ। ਅਖ਼ੀਰ 1824 ਵਿੱਚ, ਜਦੋਂ ਉਹ ਸਿਰਫ਼ 15 ਸਾਲ ਦਾ ਸੀ, ਉਸ ਨੇ 6 ਬਿੰਦੀਆਂ ਵਾਲਾ ਸਿਸਟਮ ਤਿਆਰ ਕਰ ਲਿਆ ਜਿਸ



**Louis Braille**



ਨੂੰ ਅੱਜ ਅਸੀਂ "ਬਰੇਲ ਲਿਪੀ" ਕਹਿੰਦੇ ਹਾਂ। ਇੱਕ 2×3 ਦੇ ਗਰਿੱਡ ਵਿੱਚ 6 ਬਿੰਦੀਆਂ ਦੇ ਵੱਖ-ਵੱਖ ਸੰਜੋਗਾਂ ਨਾਲ ਸਾਰੇ ਅੱਖਰ, ਅੰਕ ਤੇ ਵਿਰਾਮ ਚਿੰਨ੍ਹ ਬਣਾਏ ਜਾ ਸਕਦੇ ਸਨ। ਇਹ ਤਰੀਕਾ ਇੰਨਾ ਸਾਦਾ ਤੇ ਤੇਜ਼ ਸੀ ਕਿ ਉਂਗਲਾਂ ਦੀ ਹਲਕੀ ਟੋਹ ਨਾਲ ਹੀ ਪੜ੍ਹਿਆ ਜਾ ਸਕਦਾ ਸੀ। ਸਭ ਤੋਂ ਵੱਡੀ ਗੱਲ - ਇਸ ਨਾਲ ਲਿਖਣਾ ਵੀ ਸੌਖਾ ਸੀ। ਸ਼ੁਰੂ ਵਿੱਚ ਸਕੂਲ ਪ੍ਰਸ਼ਾਸਨ ਨੇ ਇਸ ਨੂੰ ਮੰਨਿਆ ਨਹੀਂ। ਉਹ ਪੁਰਾਣੇ ਹਾਓਈ ਸਿਸਟਮ ਉੱਤੇ ਹੀ ਅੜੇ ਰਹੇ। ਪਰ ਵਿਦਿਆਰਥੀ ਚੋਰੀ-ਛਿਪੇ ਬਰੇਲ ਲਿਪੀ ਵਰਤਣ ਲੱਗ ਪਏ। ਲੁਈਸ ਖ਼ੁਦ ਸਕੂਲ ਵਿੱਚ ਅਧਿਆਪਕ ਬਣਿਆ ਤੇ ਆਪਣੇ ਵਿਦਿਆਰਥੀਆਂ ਨੂੰ ਇਹ ਸਿਖਾਉਂਦਾ ਰਿਹਾ। ਹੌਲੀ-ਹੌਲੀ ਲੋਕਾਂ ਨੂੰ ਇਸ ਦੀ ਮਹੱਤਤਾ ਸਮਝ ਆਈ। 1854 ਵਿੱਚ ਫ਼ਰਾਂਸ ਨੇ ਸਰਕਾਰੀ ਤੌਰ ਉੱਤੇ ਬਰੇਲ ਲਿਪੀ ਨੂੰ ਮਾਨਤਾ ਦੇ ਦਿੱਤੀ। ਪਰ ਉਦੋਂ ਤੱਕ ਲੁਈਸ ਦੁਨੀਆਂ ਵਿੱਚ ਨਹੀਂ ਸੀ। ਲੁਈਸ ਬਰੇਲ ਨੂੰ ਸਾਰੀ ਉਮਰ ਤਪਦਿਕ (ਟੀ.ਬੀ.) ਰਹੀ। ਉਹ ਕਮਜ਼ੋਰ ਰਹਿੰਦਾ ਸੀ। 6 ਜਨਵਰੀ 1852 ਨੂੰ ਸਿਰਫ਼ 43 ਸਾਲ ਦੀ ਉਮਰ ਵਿੱਚ ਉਹ ਇਸ ਦੁਨੀਆਂ ਤੋਂ ਚਲਾਣਾ ਹੋ ਗਿਆ। ਦੋ ਸਾਲ ਬਾਅਦ ਹੀ ਉਸ ਦੀ ਲਿਪੀ ਨੂੰ ਸਰਕਾਰੀ ਮਾਨਤਾ ਮਿਲੀ।

ਅੱਜ ਦੁਨੀਆਂ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਲਈ ਬਰੇਲ ਲਿਪੀ ਮੌਜੂਦ ਹੈ - ਪੰਜਾਬੀ, ਹਿੰਦੀ, ਅੰਗਰੇਜ਼ੀ, ਅਰਬੀ, ਚੀਨੀ ਹਰੇਕ ਲਈ। ਯੂਨੈਸਕੋ ਨੇ ਲੁਈਸ ਬਰੇਲ ਦੇ ਜਨਮ ਦਿਨ 4 ਜਨਵਰੀ ਨੂੰ "ਵਿਸ਼ਵ ਬਰੇਲ ਦਿਵਸ" ਵਜੋਂ ਮਨਾਉਣ ਦਾ ਐਲਾਨ ਕੀਤਾ ਹੈ। ਲੁਈਸ ਬਰੇਲ ਨੇ ਸਾਨੂੰ ਸਿਖਾਇਆ ਕਿ ਜੇਕਰ ਮਨ ਮਜਬੂਤ ਹੈ, ਤਾਂ ਅੰਨ੍ਹੇਰੇ ਵਿੱਚ ਵੀ ਰੌਸ਼ਨੀ ਪੈਦਾ ਕੀਤੀ ਜਾ ਸਕਦੀ ਹੈ। ਉਸ ਦੀ ਜ਼ਿੰਦਗੀ ਸਾਬਤ ਕਰਦੀ ਹੈ ਕਿ ਸਭ ਤੋਂ ਵੱਡੀਆਂ ਖੋਜਾਂ ਅਕਸਰ ਉਨ੍ਹਾਂ ਲੋਕਾਂ ਦੇ ਹੱਥੋਂ ਹੁੰਦੀਆਂ ਹਨ ਜਿਨ੍ਹਾਂ ਨੂੰ ਸੰਸਾਰ ਸਭ ਤੋਂ ਵੱਧ ਅਸਮਰੱਥ ਸਮਝਦਾ ਹੈ। ਉਹ ਸਾਧਾਰਣ ਨੇਤਰਹੀਣ ਨੌਜਵਾਨ ਨਹੀਂ ਸੀ - ਉਹ ਇੱਕ ਦੂਰ-ਅੰਦੇਸ਼ ਵਿਗਿਆਨੀ, ਸਿੱਖਿਅਕ ਤੇ ਇਨਸਾਨੀਅਤ ਦਾ ਸੱਚਾ ਹਮਦਰਦ ਸੀ। ਉਸ ਦੀ ਬਰੇਲ ਲਿਪੀ ਅੱਜ ਵੀ ਲੱਖਾਂ ਨੇਤਰਹੀਣਾਂ ਦੀਆਂ ਉਂਗਲਾਂ ਹੇਠ ਚਲਦੀ ਹੈ ਤੇ ਉਨ੍ਹਾਂ ਦੇ ਦਿਲਾਂ ਵਿੱਚ ਆਤਮ-ਵਿਸ਼ਵਾਸ ਦੀ ਰੌਸ਼ਨੀ ਭਰਦੀ ਹੈ। ਲੁਈਸ ਬਰੇਲ ਸਦਾ ਲਈ ਜਿਊਂਦਾ ਰਹੇਗਾ - ਹਰ ਉਸ ਬਿੰਦੀ ਵਿੱਚ ਜੋ ਕਿਸੇ ਨੇਤਰਹੀਣ ਬੱਚੇ ਦੀ ਉਂਗਲ ਹੇਠੋਂ ਲੰਘ ਕੇ ਉਸ ਦੇ ਮਨ ਵਿੱਚ ਸੁਪਨੇ ਬੀਜਦੀ ਹੈ।

**ਲੇਖਕ-ਗਰੋਕ (Grok)**

---

## ਰੋਜ਼ਾਨਾ ਅਗਰਬੱਤੀਆਂ ਲਾਉਣ ਨਾਲ ਵਧਦਾ ਹੈ ਬਿਮਾਰੀਆਂ ਦਾ ਖ਼ਤਰਾ

ਆਮ ਦਿਨਾਂ ਵਿੱਚ ਅਤੇ ਖ਼ਾਸ ਕਰਕੇ ਤਿਓਹਾਰਾਂ ਵੇਲੇ ਬਹੁਤ ਸਾਰੇ ਲੋਕ ਘਰ ਵਿੱਚ ਅਗਰਬੱਤੀਆਂ ਲਗਾਉਂਦੇ ਹਨ। ਪਰ ਵੱਖ-ਵੱਖ ਵਿਗਿਆਨਕ ਰਿਪੋਰਟਾਂ ਇਹ ਚੇਤਾਵਨੀ ਦਿੰਦੀਆਂ ਹਨ ਕਿ ਅਗਰਬੱਤੀਆਂ ਤੋਂ ਨਿਕਲਣ ਵਾਲਾ ਧੂੰਆ ਅਤੇ ਗੰਧ ਸਿਹਤ ਸਬੰਧੀ ਦਿੱਕਤਾਂ ਦਾ ਕਾਰਨ ਬਣ ਰਹੇ ਹਨ।

ਸਾਹ ਸਬੰਧੀ ਰੋਗਾਂ ਦੀ ਮਾਹਿਰ ਡਾ. ਸੋਨੀਆ ਗੋਇਲ ਨੇ ਰੋਜ਼ਾਨਾ ਅਗਰਬੱਤੀਆਂ ਦਾ ਧੂੰਆ ਸਾਹ ਨਾਲ ਅੰਦਰ ਜਾਣ ਕਰਕੇ ਹੁੰਦੀਆਂ ਸਿਹਤ ਸਬੰਧੀ ਦਿੱਕਤਾਂ ਬਾਰੇ ਕਿਹਾ ਕਿ ਅਗਰਬੱਤੀਆਂ ਫੇਫੜਿਆਂ ਲਈ ਹੌਲੀ ਜ਼ਹਿਰ ਵਾਂਗ ਹਨ। ਉਨ੍ਹਾਂ ਕਿਹਾ ਕਿ ਅਗਰਬੱਤੀਆਂ ਤੋਂ ਨਿਕਲਣ ਵਾਲੇ ਪ੍ਰਦੂਸ਼ਣ ਵਾਲੇ ਤੱਤ ਲੰਬੇ ਸਮੇਂ ਵਿੱਚ ਪੈਸਿਵ ਸਮੋਕਿੰਗ (ਅਸਿੱਧੇ ਤੌਰ ਉੱਤੇ ਸਿਗਰਟ ਦਾ ਧੂੰਆ ਅੰਦਰ ਜਾਣ) ਜਿੰਨੇ ਖ਼ਤਰਨਾਕ ਹੋ ਸਕਦੇ ਹਨ।

ਪਿਛਲੇ ਸਾਲ ਬੋਸਟਨ ਵਿੱਚ ਹੋਈ ਆਪਣੀ ਸਾਲਾਨਾ ਮੀਟਿੰਗ ਵਿੱਚ ਅਮਰੀਕਨ ਕਾਲਜ ਆਫ ਐਲਰਜੀ, ਅਸਥਮਾ ਐਂਡ ਇਮਿਊਨੋਲੋਜੀ ਨੇ ਚੇਤਾਵਨੀ ਦਿੱਤੀ ਕਿ ਅਗਰਬੱਤੀਆਂ ਦਾ ਧੂੰਆ ਐਲਰਜੀ ਅਤੇ ਅਸਥਮਾ ਵਾਲੇ ਲੋਕਾਂ, ਬੱਚਿਆਂ ਅਤੇ ਬਜ਼ੁਰਗਾਂ ਲਈ ਗੰਭੀਰ ਖ਼ਤਰਾ ਬਣ ਸਕਦਾ ਹੈ। ਇਸ ਸੰਸਥਾ ਦਾ ਮੁੱਖ ਦਫ਼ਤਰ ਰਲਿੰਗਟਨ ਹਾਈਟਸ, ਇਲਿਨੋਇਸ ਵਿੱਚ ਹੈ ਅਤੇ 6,000 ਤੋਂ ਵੱਧ ਡਾਕਟਰ ਇਸ ਦੇ ਮੈਂਬਰ ਹਨ।

ਇਸ ਸੰਸਥਾ ਵੱਲੋਂ ਪ੍ਰਕਾਸ਼ਿਤ ਕੀਤੇ ਗਏ ਇੱਕ ਪੇਪਰ ਵਿੱਚ ਚੇਤਾਵਨੀ ਦਿੱਤੀ ਗਈ ਕਿ ਅਗਰਬੱਤੀਆਂ ਦਾ ਧੂੰਆਂ ਸਿਰਦਰਦ, ਸਾਹ ਲੈਣ ਦੀ ਪ੍ਰਣਾਲੀ ਦੇ ਕੰਮ ਵਿੱਚ ਮੁਸ਼ਕਿਲਾਂ, ਚਮੜੀ ਦੀਆਂ ਦਿੱਕਤਾਂ ਅਤੇ ਐਲਰਜਿਕ ਪ੍ਰਤੀਕਿਰਿਆਵਾਂ ਪੈਦਾ ਕਰ ਸਕਦਾ ਹੈ। ਇਸ ਰਿਪੋਰਟ ਮੁਤਾਬਕ ਇੱਕ ਗ੍ਰਾਮ ਅਗਰਬੱਤੀ ਸੜਨ 'ਤੇ 45 ਮਿਲੀਗ੍ਰਾਮ ਪਾਰਟੀਕੁਲੇਟ ਮੈਟਰ (PM) ਨਿਕਲਦਾ ਹੈ, ਜਦਕਿ ਸਿਗਰਟ ਪ੍ਰਤੀ ਗ੍ਰਾਮ 10 ਮਿਲੀਗ੍ਰਾਮ ਪਾਰਟੀਕੁਲੇਟ ਮੈਟਰ ਛੱਡਦੀ ਹੈ। ਜਿਸਦਾ ਮਤਲਬ ਹੈ ਕਿ ਅਗਰਬੱਤੀਆਂ ਸਿਗਰਟਾਂ ਨਾਲੋਂ ਚਾਰ ਗੁਣਾ ਵੱਧ ਪਾਰਟਿਕੁਲੇਟ ਮੈਟਰ ਛੱਡਦੀਆਂ ਹਨ।

ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਿਨ ਨੇ ਕਿਹਾ ਕਿ ਇੱਕ ਅਧਿਐਨ ਵਿੱਚ ਪਤਾ ਲੱਗਿਆ ਹੈ ਕਿ ਅਗਰਬੱਤੀਆਂ ਤੋਂ ਨਿਕਲਣ ਵਾਲਾ ਧੂੰਆਂ ਦਿਲ ਦੇ ਰੋਗ ਨਾਲ ਮੌਤ ਦੇ ਖ਼ਤਰੇ ਨੂੰ 1.12 ਗੁਣਾ ਅਤੇ ਸਟ੍ਰੋਕ ਨਾਲ ਮੌਤ ਦੇ ਖ਼ਤਰੇ ਨੂੰ ਵੀ 1.19 ਗੁਣਾ ਵਧਾ ਦਿੰਦਾ ਹੈ।

ਇਸ ਅਧਿਐਨ ਦੀ ਸੀਨੀਅਰ ਲੇਖਿਕਾ ਮੈਰੀ ਲੀ ਵਾਂਗ ਨੇ ਕਿਹਾ, "ਜਿਹੜੇ ਲੋਕ ਅਗਰਬੱਤੀਆਂ ਬਾਲਦੇ ਹਨ ਇਹ ਨਹੀਂ ਸਮਝਦੇ ਕਿ ਇਸ ਨਾਲ ਸਿਹਤ ਸਬੰਧੀ ਦਿੱਕਤਾਂ ਹੋ ਸਕਦੀਆਂ ਹਨ ਖ਼ਾਸ ਕਰਕੇ ਬੱਚਿਆਂ ਨੂੰ"

ਸਿਹਤ ਸਬੰਧੀ ਦਿੱਕਤਾਂ ਤੋਂ ਇਲਾਵਾ ਅਗਰਬੱਤੀਆਂ ਹਵਾ ਪ੍ਰਦੂਸ਼ਣ ਅਤੇ ਕਈ ਵਾਰ ਅੱਗ ਲੱਗਣ ਦੇ ਹਾਦਸਿਆਂ ਦਾ ਕਾਰਨ ਵੀ ਬਣਦੀਆਂ ਹਨ।

**ਅਗਰਬੱਤੀਆਂ ਵਿੱਚ ਕਿਹੜੇ ਪ੍ਰਦੂਸ਼ਣ ਵਾਲੇ ਤੱਤ ਹੁੰਦੇ ਹਨ?**

ਨੈਸ਼ਨਲ ਲਾਇਬ੍ਰੇਰੀ ਆਫ ਮੈਡੀਸਿਨ ਮੁਤਾਬਕ ਇਹ ਪ੍ਰਦੂਸ਼ਕ ਹਨ:

**ਪਾਰਟੀਕੂਲੇਟ ਮੈਟਰ (ਪੀਐੱਮ) :**

2.5 ਮਾਈਕਰੋਮੀਟਰ ਤੋਂ ਛੋਟੇ ਕਣ ਬਹੁਤ ਖ਼ਤਰਨਾਕ ਹੁੰਦੇ ਹਨ ਕਿਉਂਕਿ ਇਹ ਸਾਹ ਪ੍ਰਣਾਲੀ ਦੇ ਆਖ਼ਰੀ ਹਿੱਸੇ ਤੱਕ ਪਹੁੰਚ ਜਾਂਦੇ ਹਨ। ਅਗਰਬੱਤੀਆਂ, ਸਿਗਰਟ ਅਤੇ ਮੋਮਬੱਤੀਆਂ ਘਰਾਂ ਵਿੱਚ ਪੀਐੱਮ 2.5 ਦੇ ਮੁੱਖ ਸਰੋਤ ਹਨ। ਵੱਧ ਸਮੇਂ ਤੱਕ ਸੰਪਰਕ ਰੱਖਣ ਨਾਲ ਲੰਬੇ ਸਮੇਂ ਦੀਆਂ ਸਾਹ ਸੰਬੰਧੀ ਬਿਮਾਰੀਆਂ, ਦਿਲ ਦੇ ਰੋਗ, ਫੇਫੜਿਆਂ ਦੇ ਟਿਸ਼ੂ ਦੀ ਖ਼ਰਾਬੀ ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਖ਼ਤਰਾ ਵੱਧ ਜਾਂਦਾ ਹੈ। ਇਸ ਕਰਕੇ ਕੈਂਸਰ ਦਾ ਖ਼ਤਰਾ ਵੀ ਵੱਧਦਾ ਹੈ।

**ਕਾਰਬਨ ਮੋਨੋਆਕਸਾਈਡ :**

ਜਦੋਂ ਜੈਵਿਕ ਪਦਾਰਥ ਪੂਰੀ ਤਰ੍ਹਾਂ ਨਹੀਂ ਸੜਦੇ ਤਾਂ ਕਾਰਬਨ ਮੋਨੋਆਕਸਾਈਡ ਨਿਕਲਦੀ ਹੈ। ਇਹ ਖ਼ੂਨ ਦੀ ਆਕਸੀਜਨ ਲਿਜਾਣ ਦੀ ਸਮਰੱਥਾ ਨੂੰ ਘਟਾ ਦਿੰਦੀ ਹੈ। ਘੱਟ ਮਾਤਰਾ ਵਿੱਚ ਇਹ ਸਿਰਦਰਦ, ਥਕਾਵਟ ਅਤੇ ਉਲਟੀ ਵਾਲੇ ਹਾਲਾਤ ਪੈਦਾ ਕਰਦਾ ਹੈ, ਜਦਕਿ ਵੱਧ ਮਾਤਰਾ ਵਿੱਚ ਜੀਵਨ ਲਈ ਖ਼ਤਰਨਾਕ ਹੋ ਸਕਦੀ ਹੈ।

**ਸਲਫਰ ਡਾਇਆਕਸਾਈਡ ਅਤੇ ਨਾਈਟ੍ਰੋਜਨ ਡਾਇਆਕਸਾਈਡ:**

ਇਹ ਦਿਲ ਦੇ ਰੋਗਾਂ, ਫੇਫੜਿਆਂ ਦੀਆਂ ਦਿੱਕਤਾਂ ਅਤੇ ਸਾਹ ਸੰਬੰਧੀ ਬਿਮਾਰੀਆਂ ਨੂੰ ਵਧਾਉਂਦੀਆਂ ਹਨ। ਇਹ ਫੇਫੜਿਆਂ ਦੀ ਕੁਦਰਤੀ ਰੱਖਿਆ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ।

**ਵਾਸ਼ਪਿਤ ਹੋਣ ਵਾਲੇ ਆਰਗੈਨਿਕ ਕੰਪਾਉਂਡ :**

ਵੱਖ-ਵੱਖ ਤਰ੍ਹਾਂ ਦੇ ਆਰਗੈਨਿਕ ਕੈਮਿਕਲ ਗੈਸਾਂ ਦੇ ਰੂਪ ਵਿੱਚ ਵੱਖ-ਵੱਖ ਠੋਸ ਅਤੇ ਤਰਲ ਵਸਤਾਂ ਤੋਂ ਨਿਕਲਦੇ ਹਨ। ਇਹ ਰਸਾਇਣ ਅੱਖਾਂ ਦੀ ਲਾਲੀ, ਨੱਕ ਅਤੇ ਗਲੇ ਵਿੱਚ ਜਲਣ, ਮਤਲੀ, ਉਲਟੀ ਅਤੇ ਸਿਰਦਰਦ ਪੈਦਾ ਕਰਦੇ ਹਨ। ਇਨ੍ਹਾਂ ਰਸਾਇਣਾਂ ਦੇ ਲੰਬੇ ਸਮੇਂ ਤੱਕ ਸਰੀਰ ਅੰਦਰ ਜਾਣ ਨਾਲ ਕੈਂਸਰ ਦਾ ਖ਼ਤਰਾ ਵਧਦਾ ਹੈ। ਇਸ ਕਰਕੇ ਲਿਵਰ ਅਤੇ ਨਾੜੀ ਤੰਤਰ ਨੂੰ ਨੁਕਸਾਨ ਹੁੰਦਾ ਹੈ।

**ਕਿਹੜੇ ਲੋਕ ਵੱਧ ਖ਼ਤਰੇ ਵਿੱਚ ਹਨ?**

ਬੱਚੇ, ਬਜ਼ੁਰਗ, ਦਮੇ ਵਾਲੇ ਲੋਕ ਅਤੇ ਕਮਜ਼ੋਰ ਫੇਫੜਿਆਂ ਵਾਲੇ ਲੋਕ ਅਗਰਬੱਤੀਆਂ ਦੇ ਧੂੰਏਂ ਕਰਕੇ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ।

ਸਾਲਾਂ ਤੱਕ ਇਸ ਧੂੰਏਂ ਦੇ ਅੰਦਰ ਜਾਣ ਨਾਲ ਦਮਾ ਅਤੇ ਫੇਫੜਿਆਂ ਦੇ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ। ਜੇ ਕਮਰਿਆਂ ਵਿੱਚ ਹਵਾ ਦੀ ਆਵਾਜਾਈ ਠੀਕ ਨਾ ਹੋਵੇ ਤਾਂ ਇਹ ਹੋਰ ਵੀ ਖ਼ਤਰਨਾਕ ਬਣਦਾ ਹੈ।

ਇਹ ਧੂੰਆਂ ਮਨੁੱਖੀ DNA 'ਤੇ ਵੀ ਅਸਰ ਕਰ ਸਕਦਾ ਹੈ।

ਡਾ. ਅਨੁਦੀਪ ਪੋਥੀਨਾ ਨੇ ਕਿਹਾ ਕਿ ਬੱਚਿਆਂ ਵਿੱਚ ਸਾਹ ਦੇ ਦੌਰਿਆਂ ਦੇ ਮਾਮਲੇ ਵਧ ਰਹੇ ਹਨ। ਬੱਚਿਆਂ ਵਿੱਚ ਲਗਾਤਾਰ ਖੰਘ ਇਸਦੀ ਨਿਸ਼ਾਨੀ ਹੈ। ਬੱਚਿਆਂ ਨੂੰ ਅਗਰਬੱਤੀਆਂ, ਧੂੜ ਤੋਂ ਦੂਰ ਰੱਖਣਾ ਚਾਹੀਦਾ ਹੈ। ਸਾਹ ਦੀ ਸਮੱਸਿਆ ਵਾਲੇ ਲੋਕਾਂ ਅਤੇ ਬੱਚਿਆਂ ਨੂੰ ਧੂਪਬੱਤੀ ਜਲਾਉਣ ਸਮੇਂ ਤੁਰੰਤ ਕਮਰੇ ਤੋਂ ਬਾਹਰ ਲੈ ਜਾਣਾ ਚਾਹੀਦਾ ਹੈ।

**ਕੀ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ?**

ਅਗਰਬੱਤੀਆਂ ਦੇ ਧੂੰਏਂ ਦੇ ਸੰਪਰਕ ਵਿੱਚ ਲੰਬੇ ਸਮੇਂ ਲਈ ਨਾ ਆਓ।

ਅਗਰਬੱਤੀਆਂ ਜਲਾਉਣ ਸਮੇਂ ਖਿੜਕੀਆਂ ਨੂੰ ਖੋਲ੍ਹ ਕੇ ਰੱਖੋ।

ਜੇ ਘਰ ਵਿੱਚ ਛੋਟੇ ਬੱਚੇ ਹਨ ਤਾਂ ਅਗਰਬੱਤੀਆਂ ਜਲਾਉਣ ਤੋਂ ਬਚੋ।

ਜੇ ਜਲਾਉਣੀਆਂ ਲਾਜ਼ਮੀ ਹੋਣ ਤਾਂ ਬੱਚਿਆਂ ਨੂੰ ਧੂੰਏਂ ਤੋਂ ਦੂਰ ਰੱਖੋ।

ਬਾਜ਼ਾਰ ਵਿੱਚ ਕੁਦਰਤੀ ਜਾਂ ਈਕੋ-ਫ੍ਰੈਂਡਲੀ ਅਗਰਬੱਤੀਆਂ ਵੀ ਮਿਲਦੀਆਂ ਹਨ, ਪਰ ਡਾਕਟਰ ਕਹਿੰਦੇ ਹਨ ਕਿ ਭਾਵੇਂ ਇਹ ਕਿੰਨੀਆਂ ਵੀ ਆਰਗੈਨਿਕ ਹੋਣ, ਧੂੰਆ ਫਿਰ ਵੀ ਸਿਹਤ 'ਤੇ ਅਸਰ ਕਰ ਸਕਦਾ ਹੈ।

**ਸੋਮਾ ਬੀ.ਬੀ.ਸੀ.**

# ਜ਼ਿੰਦਗੀ ਲਈ ਧਾਰਮਿਕਤਾ ਜ਼ਰੂਰੀ ਜਾਂ ਵਿਗਿਆਨ ?

**ਜਸਵੰਤ ਜ਼ੀਰਖ**

ਜ਼ਿੰਦਗੀ ਜਿਉਣ ਦੇ ਦੋ ਢੰਗ ਹਨ, ਇੱਕ ਧਾਰਮਿਕ ਨਜ਼ਰੀਏ ਅਨੁਸਾਰ ਅਤੇ ਦੂਜਾ ਵਿਗਿਆਨਕ ਨਜ਼ਰੀਏ ਅਨੁਸਾਰ। ਧਾਰਮਿਕ ਨਜ਼ਰੀਏ ਅਨੁਸਾਰ ਮਨੁੱਖੀ ਜ਼ਿੰਦਗੀ, ਕਿਸੇ ਅਦਿੱਖ ਕਲਪਿਤ ਅਗੰਮੀ ਸ਼ਕਤੀ ਵੱਲੋਂ ਲਿਖੀ ਗਈ ਤਹਿਸ਼ੁਦਾ ਕਿਸਮਤ ਦੇ ਅਧੀਨ ਚਲਦੀ ਮੰਨੀ ਜਾਂਦੀ ਹੈ, ਜਿਸ ਵਿੱਚ ਸਾਰੀ ਉਮਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਜਨਮ ਵੇਲੇ ਪਹਿਲਾਂ ਹੀ ਤਹਿ ਹੋਇਆ ਮੰਨਿਆ ਜਾਂਦਾ ਹੈ। ਇੱਥੋਂ ਤੱਕ ਕਿ ਮਰਨ ਦੀ ਤਾਰੀਖ ਵੀ ਪਹਿਲਾਂ ਹੀ ਤਹਿ ਹੋਈ ਮੰਨੀ ਜਾਂਦੀ ਹੈ। ਹਰ ਧਰਮ ਦੀਆਂ ਆਪਣੀਆਂ ਪਰੰਪਰਾਵਾਂ ਹਨ, ਜਿਨ੍ਹਾਂ ਨੂੰ ਜ਼ਿੰਦਗੀ ਵਿੱਚ ਅਪਨਾਉਣ ਲਈ ਉਸ ਧਰਮ ਦੇ ਲੋਕ ਪਾਬੰਦ ਹੁੰਦੇ ਹਨ। ਹਰ ਧਰਮ ਦੇ ਆਪਣੇ-ਆਪਣੇ ਧਾਰਮਿਕ ਗ੍ਰੰਥ, ਧਰਮ ਅਸਥਾਨ ਅਤੇ ਵੱਖ ਵੱਖ ਤੀਰਥ ਅਸਥਾਨ ਹਨ। ਇਨ੍ਹਾਂ ਅਨੁਸਾਰ ਮਨੁੱਖ ਪਿਛਲੇ ਜਨਮ ਵਿੱਚ ਕੀਤੇ ਗਏ ਚੰਗੇ ਮੰਦੇ ਕੰਮਾਂ ਦਾ ਫਲ ਇਸ ਮੌਜੂਦਾ ਜਨਮ ਵਿੱਚ ਭੁਗਤਦਾ ਹੈ, ਭਾਂਵੇਂ ਕਿ ਇਸ ਦਾ ਕੋਈ ਪੁਖਤਾ ਸਬੂਤ ਨਹੀਂ ਦਿੱਤਾ ਜਾਂਦਾ। ਇਸ ਜ਼ਿੰਦਗੀ ਵਿੱਚ ਸੁੱਖ ਸਹੂਲਤਾਂ ਪ੍ਰਾਪਤ ਕਰਨ ਅਤੇ ਮਰਨ ਉਪਰੰਤ ਸਵਰਗ ਵਿੱਚ ਜਾਣ ਲਈ ਪੂਜਾ, ਪਾਠ, ਦਾਨ, ਪੁੰਨ ਕਰਨ ਆਦਿ ਸਮੇਤ ਕਈ ਕਿਸਮ ਦੀਆਂ ਪਰੰਪਰਾਵਾਂ ਸ਼ਾਮਲ ਹਨ। ਕਿਸੇ ਵੀ ਧਰਮ ਵਿੱਚ ਮੰਨੀ ਜਾਂਦੀ ਅਦਿੱਖ ਅਗੰਮੀ ਸ਼ਕਤੀ ਨੂੰ ਭਾਵੇਂ ਅੱਜ ਤੱਕ ਕਿਸੇ ਵੱਲੋਂ ਵੀ ਮਿਲਣ ਜਾਂ ਵੇਖਣ ਦਾ ਦਾਅਵਾ ਨਹੀਂ ਕੀਤਾ, ਪਰ ਇਸ ਦੇ ਬਾਵਜੂਦ ਵੀ ਉਸ ਦੀ ਹੋਂਦ ਨੂੰ ਸਵੀਕਾਰਿਆ ਜਾਂਦਾ ਹੈ। ਸਦੀਆਂ ਪਹਿਲਾਂ ਲਿਖੇ ਧਾਰਮਿਕ ਗ੍ਰੰਥਾਂ ਵਿੱਚ ਉਸ ਸਮੇਂ ਪ੍ਰਚਲਿਤ ਕਈ ਮਾਨਤਾਵਾਂ ਨੂੰ ਬਿਨਾ ਸਮਝੇ ਜਾਂ ਪੜਤਾਲੇ ਅੱਜ ਵੀ ਉਸੇ ਤਰ੍ਹਾਂ ਮੰਨਿਆ ਜਾਂਦਾ ਹੈ, ਭਾਵੇਂ ਕਿ ਅੱਜ ਵਿਗਿਆਨਕ ਤੌਰ 'ਤੇ ਉਹਨਾਂ ਨੂੰ ਗਲਤ ਸਿੱਧ ਕੀਤਾ ਗਿਆ ਹੋਵੇ। ਇਸ ਦੇ ਮੁਕਾਬਲੇ ਜੇਕਰ ਵਿਗਿਆਨੀਆਂ ਵੱਲੋਂ ਧਾਰਨਾਵਾਂ ਸਥਾਪਿਤ ਕਰਨ ਉਪਰੰਤ, ਜੇ ਨਵੀਆਂ ਖੋਜਾਂ ਵਿੱਚ ਕੋਈ ਹੋਰ ਨਵੇਂ ਤੱਥ ਸਾਹਮਣੇ ਆਉਂਦੇ ਹਨ ਤਾਂ ਪਹਿਲੀਆਂ ਵਿੱਚ ਸੋਧ ਕਰਕੇ ਨਵੇਂ ਤੱਥਾਂ ਅਨੁਸਾਰ ਦਰੁੱਸਤ ਕਰ ਲੈਂਦੇ ਹਨ। ਪਰ ਧਾਰਮਿਕ ਲੋਕਾਂ ਵੱਲੋਂ ਆਪਣੇ ਗ੍ਰੰਥਾਂ ਵਿੱਚ ਸੋਧ ਕਰਨੀ ਅਸੰਭਵ ਹੈ। ਇਸ ਲਈ ਮਨੁੱਖੀ ਜ਼ਿੰਦਗੀ ਵਿੱਚ ਪੀੜ੍ਹੀ ਦਰ ਪੀੜ੍ਹੀ ਉਹੀ ਧਾਰਮਿਕ ਵਿਸ਼ਵਾਸ ਬਿਨਾਂ ਸੋਚੇ ਸਮਝੇ ਨਿਰੰਤਰ ਚਲਦੇ ਆ ਰਹੇ ਹਨ।

ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿ ਦੇ ਨਾਵਾਂ ਨਾਲ ਜਾਣੇ ਜਾਂਦੇ ਧਰਮਾਂ ਨੂੰ ਮੰਨਣ ਵਾਲੇ ਸਾਰੇ ਲੋਕ ਆਪਣੇ ਨਿੱਜੀ ਸੁਆਰਥਾਂ ਲਈ ਅਗੰਮੀ ਸ਼ਕਤੀ ਨੂੰ ਰੱਬ, ਪ੍ਰਮਾਤਮਾ, ਅੱਲਾ, ਪ੍ਰਮੇਸ਼ੁਰ ਆਦਿ ਨਾਵਾਂ ਨਾਲ ਪੁਕਾਰ ਕੇ ਆਪਣੀਆਂ ਇਛਾਵਾਂ ਪੂਰੀਆਂ ਕਰਨ ਲਈ ਅਰਜੋਈਆਂ ਕਰਦੇ ਆ ਰਹੇ ਹਨ। ਇਹ ਸੁਆਰਥ ਆਮ ਕਰਕੇ ਮੋਕਸ਼ (ਜੰਮਣ ਮਰਨ ਤੋਂ ਮੁਕਤੀ), ਪਰਿਵਾਰਕ ਸੁੱਖ-ਸ਼ਾਂਤੀ, ਘਰੇਲੂ ਕੰਮਾਂ ਦੀ ਸਫਲਤਾ ਆਦਿ ਵਰਗੇ ਹੁੰਦੇ ਹਨ। ਇਸ ਤਰ੍ਹਾਂ ਬਹੁਤੇ ਧਾਰਮਿਕ ਵਿਸ਼ਵਾਸ ਇਸ ਗੱਲ ਲਈ ਇੱਕ ਮੱਤ ਹਨ ਕਿ ਇੱਕ ਅਗੰਮੀ ਸ਼ਕਤੀ ਦੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਚਲਦੀ ਹੈ ਅਤੇ ਸਾਰੇ ਕੰਮ ਉਸ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਪੂਰੇ ਹੁੰਦੇ ਹਨ। ਉਸ ਦੇ ਹੁਕਮ ਅਨੁਸਾਰ ਹੀ ਹਰ ਮਨੁੱਖ ਜੰਮਦਾ, ਮਰਦਾ ਅਤੇ ਜ਼ਿੰਦਗੀ ਜਿਉਂਦਾ ਹੈ। ਇਹਨਾਂ ਸਾਰਿਆਂ ਵੱਲੋਂ ਭਾਵੇਂ ਇਹ ਤਾਂ ਮੰਨਿਆ ਜਾਂਦਾ ਹੈ ਕਿ ਉਸ ਸ਼ਕਤੀ ਦਾ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ, ਪਰ ਇਸ ਦੇ ਮੰਨਣ ਤੇ ਪ੍ਰਚਾਰਨ ਵਾਲੇ ਖੁਦ ਆਪ ਧਰਮਾਂ ਦੇ ਵਖਰੇਵਿਆਂ ਨੂੰ ਇੱਕ ਦੂਜੇ ਵਿੱਚ ਨਫ਼ਰਤ ਫੈਲਾ ਕੇ ਵੈਰ ਵਿਰੋਧ ਪੈਦਾ ਕਰਦੇ ਅਕਸਰ ਹੀ ਵੇਖੇ ਜਾਂਦੇ ਹਨ। ਦੇਸ਼ ਵਿੱਚ ਧਰਮ ਅਧਾਰਤ ਕਰਵਾਏ ਜਾ ਰਹੇ ਦੰਗੇ-ਫਸਾਦ ਇਸ ਗੱਲ ਦਾ ਪ੍ਰਤੱਖ ਸਬੂਤ ਹਨ। ਧਰਮਾਂ ਦੀ ਇੱਕ ਦੂਜੇ ਖਿਲਾਫ ਨਫਰਤੀ ਵੈਰ-ਵਿਰੋਧ ਖੜੇ ਕਰਨ ਲਈ ਕਿਵੇਂ ਵਰਤੋਂ ਹੋ ਰਹੀ ਹੈ, ਸਾਡੇ ਸਭ ਦੇ ਸਾਹਮਣੇ ਹੈ। ਜੇ ਧਰਮਾਂ ਦੇ ਇਹ ਵਖਰੇਵੇਂ ਨਾ ਹੁੰਦੇ ਤਾਂ ਇਹਨਾਂ ਕਾਰਣ ਮਨੁੱਖਤਾ ਦਾ ਜੋ ਖੂਨ ਹੁਣ ਤੱਕ ਇਸ ਧਰਤੀ 'ਤੇ ਡੁੱਲ੍ਹਿਆ ਹੈ, ਉਹ ਨਹੀਂ ਸੀ ਡੁੱਲ੍ਹਣਾ। ਧਰਮਾਂ ਅਨੁਸਾਰ ਹਰ ਪ੍ਰਾਣੀ ਆਪਣੀ ਜ਼ਿੰਦਗੀ ਵਿੱਚ ਉਹੀ ਕੰਮ ਕਰਦਾ ਹੈ ਜੋ ਉਸ ਦੀ ਕਿਸਮਤ ਵਿੱਚ ਪਹਿਲਾਂ ਹੀ ਧੁਰੋਂ ਲਿਖੇ ਹੁੰਦੇ ਹਨ, ਉਸ ਅਨੁਸਾਰ ਹੀ ਮਰਨ ਉਪਰੰਤ ਆਪਣੇ ਕੀਤੇ ਕੰਮਾਂ ਦਾ ਲੇਖਾ ਜੋਖਾ ਕਿਸੇ ਧਰਮਰਾਜ ਅੱਗੇ ਕਰਦਾ ਹੈ, ਜਿਸ ਦੇ ਹਿਸਾਬ ਅਨੁਸਾਰ ਅਗਲੇ ਜਨਮ, ਸਵਰਗ, ਨਰਕ ਵਿੱਚ ਜਾਣਾ ਤਹਿ ਹੁੰਦਾ ਹੈ ਆਦਿ ਆਦਿ। ਸਾਰੇ ਧਰਮਾਂ ਵਿੱਚ ਅਜਿਹੀਆਂ ਧਾਰਨਾਵਾਂ ਪ੍ਰਚੱਲਤ ਹਨ, ਜਿਸ ਕਰਕੇ ਮਨੁੱਖ ਆਪਣੇ ਆਪਣੇ ਧਰਮ ਦੀਆਂ ਸਥਾਪਿਤ ਪ੍ਰੰਪਰਾਵਾਂ ਦੀ ਪਾਲਣਾ ਪੂਜਾ, ਪਾਠ, ਦਾਨ-ਪੁੰਨ, ਅਰਦਾਸਾਂ, ਤੀਰਥ ਇਸ਼ਨਾਨ, ਤੀਰਥ ਯਾਤਰਾਵਾਂ, ਮੱਥੇ ਟੇਕਣੇ, ਮੰਨਤਾਂ, ਚੜ੍ਹਾਵੇ ਆਦਿ ਸਾਧਾਂ-ਸੰਤਾਂ, ਜੋਤਸ਼ੀਆਂ ਦੇ

'ਪ੍ਰਵਚਨਾਂ' ਅਨੁਸਾਰ ਨਿੱਜੀ ਸੁੱਖ-ਸ਼ਾਂਤੀ ਲਈ ਕਰਦਾ ਹੈ। ਸਾਰੇ ਧਰਮਾਂ ਵਿੱਚ ਹੀ ਪੁਜਾਰੀ ਵਰਗ ਦੀ ਦੇਖ ਰੇਖ ਅਤੇ ਆਦੇਸ਼ਾਂ ਹੇਠ ਮਾੜੇ-ਮੋਟੇ ਅੰਤਰ ਨਾਲ ਇਹ ਧਾਰਨਾਵਾਂ ਪ੍ਰਚੱਲਤ ਹਨ। ਅਜਿਹੇ ਵਹਿਣਾਂ ਵਿੱਚ ਵਹਿ ਕੇ ਇਹਨਾਂ ਸਾਰੇ ਧਰਮਾਂ ਦੇ ਲੋਕ ਆਪਣੀ ਅਤੇ ਆਪਣੇ ਪਰਿਵਾਰ ਦੀ ਜ਼ਿੰਦਗੀ ਨੂੰ ਕਿਸੇ ਆਫ਼ਤ ਤੋਂ ਸਲਾਮਤ ਰੱਖਣ ਲਈ ਪੁਜਾਰੀਆਂ ਵੱਲੋਂ ਦੱਸੇ ਉਪਰੋਕਤ ਉਪਾਵਾਂ ਅਧੀਨ ਆਪਣੀ ਕਮਾਈ ਦਾ ਵੱਡਾ ਹਿੱਸਾ ਭੇਂਟ ਕਰਨ ਤੋਂ ਵੀ ਸੰਕੋਚ ਨਹੀਂ ਕਰਦੇ। ਕੀ ਅਜਿਹਾ ਕੁੱਝ ਕਰਨਾ ਧਰਮ ਅਖਵਾਏਗਾ ਜਾਂ ਸੁਆਰਥ? ਇਸ ਗੱਲ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਕੀ ਅਜਿਹਾ ਕੁੱਝ ਕਰਨ ਨਾਲ ਕਿਸੇ ਦੀ ਜ਼ਿੰਦਗੀ ਸੁਧਰ ਜਾਣ ਜਾਂ ਕਿਸੇ ਸਮੱਸਿਆ ਦੇ ਹੱਲ ਹੋ ਜਾਣ ਦੀ ਕੋਈ ਗਰੰਟੀ ਹੈ? ਗੰਭੀਰਤਾ ਨਾਲ ਵਿਚਾਰਿਆਂ ਸਪਸ਼ਟ ਹੋ ਜਾਂਦਾ ਹੈ ਕਿ ਹਰ ਸਮੱਸਿਆ ਮਨੁੱਖ ਦੇ ਨਿੱਜੀ ਯਤਨਾਂ ਜਾਂ ਮਿਹਨਤ ਕਰਨ ਨਾਲ ਹੀ ਹੱਲ ਹੁੰਦੀ ਹੈ, ਕਿਸੇ ਧਰਮ ਅਨੁਸਾਰ ਕੀਤੇ ਪੂਜਾ-ਪਾਠ ਜਾਂ ਮੰਨਤ ਮੰਨਣ ਰਾਹੀਂ ਦਿੱਤੇ ਚੜ੍ਹਾਵਿਆਂ ਕਾਰਣ ਨਹੀਂ। ਇਹਨਾਂ ਚੜ੍ਹਾਵਿਆਂ ਤੇ ਮਾਨਤਾਵਾਂ ਨੇ ਲੋਕਾਂ ਦੇ ਜੀਵਨ ਸੁਧਾਰਨ ਲਈ ਕੋਈ ਪ੍ਰਾਪਤੀ ਨਹੀਂ ਕੀਤੀ, ਸਗੋਂ ਪੁਜਾਰੀ ਵਰਗ ਨੂੰ ਹੀ ਮਾਲਾ ਮਾਲ ਕੀਤਾ ਹੈ। ਜੇਕਰ ਮਨੁੱਖੀ ਮਿਹਨਤ ਜਾਂ ਯਤਨਾਂ ਨਾਲ ਹੀ ਜ਼ਿੰਦਗੀ ਦੀ ਹਰ ਸਮੱਸਿਆ ਨੇ ਹੱਲ ਹੋਣਾ ਹੈ ਤਾਂ ਧਰਮਾਂ ਅਧਾਰਤ ਮਾਨਤਾਵਾਂ ਦਾ ਕੀ ਅਰਥ ਰਹਿ ਜਾਂਦਾ ਹੈ?

ਭਾਵੇਂ ਹਰ ਧਰਮ ਵਿੱਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਅਤੇ ਚੋਰੀ ਕਰਨਾ, ਠੱਗੀ ਮਾਰਨਾ, ਜ਼ੁਲਮ ਕਰਨਾ, ਝੂਠ ਬੋਲਣਾ, ਬੇਈਮਾਨੀ ਕਰਨਾ, ਔਰਤ ਦਾ ਅਪਮਾਨ ਆਦਿ ਸਭ ਦੀ ਮਨਾਹੀ ਹੈ, ਪਰ ਕੀ ਧਰਮਾਂ ਨੂੰ ਮੰਨਣ ਵਾਲੇ ਇਹਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਉਂਦੇ ਹਨ? ਜੇ ਨਹੀਂ ਅਪਣਾਉਂਦੇ ਤਾਂ ਕੀ ਜਿਸ ਅਗੰਮੀ ਸ਼ਕਤੀ ਦੀ ਇਹ ਮਾਨਤਾ ਕਰਦੇ ਹਨ, ਉਸ ਵੱਲੋਂ ਕੋਈ ਸਜਾ ਦਿੱਤੀ ਜਾਂਦੀ ਹੈ? ਜੇ ਨਹੀਂ ਦਿੱਤੀ ਜਾਂਦੀ ਤਾਂ ਕੀ ਜੋ ਗਲਤ ਹੋ ਰਿਹਾ, ਉਸ 'ਸ਼ਕਤੀ' ਨੂੰ ਪ੍ਰਵਾਨ ਹੈ? ਧਾਰਮਿਕ ਸੰਸਥਾਵਾਂ ਦੇ ਨਾਂ ਹੇਠ ਸਥਾਪਤ ਕਿੰਨੇ ਹੀ ਅਦਾਰਿਆਂ ਦੇ ਮੁਖੀ ਅਤੇ ਧਰਮ ਗੁਰੂ ਅਖਵਾਉਣ ਵਾਲੇ ਆਪਣੇ ਕੁਕਰਮਾਂ ਦੀ ਸਜਾ ਕਾਰਣ ਜੇਲ੍ਹਾਂ 'ਚ ਬੰਦ ਹਨ। ਪਰ ਕੋਈ ਵੀ ਅਜਿਹੀ ਸ਼ਕਤੀ ਉਹਨਾਂ ਦੀ ਮਦਦ ਕਰਨ ਨਹੀਂ ਪਹੁੰਚੀ, ਜਿਸ ਨੂੰ ਮੰਨਣ ਲਈ ਉਹ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਜੇਕਰ ਜ਼ਿੰਦਗੀ ਵਿੱਚ ਅਜਿਹੇ ਧਰਮ-ਕਰਮ ਨਾਲ ਕੁੱਝ ਹੱਲ ਹੀ ਨਹੀਂ ਹੋਣਾ ਤਾਂ ਇਹਨਾਂ ਲਈ ਸਮਾਂ ਤੇ ਪੈਸਾ ਬਰਬਾਦ ਕਰਨਾ ਕਿਵੇਂ ਠੀਕ ਹੈ?

ਦੂਜਾ ਹੈ ਵਿਗਿਆਨਕ ਨਜ਼ਰੀਆ ਜਿਸ ਅਨੁਸਾਰ ਨਾ ਕਿਸੇ ਅਗੰਮੀ ਸ਼ਕਤੀ ਅਤੇ ਨਾ ਹੀ ਕਿਸਮਤ ਆਦਿ ਵਿੱਚ ਕੋਈ ਵਿਸ਼ਵਾਸ ਕੀਤਾ ਜਾਂਦਾ ਹੈ। ਕਿਉਂਕਿ ਮਨੁੱਖੀ ਇਤਿਹਾਸ ਦੱਸਦਾ ਹੈ ਕਿ ਮੁਢਲੇ ਦੌਰ ਵਿੱਚ ਮਨੁੱਖ ਝੁੰਡਾਂ ਵਿੱਚ ਇਕੱਠੇ ਜੰਗਲਾਂ 'ਚ ਰਹਿੰਦੇ ਸਨ ਅਤੇ ਆਪਣੀ ਉਪਜੀਵਕਾ ਲਈ ਸ਼ਿਕਾਰ ਕਰਦਿਆਂ ਇਕੱਠੇ ਵਿਚਰਦੇ ਸਨ। ਖਾਣ ਵੇਲੇ ਪਹਿਲ ਬੱਚਿਆਂ, ਬੁੱਢਿਆਂ ਅਤੇ ਔਰਤਾਂ ਨੂੰ ਦੇ ਕੇ ਨੈਤਿਕ ਫਰਜ਼ ਨਿਭਾਉਂਦੇ। ਓਦੋਂ ਉਹਨਾਂ ਦਾ ਨੈਤਿਕਤਾ ਤੋਂ ਬਿਨਾਂ ਕੋਈ ਵੀ ਧਰਮ ਨਹੀਂ ਸੀ ਅਤੇ ਨਾ ਹੀ ਇੱਕ ਦੂਜੇ ਪ੍ਰਤੀ ਕੋਈ ਵੈਰ ਵਿਰੋਧ ਸੀ, ਸਿਰਫ ਸਾਂਝੇ ਕਾਜ ਦੀ ਕਾਮਯਾਬੀ ਲਈ ਬਣਾਏ ਨੈਤਿਕ ਨਿਯਮ ਹੀ ਸਨ। ਮੌਜੂਦਾ ਧਰਮਾਂ ਦੀ ਸਥਾਪਤੀ ਨੇ ਉਸ ਦੀ ਇਕੱਠੇ ਰਹਿਣ ਦੀ ਪ੍ਰਵਿਰਤੀ ਨੂੰ ਖਤਮ ਕਰਕੇ ਸਾਂਝੇ ਯਤਨਾਂ ਨੂੰ ਖੋਰਾ ਲਾ ਕੇ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕੀਤਾ ਹੈ। ਵਿਗਿਆਨ ਅਨੁਸਾਰ ਮਨੁੱਖ ਦੀ ਉਤਪਤੀ ਅਤੇ ਵਿਕਾਸ ਦੌਰਾਨ ਅੱਗ, ਹੜ੍ਹ, ਹਨੇਰੀਆਂ, ਭੁਚਾਲ ਆਦਿ ਬਹੁਤ ਤਰ੍ਹਾਂ ਦੀਆਂ ਕੁਦਰਤੀ ਘਟਨਾਵਾਂ ਦੇ ਵਾਪਰਨ ਕਾਰਣ ਉਸ ਦੇ ਹੋ ਰਹੇ ਨੁਕਸਾਨਾਂ ਦੇ ਡਰ ਅਤੇ ਅਗਿਆਨਤਾ ਵਿੱਚੋਂ, ਵੱਖ ਵੱਖ ਦੇਵਤਿਆਂ ਅਤੇ ਅਗੰਮੀ ਸ਼ਕਤੀ ਦੀ ਹੋਂਦ ਸਥਾਪਤ ਹੋਈ। ਆਪਣੇ ਨੁਕਸਾਨ ਹੋਣ ਦੇ ਡਰ ਵਿੱਚੋਂ ਇਹਨਾਂ ਕਾਲਪਨਿਕ ਸ਼ਕਤੀਆਂ ਦੀ ਪੂਜਾ ਅਤੇ ਪ੍ਰਾਰਥਨਾਵਾਂ ਦੀ ਹੋਂਦ ਨੇ ਜਨਮ ਲਿਆ। ਵਿਗਿਆਨ ਮਨੁੱਖਤਾ ਨੂੰ ਧਰਮਾਂ ਵਿੱਚ ਵੰਡਕੇ ਨਹੀਂ, ਸਗੋਂ ਹਰ ਇਕ ਨੂੰ ਬਰਾਬਰ ਇਨਸਾਨੀ ਨਜ਼ਰੀਏ ਨਾਲ ਵੇਖਦਾ ਹੈ, ਇਸ ਲਈ ਧਰਮਾਂ ਦੇ ਝੰਜਟ ਛੱਡ ਸਿਰਫ ਇਨਸਾਨੀਅਤ ਨੂੰ ਹੀ ਆਦਰਸ਼ ਮੰਨਕੇ ਜ਼ਿੰਦਗੀ ਵਿੱਚ ਉਸਾਰੂ ਵਿਗਿਆਨਕ ਕਦਰਾਂ ਕੀਮਤਾਂ ਅਪਨਾਉਣਾ ਸਮੇਂ ਦੀ ਲੋੜ ਹੈ।

ਜ਼ਰੂਰੀ ਨਹੀਂ ਕਿ ਇਹ ਨਿਭਾਉਣ ਲਈ ਧਾਰਮਿਕ ਹੋਇਆ ਜਾਵੇ। ਇਹਨਾਂ ਫਰਜ਼ਾਂ ਦਾ ਸਬੰਧ ਕਿਸੇ ਵਿਸ਼ੇਸ਼ ਧਰਮ/ ਮਜ਼੍ਹਬ/ ਫਿਰਕੇ ਦੀ ਬਜਾਏ ਇਨਸਾਨੀਅਤ ਨਾਲ ਹੈ। ਵੱਖ ਵੱਖ ਧਰਮਾਂ ਦੀ ਉਤਪਤੀ ਤੋਂ ਪਹਿਲਾਂ ਵੀ ਇਹ ਇਨਸਾਨੀ ਫਰਜ਼ ਬਰਕਰਾਰ ਸਨ, ਜਿਸ ਕਰਕੇ ਇਹਨਾਂ ਨੂੰ ਕਿਸੇ ਵਿਸ਼ੇਸ਼ ਧਾਰਮਿਕਤਾ ਦੀ ਵਲਗਣ ਵਿੱਚ ਰੱਖਣ ਤੋਂ ਬਿਨਾਂ ਵੀ ਅਪਣਾਇਆ ਜਾ ਸਕਦਾ ਹੈ।

ਕੋਈ ਵੀ ਮਨੁੱਖ ਜਿਸ ਪਰਿਵਾਰ ਵਿੱਚ ਪੈਦਾ ਹੁੰਦਾ ਹੈ, ਉਸ ਪਰਿਵਾਰ ਵੱਲੋਂ ਜੀਵੀ ਜਾ ਰਹੀ ਧਾਰਮਿਕ ਜ਼ਿੰਦਗੀ ਨੂੰ ਹੀ ਆਪਣੇ ਧਰਮ ਵਜੋਂ ਅਪਣਾ ਲੈਂਦਾ ਹੈ। ਆਪਣੇ ਪਰਿਵਾਰ ਦੀਆਂ ਰੀਤਾਂ ਅਨੁਸਾਰ ਹੀ ਧਾਰਮਿਕ ਪੂਜਾ ਪਾਠ ਨੂੰ ਬਿਨਾ

ਕਿਸੇ ਸੋਚ ਵਿਚਾਰ ਕੀਤਿਆਂ ਨਿਭਾਉਣਾ ਸਵੀਕਾਰ ਕਰ ਲੈਂਦਾ ਹੈ। ਜਿਸ ਕਰਕੇ ਉਸ ਦਾ ਦਿਮਾਗ ਧਰਮ ਦੀਆਂ ਸੀਮਾਵਾਂ ਅੰਦਰ ਹੀ ਵਿਕਸਤ ਹੁੰਦਾ ਹੈ, ਜੋ ਉਸ ਦੀ ਖੋਜੀ ਪ੍ਰਵਿਰਤੀ ਬਣਨ ਵਿੱਚ ਰੁਕਾਵਟ ਬਣਦੀ ਹੈ। ਭਾਵੇਂ ਉਹ ਆਪਣੀ ਜ਼ਿੰਦਗੀ ਵਿੱਚ ਵਿਗਿਆਨ ਦੀਆਂ ਪ੍ਰਾਪਤੀਆਂ ਰਾਹੀਂ ਮਿਲ ਰਹੀਆਂ ਸੁੱਖ ਸਹੂਲਤਾਂ ਤਾਂ ਹਰ ਪਲ ਮਾਣਦਾ ਹੈ, ਪਰ ਆਪਣੇ ਵਿਚਾਰਾਂ ਨੂੰ ਵਿਗਿਆਨਕ ਬਣਾਉਣ ਦੀ ਥਾਂ ਸਾਰੀ ਜ਼ਿੰਦਗੀ ਧਾਰਮਿਕ ਵਿਚਾਰਾਂ ਨੂੰ ਹੀ ਪਹਿਲ ਦਿੰਦਾ ਰਹਿੰਦਾ ਹੈ। ਜਿਵੇਂ ਮਨੁੱਖ ਜ਼ਿੰਦਗੀ 'ਚ ਬੀਮਾਰ ਹੋਣ 'ਤੇ ਠੀਕ ਤਾਂ ਵਿਗਿਆਨਕ ਦਵਾਈਆਂ ਨਾਲ ਹੁੰਦਾ ਹੈ, ਪਰ ਧੰਨਵਾਦ ਆਪਣੇ ਧਾਰਮਿਕ ਆਕਾ ਦਾ ਕਰਦਾ ਹੈ। ਇਸੇ ਤਰ੍ਹਾਂ ਜ਼ਿੰਦਗੀ ਵਿੱਚ ਹਰ ਸਹੂਲਤ ਵਿਗਿਆਨ ਦੀ ਵਰਤਦਾ ਹੈ, ਪਰ ਵਿਗਿਆਨ ਦਾ ਵਿਰੋਧੀ ਵੀ ਬਣਿਆ ਰਹਿੰਦਾ ਹੈ। ਇਸ ਲਈ ਗੰਭੀਰਤਾ ਨਾਲ ਸੋਚ ਸਮਝਕੇ ਵਿਗਿਆਨ ਦੀਆਂ ਪ੍ਰਾਪਤੀਆਂ ਲਈ ਵਿਗਿਆਨੀਆਂ ਦੇ ਧੰਨਵਾਦ ਲੋੜ ਹੈ।

ਜਿਵੇਂ ਕਿ ਸਿੱਧ ਹੁੰਦਾ ਹੈ ਕਿ ਧਰਮਾਂ ਦੀ ਉਤਪਤੀ ਤੋਂ ਪਹਿਲਾਂ ਵੀ ਮਨੁੱਖੀ ਜੀਵਨ ਵਿੱਚ ਇੱਕ ਦੂਜੇ ਪ੍ਰਤੀ ਇਨਸਾਨੀ, ਨਿਰਸੁਆਰਥ ਅਤੇ ਨੈਤਿਕ ਕਦਰਾਂ ਕੀਮਤਾਂ ਸਥਾਪਿਤ ਸਨ, ਜਿਨ੍ਹਾਂ ਦੀ ਮਹੱਤਤਾ ਅੱਜ ਤੱਕ ਸਾਡੇ ਸਮਾਜ ਵਿੱਚ ਬਰਕਰਾਰ ਹੈ। ਅਸਲ ਵਿੱਚ ਕੋਈ ਵੀ ਧਰਮ ਇਹਨਾਂ ਇਨਸਾਨੀ ਕਦਰਾਂ ਕੀਮਤਾਂ ਤੋਂ ਬਿਨਾ ਬੇ-ਮਾਅਨੇ ਹੈ। ਭਾਵੇਂ ਹਰ ਧਰਮ ਵਿੱਚ ਇਹਨਾਂ ਕਦਰਾਂ ਕੀਮਤਾਂ ਨੂੰ ਉਚਿਆਇਆ ਤਾਂ ਜਾਂਦਾ ਹੈ, ਪਰ ਇਹਨਾਂ ਨੂੰ ਜ਼ਿੰਦਗੀ ਵਿੱਚ ਅਪਨਾਉਣ ਦੀ ਬਜਾਏ ਧਰਮਾਂ ਦੇ ਗਲ਼ਬੇ ਹੇਠ ਸਿਰਫ ਪਾਠ-ਪੂਜਾ, ਦਾਨ-ਪੁੰਨ, ਪ੍ਰਾਰਥਨਾਵਾਂ/ਅਰਦਾਸਾਂ ਆਦਿ ਵਰਗੇ ਕਰਮ ਕਾਂਡਾਂ ਨੂੰ ਹੀ ਧਰਮ ਸਮਝਿਆ ਜਾਂਦਾ ਹੈ, ਜਿਨ੍ਹਾਂ ਦੀ ਆਮ ਮਨੁੱਖ ਦੀ ਜ਼ਿੰਦਗੀ ਸੁਧਾਰਨ ਵਿੱਚ ਕੋਈ ਭੂਮਿਕਾ ਨਹੀਂ ਹੁੰਦੀ। ਮਰਨ ਉਪਰੰਤ ਜਿਹੜੇ ਸਵਰਗ ਵਿੱਚ ਜਾਣ ਲਈ ਮਨੁੱਖ ਸਾਰੀ ਉਮਰ ਧਾਰਮਿਕਤਾ ਦਾ ਲੜ ਫੜੀ ਰੱਖਦਾ ਹੈ, ਵਿਗਿਆਨ ਉਸ ਸਵਰਗ ਦੀ ਪ੍ਰਾਪਤੀ ਇਸੇ ਜਨਮ ਵਿੱਚ ਜਿਉਂਦਿਆਂ ਹੀ ਇਸੇ ਧਰਤੀ 'ਤੇ ਉਸਾਰਨ ਦਾ ਰਾਹ ਵਿਖਾਉਂਦਾ ਹੈ। ਲੋੜ ਹੈ ਇਸ ਰਾਹ ਨੂੰ ਸਮਝਣ ਲਈ ਆਪਣੀ ਵਿਚਾਰਧਾਰਾ ਵਿਗਿਆਨਕ ਬਣਾ ਕੇ ਅੱਗੇ ਵਧਣ ਦੀ। ਇਹ ਰਾਹ ਕੋਈ ਧਾਰਮਿਕ 'ਮਹਾਂਪੁਰਸ਼' ਅਖਵਾਉਣ ਵਾਲਾ ਨਹੀਂ ਵਿਖਾ ਸਕਦਾ, ਸਗੋਂ ਸਮਾਜ ਵਿਗਿਆਨ ਸਮਝਣ ਨਾਲ ਵਿਖਾਈ ਦੇਵੇਗਾ। ਸਮਝਣਾ ਪਏਗਾ ਕਿ ਧਰਮਾਂ-ਕਰਮਾਂ ਦੇ ਨਾਂ ਤੇ ਹੋ ਰਹੀ ਲੁੱਟ ਨੂੰ ਜਾਰੀ ਰੱਖਣ ਲਈ ਧਾਰਮਿਕ ਪੁਜਾਰੀ ਵਰਗ ਅਤੇ ਰਾਜ ਕਰਤਾ ਸ਼੍ਰੇਣੀ ਕਿਵੇਂ ਇਕ ਦੂਜੇ ਦਾ ਸਾਥ ਨਿਭਾਉਂਦੇ ਹਨ। ਸੋ ਵਿਗਿਆਨ ਦੀਆਂ ਪ੍ਰਾਪਤੀਆਂ ਨੂੰ ਬੇ-ਥਾਹ ਪੈਸਾ ਕਮਾਉਣ ਲਈ ਵਰਤਣ ਵਾਲਿਆਂ ਵਿਰੁੱਧ ਆਵਾਜ ਉਠਾ ਕੇ, ਮਨੁੱਖਤਾ ਦੀ ਭਲਾਈ ਲਈ ਵਰਤਣ ਨੂੰ ਪਹਿਲ ਦੇ ਕੇ ਵਿਗਿਆਨਕ ਨਜ਼ਰੀਏ ਰਾਹੀਂ ਜ਼ਿੰਦਗੀ ਨੂੰ ਹੋਰ ਵੀ ਰੁਸ਼ਨਾਇਆ ਜਾ ਸਕਦਾ ਹੈ, ਜਿਸ ਸਬੰਧੀ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣ, ਸਾਂਝੇ ਜੱਥੇਬੰਦਕ ਉਪਰਾਲਿਆਂ ਦੀ ਲੋੜ ਹੈ।

(98151-69825)

---

**ਖੋਜ ਖ਼ਬਰ**

## ਪਲਾਸਟਿਕ ਖਤਮ ਕਰਨ ਵਾਲੀ ਉੱਲੀ

ਪਲਾਸਟਿਕ ਦੀ ਸਹੂਲਤ ਵੀ ਬਹੁਤ ਹੈ ਪਰ ਇਸਦੀ ਵਾਤਾਵਰਣ ਪੱਖੋਂ ਬਹੁਤ ਕੀਮਤ ਚੁਕਾਉਣੀ ਪੈ ਰਹੀ ਹੈ। ਇਸਦਾ ਨੁਕਸਾਨ ਨਾ ਸਿਰਫ ਮਨੁੱਖ ਜਾਤੀ ਨੂੰ ਬਲਕਿ ਜੀਵ-ਜੰਤੂਆਂ ਨੂੰ ਵੀ ਬਹੁਤ ਹੋ ਰਿਹਾ ਹੈ। ਆਵਾਰਾ ਗਾਵਾਂ, ਸੂਰਾਂ ਤੋਂ ਲੈ ਕੇ ਮੱਛੀਆਂ ਤੱਕ ਦੇ ਅੰਦਰ ਜਾਕੇ ਉਨ੍ਹਾਂ ਨੂੰ ਦੁਖਦਾਈ ਮੌਤ ਦਾ ਸ਼ਿਕਾਰ ਬਣਾ ਰਹੀ ਹੈ। ਇਸਦਾ ਵੱਡਾ ਨੁਕਸਾਨ ਇਸ ਕਰਕੇ ਹੈ ਕਿ ਇਹ ਸਮੇਂ ਨਾਲ ਗਲ ਸੜ ਕੇ ਨਸ਼ਟ ਨਹੀਂ ਹੁੰਦੀ। ਜਿੱਥੇ ਹੋਰ ਕੂੜੇ ਕਰਕਟ ਨੂੰ ਸੂਖ਼ਮ ਜੀਵ ਆਪਣੇ ਭੋਜਨ ਵਜੋਂ ਵਰਤ ਕੇ ਖਤਮ ਕਰ ਦਿੰਦੇ ਸਨ ਉਥੇ ਪਲਾਸਟਿਕ ਉਨ੍ਹਾਂ ਦੇ ਵੱਸੋਂ ਬਾਹਰੀ ਸੀ।

ਹੁਣ ਵਿਗਿਆਨੀਆਂ ਨੇ ਇੱਕ ਅਜਿਹੀ ਫੰਗਸ (ਉੱਲੀ) ਖੋਜ ਲਈ ਹੈ ਜੋ ਪਲਾਸਟਿਕ ਵੀ ਖਾ ਜਾਂਦੀ ਹੈ। ਸ਼ਾਂਤ ਮਹਾਂਸਾਗਰ ਵਿੱਚ ਮਿਲਣ ਵਾਲੀ Parengyodontium album ਨਾਮ ਦੀ ਫੰਗਸ ਪਾਲੀਥੀਨ ਨੂੰ ਤੋੜ ਕੇ ਖਤਮ ਕਰ ਦਿੰਦੀ ਹੈ। ਇਸੇ ਤਰ੍ਹਾਂ ਐਮੇਜ਼ਨ ਦੇ ਜੰਗਲਾਂ ਵਿਚੋਂ ਇੱਕ ਅਜਿਹੀ ਫੰਗਸ ਲੱਭੀ ਹੈ ਜੋ ਆਕਸੀਜਨ ਦੀ ਅਣਹੋਂਦ ਵਿੱਚ ਪਲਾਸਟਿਕ ਨੂੰ ਖਾ ਜਾਂਦੀ ਹੈ। ਇਸ ਗੁਣ ਕਰਕੇ ਇਹ ਦੂਸਰੀ ਫੰਗਸ ਜ਼ਮੀਨ ਵਿੱਚ ਦੱਬੇ ਪਲਾਸਟਿਕ ਨੂੰ ਵੀ ਖਤਮ ਕਰਨ ਵਿੱਚ ਸਹਾਈ ਹੋਵੇਗੀ।

ਜਾਪਦਾ ਹੈ ਕਿ ਇਨ੍ਹਾਂ ਸੂਖ਼ਮ ਜੀਵਾਂ ਨੇ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲ ਲਿਆ ਹੈ। ਪ੍ਰਿਥਵੀ ਉਪਰ ਪਲਾਸਟਿਕ ਦੀ ਬਹੁਤਾਤ ਹੋ ਜਾਣ ਕਾਰਣ ਇਨ੍ਹਾਂ ਨੇ ਆਪਣੇ ਜਿਉਂਦੇ ਰਹਿਣ ਲਈ ਸੰਘਰਸ਼ ਵਿਚੋਂ ਪਲਾਸਟਿਕ ਨੂੰ ਆਪਣਾ ਭੋਜਨ ਬਣਾਉਣਾ ਸ਼ੁਰੂ ਕਰ ਦਿੱਤਾ। ਖੈਰ ਇਹ ਖੋਜ ਸਾਡੇ ਲਈ ਖੁਸ਼ੀ ਦੀ ਖ਼ਬਰ ਹੈ।

ਵਿਗਿਆਨ ਖ਼ਬਰਾਂ

# ਇੱਕ ਲੱਤ ਉੱਤੇ ਖੜ੍ਹਨ ਦੀ ਸਮਰੱਥਾ-ਸਿਹਤ ਦੀ ਸੂਚਕ



ਅਸੀਂ ਇੱਕ ਲੱਤ ਉੱਤੇ ਕਿੰਨਾ ਸਮਾਂ ਖੜ੍ਹ ਸਕਦੇ ਹਾਂ? ਇਹ ਆਮ ਸਿਹਤ ਦਾ ਚੰਗਾ ਸੂਚਕ ਹੈ, ਖਾਸ ਕਰ ਬੁਢਾਪੇ ਵੱਲ ਵਧ ਰਹੇ ਵਿਅਕਤੀਆਂ ਦੀ ਸਿਹਤ ਬਾਰੇ ਇਸ ਤੋਂ ਕਾਫੀ ਪਤਾ ਚਲਦਾ ਹੈ। ਇਹ ਸਾਡੀਆਂ ਲੱਤਾਂ ਦੀ ਤਾਕਤ ਅਤੇ ਸੰਤੁਲਨ ਬਣਾ ਕੇ ਰੱਖ ਸਕਣ ਵਿੱਚ ਆ ਰਹੀਆਂ ਤਬਦੀਲੀਆਂ ਨੂੰ ਦਰਸਾਉਂਦਾ ਹੈ। ਮਾਯੋ ਕਲੀਨਿਕ ਦੀ ਤਾਜਾ ਖੋਜ ਮੁਤਾਬਿਕ ਵਿਅਕਤੀ ਦੇ ਇੱਕ ਲੱਤ ਉੱਤੇ ਖੜ੍ਹ ਸਕਣ ਦੀ ਸਮਰੱਥਾ ਉਸਦੀ ਚਾਲ, ਪਕੜ ਅਤੇ ਗੋਡਿਆਂ ਦੀ ਤਾਕਤ ਨਾਲੋਂ ਜਿਆਦਾ ਤੇਜੀ ਨਾਲ ਘਟਦੀ ਹੈ, ਸੋ ਇਹ ਬੁਢਾਪੇ ਦਾ ਵੱਧ ਚੰਗਾ ਸੂਚਕ ਹੈ।

ਸਹੀ ਸੰਤੁਲਨ, ਮਾਸ-ਪੇਸ਼ੀਆਂ ਦੀ ਤਾਕਤ ਅਤੇ ਸਹੀ ਤੋਰ, ਚੰਗੇ ਬੁਢਾਪੇ ਲਈ ਮੁੱਖ ਕਾਰਕ ਹਨ। ਇਸ ਖੋਜ ਦੇ ਅਧਿਐਨ ਕਰਤਾ ਡਾ. ਕੈਂਟਨ ਕਾਫ਼ਮੈਨ ਅਨੁਸਾਰ, 'ਸਰੀਰ ਦਾ ਸੰਤੁਲਨ ਬਣਾ ਕੇ ਰੱਖ ਸਕਣਾ ਮਹੱਤਵਪੂਰਨ ਹੈ ਕਿਉਂਕਿ ਇਹ ਮਾਸ-ਪੇਸ਼ੀਆਂ ਦੀ ਤਾਕਤ ਤੋਂ ਇਲਾਵਾ, ਸਰੀਰ ਨੂੰ ਡਿੱਗਣ ਤੋਂ ਬਚਾਉਣ ਵਾਲਾ ਵੈਸਟੀਬੂਲਰ ਸਿਸਟਮ ਅਤੇ ਨਾੜੀ ਪ੍ਰਬੰਧ ਤੋਂ ਪ੍ਰਾਪਤ ਸੂਚਨਾਵਾਂ ਉੱਤੇ ਵੀ ਨਿਰਭਰ ਕਰਦਾ ਹੈ। ਸੋ ਇਸ ਵਿੱਚ ਆ ਰਹੀਆਂ ਤਬਦੀਲੀਆਂ ਦਾ ਧਿਆਨ ਰੱਖਣ ਦੀ ਲੋੜ ਹੈ।'

ਇਸ ਅਧਿਐਨ ਵਿੱਚ, 52 ਤੋਂ 83 ਸਾਲ ਦੀ ਉਮਰ ਵਾਲੇ, 40 ਤੰਦਰੁਸਤ ਵਿਅਕਤੀਆਂ ਦੀ ਚਾਲ, ਸੰਤੁਲਨ, ਹੱਥਾਂ ਦੀ ਪਕੜ ਅਤੇ ਗੋਡਿਆਂ ਦੀ ਤਾਕਤ ਦੇ ਟੈਸਟ ਕੀਤੇ ਗਏ। ਸੰਤੁਲਨ ਵਾਲੇ ਟੈਸਟ ਵਿੱਚ ਉਨ੍ਹਾਂ ਨੂੰ ਇੱਕ ਪਲੇਟ ਉੱਤੇ ਚਾਰ ਢੰਗਾਂ ਨਾਲ ਖੜ੍ਹਨ ਲਈ ਕਿਹਾ ਗਿਆ - ਦੋਵੇਂ ਪੈਰਾਂ ਉੱਤੇ ਅੱਖਾਂ ਖੁੱਲ੍ਹੀਆਂ ਰੱਖ ਕੇ, ਦੋਵਾਂ ਪੈਰਾਂ ਉੱਤੇ ਅੱਖਾਂ ਬੰਦ ਕਰ ਕੇ, ਕੇਵਲ ਸੱਜੀ ਲੱਤ ਉੱਤੇ, ਕੇਵਲ ਖੱਬੀ ਲੱਤ ਉੱਤੇ। ਹਰ ਟੈਸਟ 30 ਸੈਕਿੰਡ ਲਈ ਚੱਲਿਆ ਅਤੇ ਇੱਕ ਲੱਤ ਉੱਤੇ ਖੜ੍ਹਾ ਹੋਣ ਸਮੇਂ ਵਿਅਕਤੀ ਆਪਣੀ ਦੂਸਰੀ ਲੱਤ ਨੂੰ ਫੜ੍ਹ ਕੇ ਵੀ ਰੱਖ ਸਕਦਾ ਸੀ। ਅਧਿਐਨ ਵਿੱਚ ਦੇਖਿਆ ਗਿਆ ਕਿ ਉਮਰ ਨਾਲ ਇੱਕ ਲੱਤ ਉੱਤੇ ਖੜ੍ਹਾ ਰਹਿ ਸਕਣ ਦੀ ਸਮਰੱਥਾ ਵਿੱਚ ਸਭ ਤੋਂ ਵੱਧ ਤੇਜੀ ਨਾਲ ਗਿਰਾਵਟ ਆਉਂਦੀ ਹੈ। ਡਾ. ਕਾਫ਼ਮੈਨ ਅਨੁਸਾਰ ਜੇ ਤੁਸੀਂ ਇੱਕ ਲੱਤ ਉੱਤੇ 5 ਸੈਕਿੰਡ ਤੱਕ ਖੜ੍ਹੇ ਨਹੀਂ ਰਹਿ ਸਕਦੇ ਤਾਂ ਤੁਹਾਡੇ ਵਿੱਚ ਡਿੱਗ ਕੇ ਸੱਟ ਖਾ ਲੈਣ ਦਾ ਕਾਫੀ ਖਤਰਾ ਹੈ। ਪਰ ਜੇ ਕੋਈ 30 ਸੈਕਿੰਡ ਤੱਕ ਖੜ੍ਹ ਸਕੇ ਤਾਂ ਉਹ ਬਹੁਤ ਵਧੀਆ ਸਥਿਤੀ ਵਿੱਚ ਹੈ, ਖਾਸ ਕਰ ਜੇ ਉਹ ਉਮਰ-ਦਰਾਜ ਵਿਅਕਤੀ ਹੈ ਤਾਂ ਇਹ ਉਸ ਲਈ ਸ਼ਾਨਦਾਰ ਹੈ।

ਇਸ ਡਾਕਟਰ ਦੀ ਸਲਾਹ ਹੈ ਕਿ ਚਾਹੇ ਉਮਰ ਨਾਲ ਆਉਣ ਵਾਲੀਆਂ ਤਬਦੀਲੀਆਂ ਨੂੰ ਪੂਰੀ ਤਰ੍ਹਾਂ ਤਾਂ ਰੋਕਿਆ ਨਹੀਂ ਜਾ ਸਕਦਾ ਪਰ ਸੰਤੁਲਨ ਲਈ ਜੇ ਤੁਸੀਂ ਪ੍ਰੈਕਟਿਸ ਕਰੋ ਤਾਂ ਫਾਇਦਾ ਹੁੰਦਾ ਹੈ। ਤੁਸੀਂ ਹਰ ਰੋਜ ਇੱਕ ਲੱਤ 'ਤੇ ਖੜ੍ਹਨ ਦੀ ਕੋਸ਼ਿਸ਼ ਕਰੋ ਇਸ ਨਾਲ ਮਾਸ-ਪੇਸ਼ੀਆਂ ਅਤੇ ਸਰੀਰ ਦਾ ਸੰਤੁਲਨ ਰੱਖਣ ਵਾਲੇ ਪ੍ਰਬੰਧ ਵਿੱਚ ਤਾਲਮੇਲ ਵਿੱਚ ਸੁਧਾਰ ਹੋਵੇਗਾ।

***

## ਦਿਲਚਸਪ ਜੀਵ ਟਾਰਡੀਗਰੇਡ

ਤੰਦਰੁਸਤ ਮਨੁੱਖ ਦੇ ਸਰੀਰ ਦਾ ਤਾਪਮਾਨ 37° C ਹੁੰਦਾ ਹੈ। ਸਰੀਰ ਦਾ ਤਾਪਮਾਨ 36° C ਤੋਂ ਘੱਟ ਅਤੇ 42° C ਤੋਂ ਵੱਧ ਹੋ ਜਾਣ ‘ਤੇ ਮਨੁੱਖ ਦਾ ਜਿਉਂਦੇ ਰਹਿਣਾ ਮੁਸ਼ਕਿਲ ਹੁੰਦਾ ਹੈ। ਆਮ ਜੀਵ 45° C ਤੋਂ ਵੱਧ ਸਰੀਰਕ ਤਾਪਮਾਨ ’ਤੇ ਜਿਉਂਦੇ ਨਹੀਂ ਰਹਿ ਸਕਦੇ। ਪਰ ਜੀਵ ਸੰਸਾਰ ਵਿੱਚ ਜਿੱਥੇ ਜੀਵਾਂ ਦੀਆਂ ਸ਼ਕਲਾਂ, ਆਕਾਰ, ਰਹਿਣ ਸਥਾਨ ਵਿੱਚ ਬਹੁਤ ਅਚੰਭੇ ਹਨ ਉੱਥੇ ਅੱਤ ਦੀਆਂ ਹਾਲਤਾਂ ਵਿੱਚ ਜਿਉਂਦੇ ਰਹਿਣ ਵਾਲੇ ਜੀਵਾਂ ਦੀਆਂ ਵੀ ਬਹੁਤ ਉਦਾਹਰਨਾਂ ਹਨ। ਅਤਿ ਦੀਆਂ ਹਾਲਤਾਂ ਵਿੱਚ ਜੀਵਨ ਬਾਰੇ ਲੋਕਾਂ ਦੀ ਦਿਲਚਸਪੀ ਉਦੋਂ ਜਾਗੀ, ਜਦੋਂ 25 ਜੂਨ 2025 ਨੂੰ ਭਾਰਤੀ ਪੁਲਾੜ ਯਾਤਰੀ ਸੁਭਾਂਸ਼ੂ ਸ਼ੁਕਲਾ ਨੇ ਨਾਸਾ ਦੇ ਕੈਨੇਡੀ ਪੁਲਾੜ ਕੇਂਦਰ ਤੋਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਲਈ ਉਡਾਰੀ ਮਾਰੀ। ਸੁਭਾਂਸ਼ੂ ਵਿਗਿਆਨਕ ਉਪਕਰਨਾਂ ਦੇ ਨਾਲ ਨਾਲ ਟਾਰਡੀਗਰੇਟ ਨਾਂ ਦੇ ਸੂਖਮ ਜੀਵ ਦੇ ਸੈਂਪਲ ਵੀ ਨਾਲ ਲੈ ਕੇ ਗਿਆ। ਟਾਰਡੀਗਰੇਡ ਦੇ ਸੈਂਪਲ ਲੈ ਕੇ ਜਾਣ ਦਾ ਉਦੇਸ਼ ਪੁਲਾੜ ਦੀਆਂ ਕਠਿਨ ਹਾਲਤਾਂ ਵਿੱਚ ਇਸ ਜੀਵ ਦੇ ਜਿਉਂਦੇ ਰਹਿਣ ਦੀਆਂ ਹਾਲਤਾਂ ਦਾ ਅਧਿਅਨ ਕਰਨਾ ਸੀ। ਇਹ ਜੀਵ ਬਹੁਤ ਘੱਟ ਬਾਹਰੀ ਤਾਪਮਾਨ (–272°C) ਅਤੇ ਬਹੁਤ ਵੱਧ ਤਾਪਮਾਨ (149°C) ਬਹੁਤ ਘੱਟ ਤੇ ਬਹੁਤ ਵੱਧ ਦਬਾਅ, ਤੇਜ ਰੇਡੀਏਸ਼ਨ, ਹਵਾ ਪਾਣੀ ਦੀ ਅਣਹੋਂਦ ਵਿੱਚ ਵੀ ਜਿਉਂਦਾ ਰਹਿ ਸਕਦਾ ਹੈ। ਇਹ ਕਿਵੇਂ ਵਾਪਰਦਾ ਹੈ, ਇਹ ਖੋਜ ਦਾ



ਵਿਸ਼ਾ ਹੈ। ਉਹ ਕਿਹੜੇ ਪ੍ਰੋਟੀਨ ਜਾਂ ਰਸਾਇਣਕ ਤਬਦੀਲੀਆਂ ਨੇ ਜਿਹੜੇ ਇਸ ਜੀਵ ਨੂੰ ਬਚਾ ਲੈਂਦੀਆਂ ਨੇ ਮਨੁੱਖ ਲਈ ਉਨ੍ਹਾਂ ਦਾ ਕੀ ਉਪਯੋਗ ਹੋ ਸਕਦਾ ਹੈ ਆਦਿ ਜਾਣਨ ਲਈ ਪੁਲਾੜ ਵਿੱਚ ਇਸ ਜੀਵ ਉੱਤੇ ਪ੍ਰਯੋਗ ਕੀਤੇ ਗਏ।

ਟਾਰਡੀਗਰੇਡ ਤਕਰੀਬਨ ਅੱਧਾ ਮਿਲੀਮੀਟਰ ਲੰਬਾ, ਚਾਰ ਜੋੜੇ ਲੱਤਾਂ ਵਾਲਾ ਜੀਵ ਹੁੰਦਾ ਹੈ। ਇਹ ਖੁੱਲ੍ਹੇ ਵਿੱਚ ਗਿੱਲੀਆਂ ਸਿੱਲੀਆਂ ਥਾਵਾਂ ’ਤੇ, ਬਰਾਓਫਾਈਟਾ ਨਾਂ ਦੇ ਪੌਦਿਆਂ ਵਿੱਚ ਅਕਸਰ ਪਾਇਆ ਜਾਂਦਾ ਹੈ। ਇਸ ਦੇ ਨਾਂ ਤੇ ਅੰਗਰੇਜ਼ ਗਾਇਕ ਕੌਸਮੋ ਸ਼ੈਲਡ੍ਰੇਕ (Cosmo Sheldrake) ਦਾ ਗੀਤ ਵੀ ਮਸ਼ਹੂਰ ਹੋਇਆ ਸੀ– ‘ਜੇ ਮੈਂ ਟਾਰਡੀਗ੍ਰੇਡ ਹੁੰਦਾ, ਦਬਾਅ ਮੇਰਾ ਕਚੂਮਰ ਨਾ ਕੱਢ ਸਕਦਾ, ਅੱਗ ਮੈਨੂੰ ਜਲਾ ਨਾ ਸਕਦੀ, ਮੈਂ ਹਵਾ ਤੋਂ ਬਿਨਾਂ ਵੀ ਰਹਿ ਸਕਦਾ, ਮੈਨੂੰ ਕੁਝ ਪੀਣਾ ਵੀ ਨਹੀਂ ਸੀ ਪੈਣਾ।’ **- ਵਿਸ਼ਵ ਕਾਂਤ**

## ਨੌਜਵਾਨਾਂ ਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਸਬੰਧੀ ਤਜ਼ਰਬਾ

26 ਨਵੰਬਰ 25 ਦੇ ਇੰਡੀਅਨ ਐਕਸਪ੍ਰੈਸ ਨੇ ਨਿਊਯਾਰਕ ਟਾਈਮਜ਼ ਦੇ ਹਵਾਲੇ ਨਾਲ ਲਿਖਿਆ ਹੈ ਕਿ 18 ਤੋਂ 24 ਸਾਲ ਤੱਕ ਦੇ 295 ਨੌਜਵਾਨਾਂ ਉੱਪਰ ਤਜਰਬਾ ਕੀਤਾ ਗਿਆ ਕਿ ਇੱਕ ਹਫਤਾ ਸੋਸ਼ਲ ਮੀਡੀਆ ਤੋਂ ਦੂਰ ਰਹਿਣ ਨਾਲ ਕਿਹੜੇ ਕਿਹੜੇ ਮਾਨਸਿਕ ਪ੍ਰਭਾਵ ਪੈਂਦੇ ਹਨ। ਚੁਣੇ ਗਏ 295 ਵਲੰਟੀਅਰਾਂ ਨੇ ਸਹਿਮਤੀ ਦਿੱਤੀ ਕਿ ਉਹ ਰੋਜ਼ਾਨਾ ਅੱਧੇ ਘੰਟੇ ਤੋਂ ਵੀ ਘੱਟ ਸੋਸ਼ਲ ਮੀਡੀਆ ਦੀ ਵਰਤੋਂ ਕਰਨਗੇ। ਇਹ ਤਜਰਬਾ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਨੌਜਵਾਨਾਂ ਦੀ ਮਾਨਸਿਕ ਸਿਹਤ ਦੀ ਪਰਖ ਪੜਤਾਲ ਕੀਤੀ ਗਈ।

ਇੱਕ ਹਫਤਾ ਸੋਸ਼ਲ ਮੀਡੀਆ ਦੀ ਸੰਕੋਚਵੀਂ ਵਰਤੋਂ ਕਰਨ ਨਾਲ, ਨੌਜਵਾਨਾਂ ਦੀ ਮਾਨਸਿਕ ਸਿਹਤ ਉੱਤੇ ਹੈਰਾਨੀਜਨਕ ਹਾਂ-ਪੱਖੀ ਪ੍ਰਭਾਵ ਵੇਖੇ ਗਏ। ਸਿੱਟਾ ਨਿਕਲਿਆ ਕਿ ਵਿਆਕੁਲਤਾ (Anxiety) ਵਿੱਚ 16.1%, ਉਦਾਸੀ ਰੋਗ (Depression) ਦੇ ਲੱਛਣਾਂ ਵਿੱਚ 24.8% ਅਤੇ ਅਨੀਂਦਰੇ (Insomnia) ਵਿੱਚ 14.5% ਦੀ ਕਮੀ ਨੋਟ ਕੀਤੀ ਗਈ। ਇਕੱਲਤਾ ਮਹਿਸੂਸ ਕਰਨ (Loneliness) ਦੇ ਮਾਮਲੇ ਵਿੱਚ ਕੋਈ ਸੁਧਾਰ ਨਹੀਂ ਵੇਖਿਆ ਗਿਆ। ਸੋਸ਼ਲ ਮੀਡੀਆ ਇਕੱਲਤਾ ਨੂੰ ਦੂਰ ਕਰਨ ਦਾ ਸ਼ਾਇਦ ਸਹਾਈ ਸਾਧਨ ਹੈ। ਮਾਨਸਿਕ ਰੋਗਾਂ ਦੇ ਮਾਹਰ, ਡਾ. ਜੋਹਨ ਟੌਰਸ ਦਾ ਕਹਿਣਾ ਸੀ ਕਿ ਸੋਸ਼ਲ ਮੀਡੀਆ ਤੋਂ ਦੂਰ ਰਹਿਣਾ ਇਨ੍ਹਾਂ ਮਾਨਸਿਕ ਸਮੱਸਿਆਵਾਂ ਦਾ ਪੂਰਨ ਇਲਾਜ ਬੇਸ਼ੱਕ ਨਹੀਂ ਹੈ, ਪਰ ਇਹ ਇਲਾਜ ਵਿੱਚ ਸਹਾਈ ਜਰੂਰ ਹੈ।

*ਯਾਦ ਅਮੁੱਲੀ :*

***ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਇਨਕਲਾਬੀ ਨਾਇਕਾਂ ਸ਼ਹੀਦ ਭਗਤ ਸਿੰਘ ਨਾਲ 23 ਮਾਰਚ 1931 ਨੂੰ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਸੁਖਦੇਵ (ਜਨਮ ਦਿਨ: 19 ਫਰਵਰੀ 1907) ਤੇ ਇਨਕਲਾਬੀ ਦਲ ਦੇ ਸੈਨਾਪਤੀ ਚੰਦਰ ਸ਼ੇਖਰ ਆਜ਼ਾਦ (ਸ਼ਹਾਦਤ 27 ਫਰਵਰੀ 1931) ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸੰਗੀ ਸਾਥੀ ਸ਼ਿਵ ਵਰਮਾ ਵੱਲੋਂ ਕ੍ਰਾਂਤੀਕਾਰੀ ਨਾਇਕਾਂ ਨਾਲ ਬਿਤਾਏ ਪਲਾਂ ਦੀਆਂ ਯਾਦਾਂ ਪਾਠਕਾਂ ਦੇ ਸਨਮੁੱਖ ਕਰ ਰਹੇ ਹਾਂ : ਅਦਾਰਾ***

## ਸ਼ਹੀਦ ਸੁਖਦੇਵ



ਭਗਤ ਸਿੰਘ ਦੇ ਮੁਕਾਬਲੇ ਸੁਖਦੇਵ ਘੱਟ ਪੜ੍ਹਦਾ ਲਿਖਦਾ ਸੀ ਪ੍ਰੰਤੂ ਉਸਦੀ ਯਾਦ ਸ਼ਕਤੀ ਬਹੁਤ ਤੇਜ਼ ਸੀ। ਆਮ ਤੌਰ ਤੇ ਫਿਲਾਸਫੀ ਜਾਂ ਸਿਧਾਂਤ ਦੀਆਂ ਜਿਹੜੀਆਂ ਕਿਤਾਬਾਂ ਨੂੰ ਦੂਸਰੇ ਸਾਥੀ ਹਫ਼ਤਿਆਂ ਵਿੱਚ ਪੜ੍ਹ ਪਾਉਂਦੇ ਸੀ, ਸੁਖਦੇਵ ਉਨ੍ਹਾਂ ਨੂੰ ਦੋ ਦਿਨਾਂ ਵਿੱਚ ਹੀ ਪੜ੍ਹ ਲੈਂਦਾ ਸੀ। ਉਸ ਨੇ ਕਦੇ ਵੀ ਨੋਟਿਸ ਨਹੀਂ ਸਨ ਬਣਾਏ ਫ਼ਿਰ ਵੀ ਸਰਸਰੀ ਪੜ੍ਹੀਆਂ ਕਿਤਾਬਾਂ ਵਿੱਚੋਂ ਉਸ ਕੋਲੋਂ ਵਿਸਥਾਰ ਵਿੱਚ ਉਦਾਹਰਨਾਂ ਮਹੀਨਿਆਂ ਬਾਅਦ ਵੀ ਪੁੱਛੀਆਂ ਜਾ ਸਕਦੀਆਂ ਸਨ। ਜੇਲ੍ਹ ਵਿਚਲੇ ਸਾਥੀਆਂ ਵਿੱਚੋਂ ਭਗਤ ਸਿੰਘ ਤੋਂ ਬਾਅਦ ਸਮਾਜਵਾਦ ਉੱਪਰ ਜੇਕਰ ਕਿਸੇ ਨੇ ਸਭ ਤੋਂ ਜ਼ਿਆਦਾ ਅਧਿਐਨ ਕੀਤਾ ਸੀ ਤਾਂ ਉਹ ਸੁਖਦੇਵ ਸੀ। ਉਸਨੂੰ ਇਨਕਲਾਬੀਆਂ ਦੇ ਨਿਸ਼ਾਨੇ ਦੀ ਸਫਲਤਾ ਉੱਪਰ ਜਿਨ੍ਹਾਂ ਅਡੋਲ ਵਿਸ਼ਵਾਸ ਸੀ ਉਸਦਾ ਪ੍ਰਮਾਣ ਫਾਂਸੀ ਤੋਂ ਕੁਝ ਦਿਨ ਪਹਿਲਾਂ ਉਸ ਵੱਲੋਂ ਗਾਂਧੀ ਜੀ ਦੇ ਨਾਂ ਲਿਖੀ ਉਸਦੀ ਚਿੱਠੀ ਤੋਂ ਮਿਲਦਾ ਹੈ।

ਇਨਕਲਾਬੀਆਂ ਦਾ ਨਿਸ਼ਾਨਾ ਇਸ ਦੇਸ਼ ਵਿੱਚ ਸਮਾਜਵਾਦੀ ਜਮਹੂਰੀ ਪ੍ਰਬੰਧ ਸਥਾਪਤ ਕਰਨਾ ਹੈ। ਇਸ ਨਿਸ਼ਾਨੇ ਵਿੱਚ ਤਬਦੀਲੀ ਦੀ ਜ਼ਰਾ ਜਿੰਨੀ ਵੀ ਗੁੰਜਾਇਸ਼ ਨਹੀਂ ਹੈ। ਮੇਰਾ ਖਿਆਲ ਹੈ ਕਿ ਤੁਹਾਡੀ ਇਹ ਧਾਰਨਾ ਨਹੀਂ ਹੋਵੇਗੀ ਕਿ ਇਨਕਲਾਬੀ ਤਰਕਹੀਣ ਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਰਫ਼ ਵਿਨਾਸ਼ਕਾਰੀ ਕੰਮਾਂ ਵਿੱਚ ਹੀ ਆਨੰਦ ਆਉਂਦਾ ਹੈ। ਅਸੀਂ ਤੁਹਾਨੂੰ ਇਹ ਦੱਸ ਦੇਣਾ ਚਾਹੁੰਦੇ ਹਾਂ ਕਿ ਅਸਲ ਵਿੱਚ ਗੱਲ ਇਸ ਤੋਂ ਐਨ ਉਲਟ ਹੈ। ਉਹ ਹਰ ਇੱਕ ਕਦਮ ਅੱਗੇ ਵਧਾਉਣ ਤੋਂ ਪਹਿਲਾਂ ਆਪਣੇ ਆਲੇ ਦੁਆਲੇ ਦੇ ਹਾਲਾਤ ਉੱਪਰ ਵਿਚਾਰ ਕਰਦੇ ਹਨ। ਉਨ੍ਹਾਂ ਨੂੰ ਹਰ ਵੇਲੇ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਬਣਿਆ ਰਹਿੰਦਾ ਹੈ।.... ਉਹ ਦਿਨ ਦੂਰ ਨਹੀਂ ਜਦੋਂ ਉਨ੍ਹਾਂ (ਇਨਕਲਾਬੀਆਂ) ਦੀ ਅਗਵਾਈ ਵਿੱਚ ਤੇ ਉਨ੍ਹਾਂ ਦੇ ਝੰਡੇ ਥੱਲੇ ਜਨਤਾ ਸਮਾਜਵਾਦੀ ਜਮਹੂਰੀਅਤ ਦੇ ਨਿਸ਼ਾਨੇ ਵੱਲ ਵਧਦੀ ਦਿਖਾਈ ਦੇਵੇਗੀ।

## ਚੰਦਰ ਸ਼ੇਖਰ ਆਜ਼ਾਦ



ਸਾਡੇ ਦਲ ਵਿੱਚ ਭਗਤ ਸਿੰਘ ਤੇ ਸੁਖਦੇਵ ਦੇ ਆਉਣ ਨਾਲ ਸਿਧਾਂਤਕ ਸੁਆਲਾਂ ਤੇ ਅਕਸਰ ਬਹਿਸ ਛਿੜਦੀ ਸਾਡਾ ਆਖਰੀ ਉਦੇਸ਼ ਕੀ ਹੈ? ਦੇਸ਼ ਦੀ ਆਜ਼ਾਦੀ ਤੋਂ ਸਾਡਾ ਕੀ ਮਤਲਬ ਹੈ? ਜਮਾਤ ਰਹਿਤ ਸਮਾਜ ਤੋਂ ਕੀ ਭਾਵ ਹੈ? ਆਧੁਨਿਕ ਸਮਾਜ ਦੇ ਜਮਾਤੀ ਸੰਘਰਸ਼ ਵਿੱਚ ਇਨਕਲਾਬੀਆਂ ਦੀ ਕੀ ਭੂਮਿਕਾ ਹੋਣੀ ਚਾਹੀਦੀ ਹੈ, ਰਾਜ ਸੱਤਾ ਕੀ ਹੈ। ਰੱਬ ਅਤੇ ਧਰਮ ਦਾ ਜਨਮ ਕਿੱਥੋਂ ਹੋਇਆ ਆਦਿ ਸਵਾਲਾਂ ਤੇ ਹੁੰਦੀ ਬਹਿਸ ਵਿੱਚ ਉਹ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟਾਉਂਦੇ ਸਨ।

ਆਜ਼ਾਦ ਸਾਡੇ ਸੈਨਾਪਤੀ ਹੀ ਨਹੀਂ ਸਨ, ਉਹ ਸਾਡੇ ਪਰਿਵਾਰ ਦੇ ਭਰਾ ਦੀ ਥਾਂ ਵੀ ਸਨ। ਜਿਸਨੂੰ ਹਰ ਸਾਥੀ ਦੀ ਛੋਟੀ ਤੋਂ ਛੋਟੀ ਜਰੂਰਤ ਦਾ ਧਿਆਨ ਰਹਿੰਦਾ ਸੀ। ਉਹਨਾਂ ਨੂੰ ਆਪਣਾ ਹਰ ਸਾਥੀ ਅੱਖ ਦੀ ਪੁਤਲੀ ਤੋਂ ਵੀ ਵੱਧ ਪਿਆਰਾ ਸੀ। ਰੱਬ ਹੈ ਜਾਂ ਨਹੀਂ, ਇਸ ਸਵਾਲ ਉੱਪਰ ਆਜ਼ਾਦ ਕਿਸੇ ਨਿਰਣੇ ਤੇ ਪਹੁੰਚ ਸਕੇ ਸਨ ਜਾਂ ਨਹੀਂ, ਇਹ ਕਹਿਣਾ ਮੁਸ਼ਕਲ ਹੈ ਪਰ ਰੱਬ ਦੀ ਹੋਂਦ ਤੋਂ ਇਨਕਾਰੀ ਕੱਟੜ ਨਾਸਤਿਕ ਭਗਤ ਸਿੰਘ ਦੀਆਂ ਦਲੀਲਾਂ ਦਾ ਵਿਰੋਧ ਉਹਨਾਂ ਕਦੇ ਨਹੀਂ ਸੀ ਕੀਤਾ।

ਲੁੱਟ ਦਾ ਖਾਤਮਾ, ਮਨੁੱਖਤਾ ਦੀ ਬਰਾਬਰੀ ਦੀ ਗੱਲ ਅਤੇ ਜਮਾਤ ਰਹਿਤ ਸਮਾਜ ਦੀ ਕਲਪਨਾ ਅਤੇ ਸਮਾਜਵਾਦ ਦੀਆਂ ਗੱਲਾਂ ਨੇ ਉਹਨਾਂ ਨੂੰ ਕੀਲ ਕੇ ਰੱਖ ਦਿੱਤਾ ਸੀ। ਸਮਾਜਵਾਦ ਬਾਰੇ ਜਿਨ੍ਹਾਂ ਗੱਲਾਂ ਨੂੰ ਉਹ ਜਿਸ ਹੱਦ ਤੱਕ ਸਮਝ ਸਕੇ ਸਨ, ਉਸੇ ਨੂੰ ਹੀ ਆਜ਼ਾਦੀ ਦੇ ਉਦੇਸ਼ ਨਾਲ ਜੀਵਨ ਦਾ ਆਦਰਸ਼ ਵੀ ਮੰਨ ਲਿਆ ਸੀ। ਵਿਗਿਆਨਕ ਸਮਾਜਵਾਦ ਦੀਆਂ ਬਾਰੀਕੀਆਂ ਨੂੰ ਸਮਝੇ ਬਿਨਾ ਹੀ ਉਹ ਆਪਣੇ ਆਪ ਨੂੰ ਸਮਾਜਵਾਦੀ ਕਹਾਉਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਸਨ। ਇਹ ਗੱਲ ਇਕੱਲੇ ਆਜ਼ਾਦ ਉੱਪਰ ਹੀ ਨਹੀਂ, ਉਸ ਵੇਲੇ ਸਾਡੇ ਸਾਰਿਆਂ ਤੇ ਹੀ ਲਾਗੂ ਹੁੰਦੀ ਸੀ। ਆਜ਼ਾਦ ਗੁਪਤ ਜਥੇਬੰਦੀ ਦੇ ਨਿਯਮਾਂ ਦਾ ਪਾਲਣ ਕਰਨ ਵਿੱਚ ਦੂਸਰਿਆਂ ਤੋਂ ਤਾਂ ਜ਼ਾਬਤੇ ਦੀ ਉਮੀਦ ਰੱਖਦੇ ਹੀ ਸਨ, ਨਾਲ

ਹੀ ਖੁਦ ਵੀ ਉਹਨਾਂ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਦੇ ਸਨ।

## ਮਹਾਨ ਖ਼ੋਜੀ : ਗੈਲੀਲੀਓ



15 ਫ਼ਰਵਰੀ 1564 ਨੂੰ ਪੀਸਾ (ਇਟਲੀ)ਵਿੱਚ ਜਨਮਿਆ ਗੈਲੀਲੀਓ ਬਚਪਨ ਤੋਂ ਹੀ ਤੀਖਣ ਬੁੱਧੀ ਦਾ ਮਾਲਕ ਸੀ।ਘਰ ਦੀ ਗਰੀਬੀ ਕਾਰਣ ਉਹ ਆਪਣੀ ਪੜ੍ਹਾਈ ਵੀ ਪੂਰੀ ਨਹੀਂ ਕਰ ਸਕਿਆ। ਸਖ਼ਤ ਮਿਹਨਤ ਤੇ ਲਗਨ ਦੇ ਚਲਦਿਆਂ ਉਹ ਗਣਿਤ ਦਾ ਵਿਦਵਾਨ ਬਣ ਗਿਆ। ਉਸਨੇ ਗਣਿਤ ਦੇ ਅਨੇਕਾਂ ਸਿਧਾਂਤ ਗਲਤ ਸਾਬਤ ਕਰ ਦਿੱਤੇ। ਉਸਨੇ ਇੱਕ ਦੂਰਬੀਨ ਬਣਾਈ ਤੇ ਗਣਿਤ ਦੇ ਸਿਧਾਤਾਂ ਦੀ ਮੱਦਦ ਨਾਲ ਗ੍ਰਹਿਆਂ ਦੀ ਸਥਿਤੀ ਦਾ ਅਧਿਐਨ ਕੀਤਾ। ਉਸਨੇ ਦੱਸਿਆ ਕਿ ਚੰਦਰਮਾ ਦੇ ਤਲ ਤੇ ਅਨੇਕਾਂ ਪਰਬਤ ਤੇ ਘਾਟੀਆਂ ਹਨ। ਬ੍ਰਹਿਸਪਤੀ ਇਕੱਲਾ ਗ੍ਰਹਿ ਨਹੀਂ ਸਗੋਂ ਉਸ ਨਾਲ ਕੁਝ ਹੋਰ ਗ੍ਰਹਿ ਵੀ ਹਨ। ਉਸਨੇ ਇਹ ਵੀ ਦੱਸਿਆ ਕਿ ਸਾਡੀ ਆਕਾਸ਼ ਗੰਗਾ ਹਜ਼ਾਰਾਂ ਤਾਰਿਆਂ ਦਾ ਸਮੂਹ ਹੈ। ਸੂਰਜ ਬ੍ਰਹਿਮੰਡ ਦਾ ਕੇਂਦਰ ਹੈ ਨਾ ਕਿ ਧਰਤੀ। ਧਰਤੀ ਸੂਰਜ ਦੁਆਲੇ ਘੁੰਮਦੀ ਹੈ। ਇਹ ਖੋਜਾਂ ਧਾਰਮਿਕ ਗ੍ਰੰਥਾਂ ਦੇ ਉਲਟ ਹੋਣ ਕਰਕੇ ਗੈਲੀਲੀਓ ਦੀਆਂ ਗੱਲਾਂ ਧਾਰਮਿਕ ਕੱਟੜਪੰਥੀਆਂ ਨੂੰ ਹਜ਼ਮ ਨਾ ਆਈਆਂ। ਉਸਨੂੰ ਚੇਤਾਵਨੀ ਦੇ ਕੇ ਚੁੱਪ ਕਰਵਾ ਦਿੱਤਾ ਗਿਆ। ਪਰ ਉਸ ਦੁਆਰਾ ਖੋਜੀਆਂ ਸੱਚਾਈਆਂ ਦੀ ਪੁਸਤਕ ਪ੍ਰਕਾਸ਼ਿਤ ਹੋਣ ਤੇ ਉਸਦੇ ਖ਼ਿਲਾਫ਼ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ। ਗੈਲੀਲੀਓ ਨੂੰ ਆਖਿਆ ਗਿਆ ਕਿ ਜੇਕਰ ਉਹ ਇਹ ਮੰਨ ਲਵੇ ਕਿ ਪੁਸਤਕ ਵਿੱਚ ਲਿਖੀਆਂ ਗੱਲਾਂ ਝੂਠ ਹਨ ਤਾਂ ਉਸਨੂੰ ਮੁਆਫ਼ ਕਰ ਦਿੱਤਾ ਜਾਵੇਗਾ। ਪਰ ਉਸਨੇ ਅਦਾਲਤ ਵਿੱਚ ਆਖਿਆ ਕਿ ਧਰਤੀ ਹੀ ਸੂਰਜ ਦੇ ਚਾਰੇ ਪਾਸੇ ਘੁੰਮਦੀ ਹੈ। ਸੱਚ ਖੋਜਣ ਤੇ ਬੋਲਣ ਬਦਲੇ ਉਸਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਗਿਆ। 1637 ਈਸਵੀ ਵਿੱਚ ਜਦ ਉਸਨੂੰ ਜੇਲ੍ਹ ਵਿੱਚੋਂ ਬਾਹਰ ਆਇਆ ਤਾਂ ਉਸਨੂੰ ਬਿਲਕੁਲ ਦਿਖਾਈ ਨਹੀਂ ਸੀ ਦਿੰਦਾ। ਗੈਲੀਲਿਓ ਨੇ ਸਾਰੀ ਜ਼ਿੰਦਗੀ ਅਨੇਕਾਂ ਕਸ਼ਟ ਝੇਲ ਕੇ ਸੱਚਾਈ ਦੀ ਖੋਜ ਤੇ ਉਸਨੂੰ ਸਾਬਤ ਕਰਨ ਦੇ ਲੇਖੇ ਲਾਈ। ਉਸਦੀਆਂ ਖੋਜਾਂ ਦੁਨੀਆਂ ਸਾਹਵੇਂ ਸੱਚ ਸਾਬਤ ਹੋਈਆਂ। 8 ਜਨਵਰੀ 1642 ਨੂੰ ਉਸਦਾ ਦਿਹਾਂਤ ਹੋਇਆ।

**ਯਸ਼ਪਾਲ**

## ਚਾਨਣ ਦੀ ਨਾਇਕਾ : ਸਵਿੱਤਰੀ ਬਾਈ ਫੂਲੇ

**(ਜਨਮ 3 ਜਨਵਰੀ 1831)**



ਗਿਆਨ ਨੂੰ ਰੌਸ਼ਨੀ ਦਾ ਮੀਨਾਰ ਬਣਾਓ ਤਾਂ ਜੋ ਅਗਿਆਨਤਾ ਦਾ ਹਨੇਰਾ ਦੂਰ ਕੀਤਾ ਜਾ ਸਕੇ। ਜੀਵਨ ਭਰ ਇਸ ਆਦਰਸ਼ ਨੂੰ ਪ੍ਰਣਾਈ ਸਵਿੱਤਰੀ ਬਾਈ ਫੂਲੇ ਦੀ ਜੀਵਨ ਘਾਲਣਾ ਇੱਕ ਮਿਸਾਲ ਹੈ।

ਉਹ ਆਪਣੇ ਸਮਾਜ ਸੁਧਾਰਕ ਪਤੀ ਜੋਤੀ ਰਾਓ ਫੂਲੇ ਤੋਂ ਘਰ ਵਿੱਚ ਹੀ ਪੜ੍ਹੇ। ਜੋਤੀ ਰਾਓ ਨੇ ਹੀ ਆਪ ਨੂੰ ਅਧਿਆਪਕਾ ਬਣਨ ਲਈ ਪ੍ਰੇਰਿਤ ਕੀਤਾ। ਸਵਿੱਤਰੀ ਬਾਈ ਭਾਰਤ ਦੀ ਪਹਿਲੀ ਮਹਿਲਾ ਅਧਿਆਪਕਾ ਤੇ ਔਰਤ ਮੁਕਤੀ ਲਹਿਰ ਦੀ ਪਹਿਲੀ ਆਗੂ ਹੋਣ ਦਾ ਮਾਣ ਹਾਸਲ ਹੈ। ਉਸ ਨੇ ਔਰਤਾਂ ਦੀ ਸਿੱਖਿਆ ਲਈ ਅਣਥੱਕ ਕੰਮ ਕੀਤਾ। 1848 ਵਿੱਚ ਉਹਨਾਂ ਪੁਣੇ ਵਿੱਚ ਪਹਿਲੇ ਮਹਿਲਾ ਸਕੂਲ ਦੀ ਸਥਾਪਨਾ ਕੀਤੀ। ਇਸਤੋਂ ਬਾਅਦ ਉਹ ਅਜਿਹੇ ਹੋਰ 5 ਸਕੂਲ ਖੋਲ੍ਹਣ ਵਿੱਚ ਵੀ ਸਫਲ ਹੋਈ। ਉਸ ਸਮੇਂ ਦੀ ਅੰਗਰੇਜ਼ ਹਕੂਮਤ ਦੀ ਸਿੱਖਿਆ ਦਾ ਉਦੇਸ਼ ਰੰਗ-ਰੂਪ ਪੱਖੋਂ ਭਾਰਤੀ ਪਰ ਮਨ ਤੋਂ ਅੰਗੇਰਜ਼ ਕਲਰਕ ਪੈਦਾ ਕਰਨਾ ਸੀ। ਇਸ ਲਈ ਉਹ ਸਿੱਖਿਆ ਵਿੱਚ ਵਿਗਿਆਨਕ ਚੇਤਨਾ ਵਾਲੀ ਸਿੱਖਿਆ ਸ਼ਾਮਲ ਨਹੀਂ ਸੀ ਕਰਦੇ। ਸਾਵਿੱਤਰੀ ਬਾਈ ਨੇ ਪ੍ਰਾਇਮਰੀ ਪੱਧਰ 'ਤੇ ਵਿਗਿਆਨਕ ਸਿੱਖਿਆ ਸ਼ਾਮਲ ਕਰਨ 'ਤੇ ਜ਼ੋਰ ਦਿੱਤਾ।ਜਦੋਂ ਉਹ ਕੁੜੀਆਂ ਨੂੰ ਪੜ੍ਹਾਉਣ ਜਾਂਦੀ ਸੀ ਤਾਂ ਲੋਕ ਉਸ ਉੱਪਰ ਚਿੱਕੜ, ਗੰਦਗੀ ਤੇ ਗੋਹਾ ਆਦਿ ਸੁੱਟਦੇ ਸਨ। ਪਰ ਉਹ ਲੋਕਾਂ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਮਿਸ਼ਨ ਵਿੱਚ ਜੁਟੀ ਰਹੀ। 1890 'ਚ ਜੋਤੀ ਰਾਓ ਫੂਲੇ ਦੀ ਮੌਤ ਤੋਂ ਬਾਅਦ ਸਵਿੱਤਰੀ ਬਾਈ ਨੇ ਉਨ੍ਹਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਬਾਲ ਵਿਆਹ, ਛੂਆ-ਛੂਤ, ਜਾਤ-ਪਾਤ ਅਤੇ ਵਿਧਵਾ ਵਿਆਹ 'ਤੇ ਰੋਕ ਜਿਹੀਆਂ ਕੁਰੀਤੀਆਂ ਖਿਲਾਫ ਮਿਸਾਲੀ ਸੰਘਰਸ਼ ਕੀਤਾ। 1897 ਵਿੱਚ ਮਹਾਂਰਾਸ਼ਟਰ ਵਿੱਚ ਫੈਲੀ ਪਲੇਗ ਦੀ ਭਿਆਨਕ ਮਹਾਂਮਾਰੀ ਵਿੱਚ ਮਰੀਜ਼ਾਂ ਦੀ ਮੱਦਦ ਕਰਦਿਆਂ ਉਹ ਇਸੇ ਬੀਮਾਰੀ ਨਾਲ 10 ਮਾਰਚ 1897 ਨੂੰ ਸਦਾ ਲਈ ਵਿਛੜ ਗਈ। ਸਮਾਜ ਸੇਵਿਕਾ, ਕਵਿੱਤਰੀ ਅਤੇ ਔਰਤਾਂ,ਦਲਿਤਾਂ ਦੀ ਆਵਾਜ਼ ਬਣਨ ਵਾਲੀ ਵਾਲ਼ੀ ਸਵਿੱਤਰੀ ਬਾਈ ਫੂਲੇ ਦਾ ਸੰਘਰਸ਼ ਤੇ ਗਿਆਨ, ਚੇਤਨਾ ਦੇ ਪਾਸਾਰ ਲਈ ਕੀਤਾ ਬਹੁਮੁੱਲਾ ਕਾਰਜ ਸਾਡੇ ਲਈ ਪ੍ਰੇਰਨਾ ਤੇ ਸਬਕ ਹੈ।

# ਪਾਣੀ ਵਿੱਚ ਡੁਬਦਾ ਪਾਣੀ

ਵਿਦਿਆਰਥੀ ਦੋਸਤੋ, ਜੇਕਰ ਤੁਹਾਨੂੰ ਕੋਈ ਇਹ ਕਹੇ ਕਿ ਪਾਣੀ ਵੀ ਪਾਣੀ ਵਿੱਚ ਡੁੱਬਦਾ ਹੈ ਤਾਂ ਤੁਸੀਂ ਸੋਚੋਗੇ ਕਿ ਸ਼ਾਇਦ ਅਜਿਹਾ ਕਹਿਣ ਵਾਲੇ ਸ਼ਖ਼ਸ ਦੇ ਦਿਮਾਗ ਦਾ ਕੋਈ ਪੇਚ ਢਿੱਲਾ ਹੈ। ਪਰ ਦੋਸਤੋ, ਤੁਸੀਂ ਹੈਰਾਨ ਹੋਵੋਗੇ ਕਿ ਅਜਿਹੀ ਗੱਲ ਕਰਨ ਵਾਲਾ ਵਿਅਕਤੀ ਦਿਮਾਗੀ ਪੱਖੋਂ ਬਿਲਕੁਲ ਤੰਦਰੁਸਤ ਹੈ ਕਿਉਂਕਿ ਉਸ ਦਾ ਕਥਨ ਬਿਲਕੁਲ ਸਹੀ ਹੈ।

ਹੁਣ ਆਓ ਦੇਖੀਏ ਕਿ ਪਾਣੀ ਵਿੱਚ ਪਾਣੀ ਕਿਵੇਂ ਡੁੱਬਦਾ ਹੈ? ਇਹ ਤਾਂ ਤੁਸੀਂ ਜਾਣਦੇ ਹੀ ਹੋ ਕਿ ਧਾਤਾਂ ਅਤੇ ਹੋਰ ਦੂਸਰੇ ਤਰਲ ਗਰਮ ਹੋਣ 'ਤੇ ਫੈਲਦੇ ਹਨ ਅਤੇ ਠੰਡਾ ਹੋਣ 'ਤੇ ਸੁੰਗੜਦੇ ਹਨ। ਪਰ ਇਹ ਗੱਲ ਪਾਣੀ ਉੱਪਰ ਇੰਨਬਿੰਨ ਲਾਗੂ ਨਹੀ ਹੁੰਦੀ। ਇਸ ਮਾਮਲੇ ਵਿੱਚ ਪਾਣੀ ਵੱਖਰਾ ਅਤੇ ਅਨੋਖਾ ਗੁਣ ਰੱਖਦਾ ਹੈ। ਇਹ ਠੰਡਾ ਕਰਨ ਉੱਤੇ 4 ਡਿਗਰੀ ਸੈਲਸੀਅਸ ਤੱਕ ਹੀ ਸੁੰਗੜਦਾ ਹੈ, ਇਸ ਤੋਂ ਹੋਰ ਠੰਡਾ ਕਰਨ ਉੱਤੇ ਫਿਰ ਫੈਲਣ ਲੱਗਦਾ ਹੈ। ਇਸ ਕਾਰਣ 4 ਡਿਗਰੀ ਤਾਪਮਾਨ 'ਤੇ ਪਾਣੀ ਵੱਧ ਤੋਂ ਵੱਧ ਸੰਘਣਾ ਹੋ ਜਾਂਦਾ ਹੈ ਅਤੇ ਇਸਦੀ ਘਣਤਾ ਤਾਜੇ ਪਾਣੀ ਨਾਲੋਂ ਵੱਧ ਜਾਂਦੀ ਹੈ। ਇਸ ਤੋਂ ਹੇਠਾਂ ਸਿਫਰ ਦਰਜੇ ਤਾਪਮਾਨ 'ਤੇ ਪਹੁੰਚ ਕੇ ਇਸਦੇ ਅਣੂ ਰਵਿਆਂ ਦੇ ਰੂਪ ਵਿੱਚ ਜੰਮ ਜਾਂਦੇ ਹਨ ਅਤੇ ਇਹਨਾਂ ਦੀ ਆਪਸੀ ਪਕੜ ਢਿੱਲੀ ਹੋਣ ਕਰਕੇ ਇਹ ਆਕਾਰ ਵਿੱਚ ਫੈਲ ਜਾਂਦੇ ਹਨ। ਇਸ ਦਾ ਭਾਵ ਹੈ ਕਿ ਸਿਫਰ ਦਰਜੇ ਉੱਤੇ ਬਰਫ ਦੇ ਰੂਪ ਵਿੱਚ ਪਾਣੀ ਦੀ ਘਣਤਾ ਤਾਜੇ ਪਾਣੀ ਦੇ ਮੁਕਾਬਲੇ ਘੱਟ ਹੋ ਜਾਂਦੀ ਹੈ।

ਸਾਧਾਰਣ ਤਾਪਮਾਨ ਉਤੇ ਸਾਫ ਪਾਣੀ ਦੀ ਘਣਤਾ 1 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੁੰਦੀ ਹੈ ਅਤੇ ਚਾਰ ਦਰਜੇ ਤਾਪਮਾਨ ਉੱਤੇ ਇਸ ਦੀ ਘਣਤਾ 1.03 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਹੋ ਜਾਂਦੀ ਹੈ। ਇਸਦਾ ਭਾਵ ਇਹ ਹੈ ਕਿ ਚਾਰ ਦਰਜੇ ਤਾਪਮਾਨ ਉਪਰ ਪਾਣੀ, ਤਾਜੇ ਪਾਣੀ ਦੇ ਮੁਕਾਬਲੇ ਜਿਆਦਾ ਭਾਰਾ ਹੋ ਜਾਂਦਾ ਹੈ। ਇਸ ਤੋਂ ਹੇਠਾਂ ਬਰਫ਼ ਦੇ ਰੂਪ ਵਿੱਚ ਸਿਫ਼ਰ ਦਰਜੇ ਤੇ ਪਾਣੀ ਦੇ ਫੈਲਣ ਕਰਕੇ ਇਸ ਦੀ ਘਣਤਾ ਘਟ ਕੇ 0.9167 ਗ੍ਰਾਮ ਪ੍ਰਤੀ ਘਣ ਸੈਂਟੀਮੀਟਰ ਰਹਿ ਜਾਂਦੀ ਹੈ।

ਸਰਦੀ ਦੇ ਮੌਸਮ ਵਿੱਚ ਉੱਚੇ ਪਹਾੜੀ ਇਲਾਕਿਆਂ ਦੀਆਂ ਝੀਲਾਂ ਦੇ ਪਾਣੀ ਦੀ ਉੱਪਰਲੀ ਸਤ੍ਹਾ ਜਦੋਂ 4 ਦਰਜੇ ਤੱਕ ਠੰਡੀ ਹੋ ਜਾਂਦੀ ਹੈ ਤਾਂ ਇਹ ਸਤ੍ਹਾ ਹੇਠਲੇ ਮੁਕਾਬਲਤਨ ਵੱਧ ਤਾਪਮਾਨ ਵਾਲੇ ਪਾਣੀ ਤੋਂ ਭਾਰੀ ਹੋ ਜਾਂਦੀ ਹੈ। ਇਸ ਹਾਲਤ ਵਿੱਚ ਉਪਰਲਾ ਪਾਣੀ ਹੇਠਲੇ ਪਾਣੀ ਵਿੱਚ ਡੁੱਬ ਕੇ ਹੇਠਾਂ ਚਲਾ ਜਾਂਦਾ ਹੈ ਅਤੇ ਹੇਠਲਾ ਮੁਕਾਬਲਤਨ ਘੱਟ ਸੰਘਣਾ ਪਾਣੀ ਉੱਪਰ ਆ ਜਾਂਦਾ ਹੈ। ਇਹ ਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ ਪਰ ਸਾਨੂੰ ਦਿਖਾਈ ਨਹੀਂ ਦਿੰਦੀ। ਇਸ ਤਰ੍ਹਾਂ ਜਦੋਂ ਸਾਰਾ ਪਾਣੀ 4 ਦਰਜੇ ਤੱਕ ਠੰਡਾ ਹੋ ਕੇ ਇਕਸਾਰ ਘਣਤਾ ਵਾਲਾ ਹੋ ਜਾਂਦਾ ਹੈ ਤਾਂ ਉਪਰਲੀ ਸਤ੍ਹਾ ਹੋਰ ਠੰਡੀ ਹੋ ਕੇ ਸਿਫਰ ਦਰਜੇ ਤਾਪਮਾਨ ਉੱਤੇ ਪਹੁੰਚ ਕੇ ਬਰਫ ਦੇ ਰੂਪ ਵਿੱਚ ਜੰਮ ਜਾਂਦੀ ਹੈ। ਪਰ ਇਸ ਦੇ ਹੇਠਾਂ ਪਾਣੀ ਦਾ ਤਾਪਮਾਨ ਚਾਰ ਦਰਜੇ ਸੈਲਸੀਅਸ ਹੀ ਬਣਿਆ ਰਹਿੰਦਾ ਹੈ। ਪਾਣੀ ਦੇ ਇਸ ਵਿਸ਼ੇਸ਼ ਗੁਣ ਕਰਕੇ ਹੀ ਸਿਆਲ ਵਿੱਚ ਜੰਮੀ ਹੋਈ ਝੀਲ ਦੇ ਹੇਠਾਂ ਮੱਛੀਆਂ ਅਤੇ ਹੋਰ ਜਲ-ਜੀਵ ਸੁਰੱਖਿਅਤ ਰਹਿੰਦੇ ਹਨ।

**ਰਣਧੀਰ ਗਿੱਲਪੱਤੀ**

---

* ਸੂਰਜ ਦਾ ਆਕਾਰ 13 ਲੱਖ ਪ੍ਰਿਥਵੀਆਂ ਦੇ ਬਰਾਬਰ ਹੈ ਅਤੇ ਇਸ ਦਾ ਮਾਦਾ 3 ਲੱਖ ਅਤੇ 33 ਹਜਾਰ ਪ੍ਰਿਥਵੀਆਂ ਦੇ ਮਾਦੇ ਦੇ ਬਰਾਬਰ ਹੈ। ਪ੍ਰਿਥਵੀ ਦੇ ਧਰਾਤਲ ਦਾ ਕੁੱਲ ਖੇਤਰਫਲ 510072000 ਵਰਗ ਕਿਲੋਮੀਟਰ ਹੈ ਜਿਸ ਵਿੱਚ 70.9% ਭਾਗ ਉਪਰ ਜਲ ਮੰਡਲ ਹੈ। ਥਲ ਮੰਡਲ ਸਿਰਫ 29.1% ਹੈ ਜਿਸ ਵਿੱਚ ਸੰਸਾਰ ਦੇ 195 ਦੇਸ਼ ਆਬਾਦ ਹਨ। ਜਲ ਭਾਗ ਵਿੱਚ ਵੀ ਪ੍ਰਸ਼ਾਂਤ ਮਹਾਂਸਾਗਰ ਸਭ ਤੋਂ ਵੱਡਾ ਜਲ ਭੰਡਾਰ ਹੈ, ਜਿਸ ਨੇ ਧਰਤੀ ਦੇ ਕੁੱਲ ਖੇਤਰਫਲ ਦਾ 34 ਪ੍ਰਤੀਸ਼ਤ ਭਾਗ ਮੱਲਿਆ ਹੋਇਆ ਹੈ। ਇਹ ਮਹਾਂਸਾਗਰ 16 ਕਰੋੜ 52 ਲੱਖ 50 ਹਜਾਰ ਵਰਗ ਕਿਲੋਮੀਟਰ ਖੇਤਰ ਵਿੱਚ ਫੈਲਿਆ ਹੋਇਆ ਹੈ।

* ਪ੍ਰਿਥਵੀ ਦੀ ਆਪਣੀ ਧੁਰੀ ਦੁਆਲੇ ਘੁੰਮਣ ਦੀ ਰਫ਼ਤਾਰ ਮੱਧਮ ਹੋ ਰਹੀ ਹੈ ਜਿਸ ਕਾਰਨ ਸਹੀ ਸਮੇਂ ਦੀ ਸਮੱਸਿਆ ਦੇ ਹੱਲ ਲਈ 'ਲੀਪ ਸਕਿੰਟ' ਜੋੜੇ ਜਾ ਰਹੇ ਹਨ। ਸਾਲ 1972 ਤੱਕ 22 ਲੀਪ ਸਕਿੰਟ ਜੋੜੇ ਜਾ ਚੁੱਕੇ ਹਨ। ਆਖਰੀ ਸਕਿੰਟ 31 ਦਸੰਬਰ 2005 ਨੂੰ ਜੋੜਿਆ ਗਿਆ ਸੀ ਜਿਸ ਨਾਲ ਨਵਾਂ ਸਾਲ 2006 ਇੱਕ ਸਕਿੰਟ ਦੀ ਦੇਰੀ ਨਾਲ ਸ਼ੁਰੂ ਹੋਇਆ ਸੀ।

ਵਿਦਿਆਰਥੀ ਕੋਨਾ

# ਚੰਨ ਬਾਰੇ ਕੁਝ ਜਾਣਨਯੋਗ ਦਿਲਚਸਪ ਗੱਲਾਂ

**ਚੰਨ ਦਾ ਆਕਾਰ ਅਤੇ ਸਾਡਾ ਭਾਰ**

ਪ੍ਰਿਥਵੀ ਦੇ ਕੁਦਰਤੀ ਉਪਗ੍ਰਹਿ ਚੰਨ ਦੀ ਪ੍ਰਿਥਵੀ ਤੋਂ ਔਸਤ ਦੂਰੀ 3,84,000 ਕਿਲੋਮੀਟਰ ਹੈ। ਇਸਦਾ ਅਰਧ ਵਿਆਸ 1734.4 ਕਿਲੋਮੀਟਰ ਹੈ ਜੋ ਪ੍ਰਿਥਵੀ ਦੇ ਅਰਧ ਵਿਆਸ ਨਾਲੋਂ ਕਰੀਬ 3.8 ਗੁਣਾ ਘੱਟ ਹੈ। ਚੰਨ ਦੀ ਭੂਮੱਧ ਰੇਖਾ 'ਤੇ ਇਸਦਾ ਘੇਰਾ 10917 ਕਿਲੋਮੀਟਰ ਹੈ। ਫਿਰ ਵੀ ਇਸਦਾ ਪਦਾਰਥ ਪ੍ਰਿਥਵੀ ਦੇ ਕੁੱਲ ਪੁੰਜ ਦਾ ਕੇਵਲ, 1.2 ਫੀਸਦੀ ਹੀ ਹੈ। ਬਹੁਤ ਥੋੜੇ ਪੁੰਜ ਕਾਰਣ ਇਸਦੀ ਗੁਰੁਤਾ ਖਿੱਚ ਪ੍ਰਿਥਵੀ ਦੇ ਮੁਕਾਬਲੇ ਛੇ ਗੁਣਾ ਘੱਟ ਹੈ। ਭਾਵ ਪ੍ਰਿਥਵੀ 'ਤੇ 60 ਕਿਲੋਗ੍ਰਾਮ ਭਾਰ ਵਾਲੇ ਵਿਅਕਤੀ ਦਾ ਚੰਨ ਉਪਰ ਭਾਰ ਸਿਰਫ਼ 10 ਕਿਲੋ ਹੀ ਹੋਵੇਗਾ। ਇੰਨੀ ਘੱਟ ਗੁਰੂਤਾ ਖਿੱਚ ਕਾਰਣ ਹੀ ਚੰਨ ਆਪਣੇ ਵਾਯੂਮੰਡਲ ਨੂੰ ਸੰਭਾਲ ਨਹੀਂ ਸਕਿਆ ਤੇ ਇਹ ਹਵਾ ਰਹਿਤ ਆਕਾਸ਼ੀ ਪਿੰਡ ਬਣ ਕੇ ਰਹਿ ਗਿਆ।



**ਚੰਨ ਉੱਤੇ ਤੁਸੀਂ ਸਿੱਧੇ ਗੱਲਾਂ ਨਹੀਂ ਕਰ ਸਕਦੇ**

ਹਵਾ ਹੀ ਆਵਾਜ਼ ਦੀ ਸੰਚਾਲਕ ਹੋਣ ਕਰਕੇ ਹਵਾ ਰਹਿਤ ਚੰਨ ਉਪਰ ਆਵਾਜ਼ ਸੁਣਾਈ ਨਹੀਂ ਦਿੰਦੀ। ਵਾਯੂਮੰਡਲ ਨਾ ਹੋਣ ਕਰਕੇ ਇਸਦੇ ਵਾਤਾਵਰਣ ਵਿੱਚ ਧੂੜ ਕਣਾਂ ਦੀ ਅਣਹੋਂਦ ਹੈ ਜਿਸ ਕਾਰਣ ਇਥੇ ਪ੍ਰਿਥਵੀ ਵਾਂਗ ਪਹੁਫੁਟਾਲਾ ਨਹੀਂ ਹੁੰਦਾ। ਕਿਸੇ ਬੱਲਬ ਦੇ ਜਗਣ ਵਾਂਗ ਇੱਕਦਮ ਦਿਨ ਚੜ੍ਹਦਾ ਹੈ ਤੇ ਰਾਤ ਆਉਣ 'ਤੇ ਅਚਾਨਕ ਹਨੇਰਾ ਹੋ ਜਾਂਦਾ ਹੈ। ਵਾਯੂਮੰਡਲ ਦੀ ਅਣਹੋਂਦ ਕਾਰਣ ਇੱਥੇ ਦਿਨ ਸਮੇਂ ਤਾਪਮਾਨ 100 ਦਰਜੇ ਅਤੇ ਰਾਤ ਸਮੇਂ ਮਾਈਨਸ 116 ਦਰਜੇ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ।

**ਚੰਨ ਤੋਂ ਪ੍ਰਿਥਵੀ ਕਿਹੋ ਜਿਹੀ ਦਿਸਦੀ ਹੈ**

ਚੰਨ ਦੇ ਧਰਾਤਲ ਤੋਂ ਦੇਖਣ 'ਤੇ ਆਕਾਸ਼ ਵਿੱਚ ਪ੍ਰਿਥਵੀ, ਧਰਤੀ ਤੋਂ ਦਿਖਾਈ ਦਿੰਦੇ ਚੰਨ ਦੇ ਮੁਕਾਬਲੇ ਢਾਈ ਗੁਣਾ ਵੱਡੀ ਤੇ ਕਈ ਗੁਣਾ ਵੱਧ ਚਮਕਦਾਰ ਦਿਖਾਈ ਦਿੰਦੀ ਹੈ। ਜਦੋਂ ਚੰਨ ਉਪਰ ਉਸਦੀ ਰਾਤ ਸਿਖਰ 'ਤੇ ਹੁੰਦੀ ਹੈ ਤਾਂ ਆਸਮਾਨ ਵਿੱਚ ਪ੍ਰਿਥਵੀ ਪੂਰਨਮਾਸ਼ੀ ਦੇ ਚੰਨ ਵਾਂਗ ਪੂਰੇ ਆਕਾਰ ਵਿੱਚ ਦਿਖਾਈ ਦਿੰਦੀ ਹੈ। ਚੰਨ ਤੋਂ ਪ੍ਰਿਥਵੀ ਦੇ ਬੱਦਲ ਸਫੈਦ, ਸਾਗਰ ਤੇ ਮਹਾਸਾਗਰ ਕਾਲੇ ਅਤੇ ਮਹਾਦੀਪ ਮੱਧਮ ਭੂਰੇ ਰੰਗ ਦੇ ਦਿਖਾਈ ਦਿੰਦੇ ਹਨ।




**ਅਸੀਂ ਚੰਨ ਦਾ ਸਿਰਫ ਇੱਕ ਪਾਸਾ ਹੀ ਦੇਖ ਸਕਦੇ ਹਾਂ**

ਸਭ ਤੋਂ ਦਿਲਚਸਪ ਚੰਨ ਦੀ ਆਪਣੀ ਧੁਰੀ ਦੁਆਲੇ ਅਤੇ ਪ੍ਰਿਥਵੀ ਦੁਆਲੇ ਘੁੰਮਣ ਦੇ ਸਮੇਂ ਦੀ ਇੱਕਰੂਪਤਾ ਹੈ ਜਿਸ ਨਾਲ ਵਿਸ਼ੇਸ਼ ਸਥਿਤੀ ਉਤਪੰਨ ਹੁੰਦੀ ਹੈ। ਚੰਨ ਆਪਣੀ ਧੁਰੀ ਦੁਆਲੇ ਤਕਰੀਬਨ 27.3 ਦਿਨਾਂ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ ਤੇ ਇੰਨੇ ਹੀ ਸਮੇਂ ਵਿੱਚ ਇਹ ਪ੍ਰਿਥਵੀ ਦੀ ਪਰਿਕਰਮਾ ਪੂਰੀ ਕਰਦਾ ਹੈ। ਇਸ ਕਰਕੇ ਅਸੀਂ ਪ੍ਰਿਥਵੀ ਦੇ ਕਿਸੇ ਸਥਾਨ ਤੋਂ ਹਮੇਸ਼ਾ ਇਸਦਾ ਸਾਹਮਣਾ ਪਾਸਾ ਹੀ ਦੇਖ ਸਕਦੇ ਹਾਂ।

**ਚੰਨ ਉੱਤੇ ਪੈੜਾਂ**

ਸੰਯੁਕਤ ਰਾਜ ਅਮਰੀਕਾ ਦੇ ਸਮੇਂ ਅਨੁਸਾਰ 20 ਜੁਲਾਈ 1969 ਨੂੰ ਅਮਰੀਕੀ ਸਪੇਸ ਸ਼ਟਲ ਅਪੋਲੋ-11 ਰਾਹੀਂ ਮਨੁੱਖ ਪਹਿਲੀ ਵਾਰ ਚੰਨ ਉੱਪਰ ਪਹੁੰਚਿਆ ਅਤੇ ਪੁਲਾੜ ਯਾਤਰੀ ਨੀਲ ਆਰਮਸਟਰਾਂਗ ਨੇ ਚੰਨ ਦੀ ਜ਼ਮੀਨ ਉੱਪਰ ਪਹਿਲਾ ਕਦਮ ਰੱਖਿਆ। ਭਾਰਤੀ ਸਮੇਂ ਅਨੁਸਾਰ ਇਹ ਘਟਨਾ 21 ਜੁਲਾਈ 1969 ਨੂੰ ਸਵੇਰੇ 8 ਵੱਜ ਕੇ 26 ਮਿੰਟ 15 ਸੈਕਿੰਡ ਤੇ ਵਾਪਰੀ। ਚੰਨ ਉੱਤੇ ਹਵਾ ਨਾ ਹੋਣ ਕਾਰਨ, ਮਨੁੱਖ ਦੀਆਂ ਇਹ ਪੈੜਾਂ ਉਦੋਂ ਤੱਕ ਕਾਇਮ ਰਹਿਣਗੀਆਂ ਜਦੋਂ ਤੱਕ ਕੋਈ ਬਾਹਰੀ ਕਾਰਕ ਇਹਨਾਂ ਨੂੰ ਮਿਟਾ ਨਹੀਂ ਦਿੰਦਾ।

**ਚੰਨ ਕਦੇ ਨੇੜੇ ਕਦੇ ਦੂਰ**

ਅਕਤੂਬਰ-ਨਵੰਬਰ 2000 ਦੌਰਾਨ ਚੰਦਰਮਾ ਪ੍ਰਿਥਵੀ ਦੇ ਵੱਧ ਤੋਂ ਵੱਧ ਨੇੜੇ ਸੀ। ਉਸ ਸਮੇਂ ਇਹ ਔਸਤ ਦੂਰੀ ਨਾਲੋਂ 35 ਹਜਾਰ ਕਿਲੋਮੀਟਰ ਨਜ਼ਦੀਕ ਸੀ। ਹੁਣ ਇਹ ਸਥਿਤੀ 133 ਸਾਲਾਂ ਬਾਅਦ ਭਾਵ ਸੰਨ 2133 ਵਿੱਚ ਆਵੇਗੀ।

**ਰਣਧੀਰ ਗਿੱਲਪੱਤੀ**

# ਨਵੇਂ ਸਾਗਰਾਂ ਤੇ ਟਾਪੂਆਂ ਦਾ ਜਨਮ

**- ਰਣਧੀਰ ਗਿੱਲਪੱਤੀ**

ਵਿਸ਼ਵ ਦੇ ਨਾਮਵਰ ਭੂ-ਗਰਭ ਵਿਗਿਆਨੀਆਂ ਦਾ ਕਹਿਣਾ ਹੈ ਕਿ ਨੇੜ ਭਵਿੱਖ ਵਿੱਚ ਅਫਰੀਕਾ ਮਹਾਂਦੀਪ ਦਾ ਇੱਕ ਹਿੱਸਾ, ਮਹਾਂਦੀਪ ਦੀ ਮੁੱਖ ਭੂਮੀ ਤੋਂ ਅਲੱਗ ਹੋ ਕੇ ਹਿੰਦ ਮਹਾਂਸਾਗਰ ਵਿੱਚ ਇੱਕ ਵੱਡੇ ਟਾਪੂ ਦਾ ਰੂਪ ਧਾਰਨ ਕਰ ਸਕਦਾ ਹੈ ਅਤੇ ਇਸ ਕ੍ਰਿਆ ਦੇ ਨਾਲ ਹੀ ਇੱਕ ਨਵਾਂ ਸਮੁੰਦਰ ਵੀ ਹੋਂਦ ਵਿੱਚ ਆ ਸਕਦਾ ਹੈ। ਇਸ ਤਰ੍ਹਾਂ ਪ੍ਰਿਥਵੀ ਦੀ ਭੂਗੋਲਿਕ ਸਥਿਤੀ ਵਿੱਚ ਵੱਡਾ ਬਦਲਾਅ ਦੇਖਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ।

ਸਪੇਸ ਸਾਇੰਸ ਦੇ ਮਾਮਲਿਆਂ ਵਿੱਚ ਸਰਗਰਮ ਸਾਫ਼ਟਵੇਅਰ ਇੰਜੀਨੀਅਰ ਐਲਨ ਚੇਰੀਅਨ ਬੀਜੂ ਦਾ ਕਹਿਣਾ ਹੈ ਕਿ ਅਫ਼ਰੀਕਾ ਮਹਾਂਦੀਪ ਦੇ ਉਤਰੀ-ਪੂਰਬੀ ਹਿੱਸੇ ਦੇ ਧਰਾਤਲ ਵਿੱਚ ਵੱਡੀ ਲੰਮੀ ਤੇ ਚੌੜੀ ਦਰਾੜ ਬਣ ਗਈ ਹੈ। ਇਸ ਤੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਭਵਿੱਖ ਵਿੱਚ ਇਸ ਦਰਾੜ ਵਿੱਚ ਪਾਣੀ ਭਰ ਜਾਏਗਾ ਤੇ ਹਿੰਦ ਮਹਾਂਸਾਗਰ ਵਿੱਚ ਸਥਿਤ ਵਿਸ਼ਾਲ ਟਾਪੂ ਮੈਡਗਾਸਕਰ ਤੋਂ ਵੀ ਵੱਡਾ ਭੂ-ਭਾਗ ਅਫਰੀਕਾ ਦੀ ਮੁੱਖ ਭੂਮੀ ਤੋਂ ਅਲੱਗ ਹੋ ਜਾਏਗਾ। ਉਦੋਂ ਇਸ ਤੱਕ ਪਹੁੰਚ ਸੜਕ ਦੀ ਬਜਾਏ ਹਵਾਈ ਜਾਂ ਸਮੁੰਦਰੀ ਰਸਤੇ ਹੀ ਹੋ ਸਕੇਗੀ। ਭੂ-ਗਰਭ ਵਿਗਿਆਨੀਆਂ ਦਾ ਮੰਨਣਾ ਹੈ ਕਿ ਅਫ਼ਰੀਕਾ ਦੇ ਉਤਰੀ ਪੂਰਬੀ ਵੱਡੇ ਆਕਾਰ ਦੇ ਹਿੱਸੇ ਦੇ ਅਲੱਗ ਹੋਣ ਦੀ ਪ੍ਰਕ੍ਰਿਆ 26 ਸਤੰਬਰ 2005 ਨੂੰ ਅਫ਼ਰੀਕੀ ਦੇਸ਼ ਇਥੋਪੀਆ ਦੇ ਅਫਾਰ ਖੇਤਰ ਵਿੱਚ ਡਬਾਹੂ ਜਵਾਲਾਮੁਖੀ ਦੁਆਰਾ ਪੈਦਾ ਕੀਤੀ ਵੱਡੀ ਹਿਲਜੁਲ ਨਾਲ ਸ਼ੁਰੂ ਹੋਈ ਹੈ। ਇਥੋਪੀਆ ਦਾ ਇਹ ਇਲਾਕਾ ਜਵਾਲਾਮੁਖੀਆਂ ਦੇ ਦੁਨੀਆਂ ਦੇ ਸਭ ਤੋਂ ਸਰਗਰਮ ਖੇਤਰਾਂ ਵਿੱਚ ਸ਼ੁਮਾਰ ਹੁੰਦਾ ਹੈ।

ਦਰਅਸਲ ਪੂਰਬੀ ਅਫਰੀਕਨ ਰਿਫ਼ਟ- ਜੋ ਉੱਤਰ ਵਿੱਚ ਅਦਨ ਦੀ ਖਾੜੀ ਤੋਂ ਲੈ ਕੇ ਦੱਖਣ ਵਿੱਚ ਜ਼ਿੰਬਾਬਵੇ ਤੱਕ ਤਕਰੀਬਨ 3000 ਕਿਲੋਮੀਟਰ ਤੱਕ ਫੈਲੀ ਹੋਈ ਹੈ- ਦਾ ਇਹ ਪ੍ਰਭਾਵਿਤ ਖੇਤਰ ਤਿੰਨ ਟੈਕਟੌਨਿਕ ਪਲੇਟਾਂ ਦੇ ਸਿਰਿਆਂ ਦੇ ਮਿਲਾਉ ਪੁਆਇੰਟ ’ਤੇ ਸਥਿਤ ਹੈ। ਇਹ ਪਲੇਟਾਂ ਕੁਝ ਅਰਸੇ ਤੋਂ ਆਪਸ ਵਿੱਚ ਇੱਕ ਦੂਜੀ ਤੋਂ ਦੂਰ ਹਟ ਰਹੀਆਂ ਹਨ। ਇਸ ਤਰ੍ਹਾਂ ਇਨ੍ਹਾਂ ਪਲੇਟਾਂ ਵੱਲੋਂ ਪੈਦਾ ਕੀਤੇ ਬੇਸ਼ੁਮਾਰ ਖਿਚਾਉ ਕਾਰਣ ਹੀ ਇਸ ਖੇਤਰ ਵਿੱਚ ਵੱਡੀ ਦਰਾੜ ਪੈਦਾ ਹੋ ਗਈ ਹੈ। ਇਹ ਪਲੇਟਾਂ ਅਫਰੀਕਨ ਨੂਬੀਅਨ, ਅਫ਼ਰੀਕਨ ਸੋਮਾਲੀ ਤੇ ਅਰੇਬੀਅਨ ਨਾਵਾਂ ਨਾਲ ਜਾਣੀਆਂ ਜਾਂਦੀਆਂ ਹਨ। ਸਮਝਿਆ ਜਾਂਦਾ ਹੈ ਕਿ ਡਬਾਹੂ ਜਵਾਲਾਮੁਖੀ ਦੀ ਸਰਗਰਮੀ ਨੇ ਅਫਰੀਕਾ ਮਹਾਂਦੀਪ ਦੇ ਧਰਾਤਲ ਦੇ ਟੁੱਟਣ ਦੇ ਅਮਲ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਸ਼ੁਰੂ ਵਿੱਚ ਇਹ ਦਰਾੜ 1650 ਫੁੱਟ ਦੀ ਲੰਬਾਈ ਨਾਲ ਹੋਂਦ ਵਿੱਚ ਆਈ ਸੀ ਤੇ ਕੁੱਝ ਦਿਨਾਂ ਵਿੱਚ ਹੀ ਕਰੀਬ 20 ਫੁੱਟ ਚੌੜੀ ਹੋ ਗਈ ਸੀ। ਡਬਾਹੂ ਜਵਾਲਾਮੁਖੀ ਦੇ ਫੁੱਟਣ ਤੋਂ ਬਾਅਦ ਇਥੋਪੀਆਂ ਦੇ ਕਈ ਹੋਰ ਖੇਤਰਾਂ ਵਿੱਚ ਵੀ ਦਰਾੜਾਂ ਨਜ਼ਰ ਆਉਣ ਲੱਗੀਆਂ ਸਨ। ਅਪ੍ਰੈਲ 2018 ਵਿੱਚ ਕੀਨੀਆਂ ਦੀ ਕੀਨੀਅਨ ਘਾਟੀ ਵਿੱਚ ਵੀ ਅਜੇਹੀ ਹੀ ਦਰਾੜ ਨਜ਼ਰ ਆਈ ਸੀ ਜੋ ਟੈਕਟੌਨਿਕ ਪਲੇਟ ਦੇ ਖਿਚਾਅ ਨਾਲ ਪੈਦਾ ਹੋਈ ਸੀ। ਅਦਨ ਦੀ ਖਾੜੀ ਅਤੇ ਲਾਲ ਸਾਗਰ ਦਾ ਪਾਣੀ ਅਫਾਰ ਖੇਤਰ ਤੇ ਪੂਰਬੀ ਅਫਰੀਕਨ ਰਿਫਟ ਵਿੱਚ ਬਣੀ ਦਰਾੜ ਵਿੱਚ ਦਾਖਲ ਹੋ ਕੇ ਮੈਡੀਟੇਰੀਅਨ ਸਾਗਰ ਦੇ ਆਕਾਰ ਦੇ ਨਵੇਂ ਸਮੁੰਦਰ ਨੂੰ ਵਜੂਦ ਵਿੱਚ ਲਿਆ ਸਕਦਾ ਹੈ। ਯੂਨੀਵਰਸਿਟੀ ਆਫ਼ ਬਰਿਸਟਲ ਦੇ ਭੂਚਾਲਾਂ ਦਾ ਅਧਿਐਨ ਕਰਨ ਵਾਲੇ ਵਿਗਿਆਨੀ ਡਾ. ਜੇਮਜ਼ ਹੈਮੰਡ, ਦਾ ਕਹਿਣਾ ਹੈ ਕਿ ਦਰਾੜ ਸਮੁੰਦਰੀ ਤਲ ਤੋਂ ਕਾਫ਼ੀ ਨੀਵੀਂ ਹੈ ਅਤੇ ਮਹਾਂਸਾਗਰ ਦੇ ਪਾਣੀ ਨੂੰ ਇਰੀਟੇਰੀਆ ਵਿੱਚ ਮਹਿਜ਼ 65 ਕੁ ਫੁੱਟ ਜ਼ਮੀਨ ਨੇ ਰੋਕਿਆ ਹੋਇਆ ਹੈ ਜੋ ਇੱਕ ਬਹੁਤ ਹੀ ਕਮਜ਼ੋਰ ਰੋਕ ਹੈ। ਉਹਨਾਂ ਦਾ ਕਹਿਣਾ ਹੈ ਕਿ ਭਵਿੱਖ ਵਿੱਚ ਮਹਾਂਸਾਗਰ ਇਸ ਰੋਕ ਨੂੰ ਤੋੜ ਕੇ ਦਰਾੜ ਵਿੱਚ ਪਾਣੀ ਭਰ ਦੇਵੇਗਾ ਅਤੇ ਇਸ ਪ੍ਰਕ੍ਰਿਆ ਦੇ ਪੂਰਾ ਹੋਣ ਨਾਲ ਪ੍ਰਿਥਵੀ ਦੇ ਨਕਸ਼ੇ ’ਤੇ ਨਵੇਂ ਸਾਗਰ ਦੇ ਨਾਲ-ਨਾਲ ਨਵਾਂ ਵਿਸ਼ਾਲ ਟਾਪੂ ਵੀ ਹੋਂਦ ਵਿੱਚ ਆ ਜਾਵੇਗਾ। ਇਸ ਨਾਲ ਜਿੱਥੇ ਪ੍ਰਿਥਵੀ ਦਾ ਭੂਗੋਲਿਕ ਨਕਸ਼ਾ ਬਦਲ ਜਾਵੇਗਾ ਉਥੇ ਜਲਵਾਯੂ ਤਬਦੀਲੀਆਂ ਵੀ ਨਜ਼ਰ ਆਉਣਗੀਆਂ। ਨਵੇਂ ਸਮੁੰਦਰ ਦੇ ਵਜੂਦ ਵਿੱਚ ਆਉਣ ਨਾਲ ਪੂਰਾ ਸੋਮਾਲੀਆ ਤੇ ਇਰੀਟੀਰੀਆ ਅਤੇ ਇਥੋਪੀਆ ਦੇ ਕੁੱਝ ਭਾਗ ਆਪੋ ਆਪਣੇ ਦੇਸ਼ ਦੀ ਮੁੱਖ ਭੂਮੀ ਤੋਂ ਅਲੱਗ ਹੋ ਜਾਣਗੇ।

ਹੁਣ ਤੱਕ ਅਫ਼ਰੀਕਾ ਦਾ ਅਫਾਰ ਮਾਰੂਥਲ- ਜੋ ਦੁਨੀਆਂ ਦਾ ਸਭ ਤੋਂ ਖੁਸ਼ਕ ਤੇ ਗਰਮ ਰੇਗਿਸਤਾਨ ਮੰਨਿਆਂ ਜਾਂਦਾ ਸੀ- ਨਵੇਂ ਸਮੁੰਦਰ ਦੀ ਜਨਮ ਸਥਲੀ ਬਣ ਰਿਹਾ ਹੈ। ਇਸ ਖੇਤਰ ਦੇ ਭੂਗੋਲਿਕ ਤੇ ਵਾਤਾਵਰਣਿਕ ਮਿਜਾਜ਼ ਵਿੱਚ

ਵੱਡੀ ਸਿਫਤੀ ਤਬਦੀਲੀ ਹੋਣ ਦੀ ਸੰਭਾਵਨਾ ਬਣੀ ਹੋਈ ਹੈ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਜੇ ਇਹ ਤਬਦੀਲੀ ਸਾਨੂੰ ਆਪਣੇ ਜੀਵਨ ਕਾਲ ਵਿੱਚ ਹੀ ਦੇਖਣੀ ਨਸੀਬ ਹੋ ਜਾਵੇ। ਵਿਗਿਆਨੀ ਤਾਂ ਇਥੋਂ ਤੱਕ ਅਨੁਮਾਨ ਲਾਉਂਦੇ ਹਨ ਕਿ ਭਵਿੱਖ ਵਿੱਚ ਕੁੱਝ ਲੱਖ ਜਾਂ ਕਰੋੜ ਸਾਲਾਂ ਵਿੱਚ ਅਫ਼ਰੀਕਾ ਮਹਾਂਦੀਪ ਟੁੱਟ ਭੱਜ ਕੇ ਛੋਟੇ ਵੱਡੇ ਟਾਪੂਆਂ ਦਾ ਵੱਡਾ ਸਮੂਹ ਬਣ ਸਕਦਾ ਹੈ। ਭਵਿੱਖ ਵਿੱਚ ਹੋਰਨਾਂ ਮਹਾਂਦੀਪਾਂ ਵਿੱਚ ਵੀ ਅਜਿਹੀਆਂ ਤਬਦੀਲੀਆਂ ਹੋਣ ਦੀਆਂ ਸੰਭਾਵਨਾਵਾਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਅੱਜ ਜੋ ਕੁੱਝ ਅਫ਼ਰੀਕਾ ਮਹਾਂਦੀਪ ਵਿੱਚ ਵਾਪਰ ਰਿਹਾ ਹੈ ਇਹ ਕੋਈ ਅਲੋਕਾਰੀ ਘਟਨਾ ਨਹੀਂ ਹੈ। ਜੇਕਰ ਪ੍ਰਿਥਵੀ ਉਪਰ ਮਹਾਂਦੀਪਾਂ ਅਤੇ ਮਹਾਂਸਾਗਰਾਂ ਦੇ ਵਜੂਦ ਵਿੱਚ ਆਉਣ ਦੀ ਕਰੋੜਾਂ ਸਾਲਾਂ ਤੋਂ ਚਲੀ ਆਉਂਦੀ ਪ੍ਰਕ੍ਰਿਆ ’ਤੇ ਨਜ਼ਰ ਮਾਰੀਏ ਤਾਂ ਅਫਰੀਕਾ ਮਹਾਂਦੀਪ ਵਿੱਚ ਵਾਪਰ ਰਹੀ ਇਸ ਕੁਦਰਤੀ ਤਬਦੀਲੀ ਨੂੰ ਸਮਝਿਆ ਜਾ ਸਕਦਾ ਹੈ। ਅਸਲ ਵਿੱਚ ਮਹਾਂਦੀਪਾਂ ਦੇ ਖਿਸਕਣ ਦਾ ਸਿਲਸਿਲਾ ਬੀਤੇ ਕਰੋੜਾਂ ਵਰ੍ਹਿਆਂ ਤੋਂ ਚਲਿਆ ਆ ਰਿਹਾ ਹੈ। ਕਰੀਬ ਤੀਹ ਕਰੋੜ ਸਾਲ ਤੋਂ ਵੀ ਵੱਧ ਸਮਾਂ ਪਹਿਲਾਂ ਪ੍ਰਿਥਵੀ ’ਤੇ ਮੌਜੂਦ ਵਰਤਮਾਨ ਮਹਾਂਸਾਗਰ ਤੇ ਸਾਗਰ, ਇੱਕੋ ਵਿਸ਼ਾਲ ਮਹਾਂਸਾਗਰ ਦੇ ਰੂਪ ਵਿੱਚ ਸਨ, ਜਿਸ ਨੂੰ “ਪੈਥਾਲਾਸਾ” ਦੇ ਨਾਮ ਨਾਲ ਜਾਣਿਆ ਜਾਂਦਾ ਹੈ । ਇਸੇ ਤਰ੍ਹਾਂ ਪ੍ਰਿਥਵੀ ਦੇ ਸਾਰੇ ਵਰਤਮਾਨ ਖੁਸ਼ਕ ਭੂ-ਭਾਗ ਵੀ ਇੱਕੋ ਖੇਤਰ ਦੇ ਰੂਪ ਵਿੱਚ ਹੋਂਦ ਵਿੱਚ ਆਏ ਜਿਸ ਨੂੰ “ਪੈਂਜੀਆ” ਕਿਹਾ ਜਾਂਦਾ ਹੈ। ਮਹਾਂਦੀਪਾਂ ਦੇ ਖਿਸਕਣ ਦੇ ਸਿਧਾਂਤ (ਕੌਂਟੀਨੈਂਟਲ ਡ੍ਰਿਫਟ ਥਿਉਰੀ) ਦੇ ਅਨੁਸਾਰ ਪੈਂਜੀਆ ਵਿੱਚ ਮੁੱਢਲੀਆਂ ਦਰਾੜਾਂ ਆਈਆਂ ਤੇ ਇਹ ਟੁੱਟ ਕੇ ਵੱਖ-ਵੱਖ ਦਿਸ਼ਾਵਾਂ ਵੱਲ ਖਿਸਕਣਾ ਸ਼ੁਰੂ ਹੋਇਆ। ਇਸ ਟੁੱਟ ਭੱਜ ਨੇ ਸਮੇਂ ਦੇ ਬੀਤਣ ਨਾਲ ਮੌਜੂਦਾ ਮਹਾਂਦੀਪਾਂ, ਟਾਪੂਆਂ, ਪਰਬਤਾਂ, ਪਠਾਰਾਂ ਦਾ ਰੂਪ ਧਾਰਣ ਕਰ ਲਿਆ। ਇਸ ਕ੍ਰਿਆ ਨਾਲ ਜਿਥੇ ਵੱਖ-ਵੱਖ ਮਹਾਂਦੀਪ ਹੋਂਦ ਵਿੱਚ ਆਏ ਉਥੇ “ਪੈਂਥਾਲਾਸਾ” ਵੀ ਮਹਾਂਦੀਪਾਂ ਦੇ ਵਿਚਕਾਰ ਵੱਖ-ਵੱਖ ਮਹਾਂਸਾਗਰਾਂ ਤੇ ਸਾਗਰਾਂ ਦੇ ਰੂਪ ਵਿੱਚ ਵਿਭਾਜਿਤ ਹੋ ਗਿਆ। ਮਹਾਂਦੀਪਾਂ ਦੇ ਖਿਸਕਣ ਦਾ ਕਰੋੜਾਂ ਸਾਲਾਂ ਤੋਂ ਚੱਲ ਰਿਹਾ ਇਹ ਸਿਲਸਿਲਾ ਅੱਜ ਵੀ ਜਾਰੀ ਹੈ । ਇਸਦੀ ਰਫ਼ਤਾਰ ਇੰਨੀ ਹੌਲੀ ਹੈ ਕਿ ਮਨੁੱਖ ਨੂੰ ਆਪਣੀ ਛੋਟੀ ਜਿਹੀ ਜ਼ਿੰਦਗੀ ਵਿੱਚ ਇਹ ਤਬਦੀਲੀ ਮਹਿਸੂਸ ਨਹੀਂ ਹੋ ਰਹੀ। ਭੂ-ਗਰਭ ਵਿਗਿਆਨੀਆਂ ਦਾ ਕਹਿਣਾ ਹੈ ਕਿ ਯੂਰੇਸ਼ੀਅਨ ਅਤੇ ਅਮਰੀਕਨ ਟੈਕਟੌਨਿਕ ਪਲੇਟਾਂ ਵੀ ਖਿਸਕ ਕੇ ਇਕ ਦੂਜੀ ਤੋਂ ਵੱਖ ਹੋ ਰਹੀਆਂ ਹਨ। ਇਸ ਨਾਲ ਅੰਧਮਹਾਂਸਾਗਰ ਦੀ ਚੌੜਾਈ ਵਧ ਰਹੀ ਹੈ ਤੇ ਇਸ ਦੇ ਪੂਰਬੀ ਤੇ ਪੱਛਮੀ ਕਿਨਾਰੇ ਪ੍ਰਤੀ ਸਾਲ 2.5 ਤੋਂ 4 ਸੈਂਟੀਮੀਟਰ ਦੀ ਦਰ ਨਾਲ ਇੱਕ ਦੂਜੇ ਤੋਂ ਦੂਰ ਹੋ ਰਹੇ ਹਨ। ਭਾਵੇਂ ਇਹ ਤਬਦੀਲੀ ਮਾਮੂਲੀ ਲਗਦੀ ਹੈ ਪਰੰਤੂ ਜੇ ਇਹ ਕ੍ਰਿਆ ਇਸੇ ਦਰ ਨਾਲ ਜਾਰੀ ਰਹਿੰਦੀ ਹੈ ਤਾਂ ਇੱਕ ਕਰੋੜ ਸਾਲ ਬੀਤਣ ਉਪਰੰਤ ਇਸ ਮਹਾਂਸਾਗਰ ਦੀ ਚੌੜਾਈ 400 ਕਿਲੋਮੀਟਰ ਵਧ ਜਾਵੇਗੀ। ਇਸ ਹਿਲਜੁਲ ਨਾਲ ਇਥੋਪੀਆ ਤੋਂ ਆਈਸਲੈਂਡ ਤੱਕ ਕਰੀਬ 8000 ਕਿਲੋਮੀਟਰ ਲੰਬਾ ਖੇਤਰ ਪ੍ਰਭਾਵਿਤ ਹੋ ਰਿਹਾ ਹੈ। ਅਨੁਮਾਨ ਹੈ ਕਿ ਉਪਰੋਕਤ ਪਲੇਟਾਂ ਦੇ ਖਿਸਕਣ ਨਾਲ ਗਰੀਨਲੈਂਡ ਅਤੇ ਨਾਰਵੇ ਦੇ ਵਿਚਕਾਰ ਸਥਿਤ ਆਈਸਲੈਂਡ ਤਿੰਨ ਭਾਗਾਂ ਵਿੱਚ ਟੁੱਟ ਸਕਦਾ ਹੈ। ਬਰਫ਼ੀਲਾ ਦੇਸ਼ ਆਈਸਲੈਂਡ ਵੀ ਜਵਾਲਾਮੁਖੀਆਂ ਦਾ ਖੇਤਰ ਹੈ ਜਿੱਥੇ ਬਰਫ਼ ਦੇ ਨਾਲੋ ਨਾਲ ਅਗਨ ਦੀ ਮੌਜੂਦਗੀ ਵੀ ਬਰਕਰਾਰ ਹੈ।

ਜੇਕਰ ਇੰਟਰਨੈੱਟ ਤੋਂ ਮਿਲੀ ਜਾਣਕਾਰੀ ’ਤੇ ਭਰੋਸਾ ਕੀਤਾ ਜਾਵੇ ਤਾਂ ਭਵਿੱਖ ਵਿੱਚ ਭਾਰਤੀ ਉਪ-ਮਹਾਂਦੀਪ ਵਿੱਚ ਵੀ ਵੱਡੀ ਭੌਤਿਕ ਤਬਦੀਲੀ ਦੇਖਣ ਨੂੰ ਮਿਲ ਸਕਦੀ ਹੈ। ਇਸ ਜਾਣਕਾਰੀ ਅਨੁਸਾਰ ਭਾਰਤ ਦੀਆਂ ਵਿਸ਼ਾਲ ਪਰਬਤੀ ਲੜੀਆਂ ਤੋਂ ਹੇਠਾਂ ਮੈਦਾਨੀ ਖੇਤਰ ਵਿੱਚ, ਪੱਛਮ ਤੋਂ ਪੂਰਬੀ ਦਿਸ਼ਾ ਵੱਲ, ਧਰਾਤਲ ਤੋਂ ਹੇਠਾਂ ਡੂੰਘਾਈ ਵਿੱਚ ਵੱਡੀ ਦਰਾੜ ਬਣੀ ਹੋਣ ਦਾ ਪਤਾ ਲੱਗਾ ਹੈ। ਜੇ ਇਹ ਕ੍ਰਿਆ ਵਾਪਰਦੀ ਹੈ ਤਾਂ ਉਤਰੀ ਭਾਰਤ ਦੇ ਕਈ ਖੇਤਰਾਂ ਵਿੱਚ ਬਣ ਰਹੀ ਦਰਾੜ ਵਿੱਚ ਬੰਗਾਲ ਦੀ ਖਾੜੀ ਦਾ ਪਾਣੀ ਭਰ ਸਕਦਾ ਹੈ ਤੇ ਨਵਾਂ ਵਜੂਦ ਵਿੱਚ ਆਉਣ ਵਾਲਾ ਸਾਗਰ ਦੇਸ਼ ਦੇ ਉਤਰੀ ਹਿੱਸੇ ਨੂੰ ਅਲੱਗ ਕਰ ਸਕਦਾ ਹੈ ਤੇ ਭਾਰਤ ਦੀ ਮੁੱਖ ਭੂਮੀ ਇੱਕ ਵੱਡੇ ਟਾਪੂ ਦਾ ਰੂਪ ਧਾਰਣ ਕਰ ਸਕਦੀ ਹੈ। ਚਾਹੇ ਅਜਿਹੀਆਂ ਤਬਦੀਲੀਆਂ ਲਈ ਅਜੇ ਹਜ਼ਾਰਾਂ ਵਰ੍ਹੇ ਲੱਗ ਸਕਦੇ ਹਨ। ਅਸਲ ਵਿੱਚ ਸਮਝਣ ਵਾਲੀ ਗੱਲ ਇਹ ਹੈ ਕਿ ਤਬਦੀਲੀ ਬ੍ਰਹਿਮੰਡ ਦਾ ਸਰਵਵਿਆਪੀ ਨਿਯਮ ਹੈ ਤੇ ਇਸ ਨਿਯਮ ਅਨੁਸਾਰ ਹਰ ਸਮੇਂ ਹਰ ਚੀਜ਼ ਬਦਲਦੀ ਰਹਿੰਦੀ ਹੈ ਤੇ ਪ੍ਰਿਥਵੀ ਵਿੱਚ ਹੋ ਰਹੀਆਂ ਤਬਦੀਲੀਆਂ ਵੀ ਇਸ ਨਿਯਮ ਦੇ ਅਨੁਸਾਰੀ ਹੀ ਹਨ।

98556-56156

ਕੇਸ ਰਿਪੋਰਟ

# ਜਿਉਣ ਦਾ ਰਾਹ

-ਪਰਵੀਨ ਜੰਡ ਵਾਲਾ

ਕਰੀਬ ਦਹਾਕਾ ਪਹਿਲਾਂ ਗੁਰੂਹਰਸਹਾਏ ਇਕਾਈ ਕੋਲ ਫਾਜ਼ਿਲਕਾ ਦੇ ਸਰਹੱਦੀ ਪਿੰਡ ਦਾ ਇੱਕ ਕੇਸ ਆਇਆ। ਪਰਿਵਾਰ ਦੇ ਕਿਸੇ ਰਿਸ਼ਤੇਦਾਰ ਨੇ ਸਾਡੇ ਤੱਕ ਪਹੁੰਚ ਕੀਤੀ ਤੇ ਦੱਸਿਆ ਕਿ ਘਰ ਵਿੱਚ ਵਾਪਰਦੀਆਂ ਘਟਨਾਵਾਂ ਤੋਂ ਸਾਰਾ ਟੱਬਰ ਬਹੁਤ ਪ੍ਰੇਸ਼ਾਨ ਹੈ। ਘਰ ਦਾ ਮੁਖੀ ਜੋ ਕਿ ਦਰਜੀ ਦਾ ਕੰਮ ਕਰਦਾ ਹੈ, ਦਿਨ ਰਾਤ ਮਿਹਨਤ ਕਰਕੇ ਮੁਸ਼ਕਿਲ ਨਾਲ ਘਰ ਦਾ ਖਰਚਾ ਤੋਰਦਾ ਹੈ। ਚੰਗੇ ਭਲੇ ਟੱਬਰ ਨੂੰ ਪਤਾ ਨੀਂ ਕੀ ਹੋ ਗਿਆ। ਆਪਸ ਵਿੱਚ ਤਲਖ਼ੀ ਨਾਲ ਪੇਸ਼ ਆਉਂਦੇ ਹਨ। ਊਲ ਜਲੂਲ ਬੋਲਦੇ ਹਨ। ਉਨ੍ਹਾਂ ਦੇ ਕਲੇਸ਼ ਦਾ ਕਾਰਣ ਤਾਂ ਸਮਝ ਆਉਂਦਾ ਹੈ। ਪਰ ਘਰ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਸਮਝ ਤੋਂ ਬਾਹਰ ਹਨ। ਜਿਸ ਕੰਮ ਨਾਲ ਘਰ ਦੀ ਰੋਟੀ ਤੇ ਹੋਰ ਖਰਚੇ ਚਲਦੇ ਹਨ, ਉੱਥੇ ਹੀ ਰੁਕਾਵਟ ਪੈ ਗਈ ਹੈ।

ਅਸੀਂ ਮਸਲੇ ਦੇ ਹੱਲ ਲਈ ਉਸ ਨਾਲ ਛੁੱਟੀ ਵਾਲਾ ਦਿਨ ਤੈਅ ਕਰ ਲਿਆ। ਨਿਸ਼ਚਿਤ ਦਿਨ ਮੈਂ, ਮਾਸਟਰ ਜਗਜੀਤ ਸਿੰਘ ਅਤੇ ਇੱਕ ਹੋਰ ਸਾਥੀ ਪੀੜਤ ਪਰਿਵਾਰ ਦੇ ਘਰ ਪਹੁੰਚ ਗਏ। ਘਰ ਪਹੁੰਚ ਕੇ ਦੇਖਿਆ ਕਿ ਪੂਰੇ ਘਰ ਵਿੱਚ ਥਾਂ-ਥਾਂ ‘ਤੇ ਸੜੇ ਹੋਏ ਕੱਪੜੇ, ਰਜਾਈਆਂ, ਕੰਬਲ ਆਦਿ ਖਿੱਲਰੇ ਹੋਏ ਸਨ। ਸਾਰਾ ਪਰਿਵਾਰ ਸਹਿਮਿਆ ਹੋਇਆ ਸੀ। ਉਹ ਏਨੇ ਡਰੇ ਹੋਏ ਸਨ ਕਿ ਸਾਡੇ ਕੋਲ ਬੈਠਨ ਤੋਂ ਵੀ ਹਿਚਕਚਾ ਰਹੇ ਸਨ। ਚਾਹ ਪਾਣੀ ਪੀਣ ਤੋਂ ਬਾਅਦ ਅਸੀਂ ਪਰਿਵਾਰ ਦੇ ਮਾਹੌਲ ਨੂੰ ਸੁਖਾਵਾਂ ਕਰਨ ਲਈ ਕੁਝ ਸਮਾਂ ਇੱਧਰ ਉੱਧਰ ਦੀਆਂ ਗੱਲਾਂ ਕੀਤੀਆਂ। ਪਰਿਵਾਰ ਵਿੱਚ ਮੁਖੀ, ਉਸ ਦੀ ਮਾਤਾ, ਪਤਨੀ, ਦੋ ਬੱਚੇ ਤੇ ਇੱਕ ਭੈਣ ਸੀ। ਪੁੱਛਗਿੱਛ ਦੌਰਾਨ ਗੱਲਾਂ ਤੋਂ ਪਤਾ ਲੱਗਿਆ ਕਿ ਘਰ ਵਿੱਚ ਇਹ ਸਿਲਸਿਲਾ ਲਗਭਗ ਇੱਕ ਸਾਲ ਤੋਂ ਚੱਲ ਰਿਹਾ ਸੀ। ਸ਼ੁਰੂ ਸ਼ੁਰੂ ਵਿੱਚ ਕੇਵਲ ਪੁਰਾਣੇ, ਨਾ-ਵਰਤਣਯੋਗ ਕੱਪੜਿਆਂ ਨੂੰ ਹੀ ਕੱਟ ਲੱਗਣ ਲੱਗੇ। ਹੌਲੀ ਹੌਲੀ ਇਹ ਘਟਨਾਵਾਂ ਵਧਣ ਲੱਗੀਆਂ। ਪਰਿਵਾਰ ਦੇ ਮੁਖੀ ਨੇ ਦੱਸਿਆ ਕਿ ਸ਼ੁਰੂ ਵਿੱਚ ਮੇਰੀ ਪਤਨੀ ਦੇ ਕੱਪੜੇ ਹੀ ਕੱਟੇ ਜਾਂਦੇ ਸਨ। ਫਿਰ ਹੌਲੀ ਹੌਲੀ ਮੇਰੇ ਬੱਚਿਆਂ ਸਮੇਤ ਸਾਰੇ ਪਰਿਵਾਰ ਦੇ ਕੱਪੜੇ ਕੱਟੇ ਜਾਣ ਲੱਗੇ। ਅਸੀਂ ਆਪਣੇ ਵੱਲੋਂ ਸਾਧ ਸਿਆਣਿਆਂ ਤੱਕ ਪਹੁੰਚ ਕਰਕੇ ਓਹੜ ਪੋਹੜ ਕਰਦੇ ਰਹੇ। ਸਾਡੀ ਮੁਸ਼ਕਿਲ ਹੱਲ ਹੋਣ ਦੀ ਬਜਾਏ ਸਗੋਂ ਹੋਰ ਵਧ ਗਈ। ਕੱਪੜਿਆਂ ਨੂੰ ਅੱਗ ਵੀ ਲੱਗਣੀ ਸ਼ੁਰੂ ਹੋ ਗਈ। ਆਂਢ-ਗੁਆਂਢ ਅਤੇ ਰਿਸ਼ਤੇਦਾਰਾਂ ਦੇ ਕਹਿਣ ’ਤੇ ਕਈ ਬਾਬਿਆਂ ਤਾਂਤਰਿਕਾਂ ਦੇ ਚੌਂਕੀਆਂ ਵੀ ਭਰੀਆਂ। ਸਭ ਨੇ ਕਿਸੇ ਪ੍ਰੇਤ ਦਾ ਸਾਇਆ ਦੱਸਿਆ ਤੇ ਇਹ ਵੀ ਕਿਹਾ ਕਿ ਤੁਹਾਡੇ ਵੱਡੇ ਵਡੇਰਿਆਂ ਦੇ ਕੱਪੜੇ ਨਹੀਂ ਪਹੁੰਚੇ। ਇਸ ਲਈ ਉਹ ਪਰਿਵਾਰ ਨੂੰ ਤੰਗ ਕਰ ਰਹੇ ਹਨ। ਤਾਂਤਰਿਕਾਂ ਦੇ ਕਹਿਣ ‘ਤੇ ਅਸੀਂ ਆਪਣੇ ਬਜ਼ੁਰਗਾਂ ਦਾ ਸੂਟ, ਮੰਜਾ, ਬਿਸਤਰਾ ਵੀ ਦਿੱਤਾ ਪਰ ਘਟਨਾਵਾਂ ਨਾ ਰੁਕੀਆਂ। ਮੁਖੀ ਰੁਕ ਰੁਕ ਕੇ ਬੋਲਦਾ ਸੀ। ਕਈ ਵਾਰ ਆਪਣੀ ਹੀ ਕਹੀ ਗੱਲ ਬਦਲ ਦਿੰਦਾ ਸੀ। ਆਪਣੇ ਵਰਤ ਵਿਹਾਰ ਤੇ ਬੋਲ ਚਾਲ ਤੋਂ ਉਹ ਪਹਿਲੀ ਨਜ਼ਰੇ ਸਾਨੂੰ ਮਾਨਸਿਕ ਰੋਗੀ ਨਜ਼ਰ ਆਇਆ।

ਮੁਖੀ ਦੀ ਪਤਨੀ ਨੂੰ ਬੁਲਾਇਆ ਤਾਂ ਉਸ ਦੀ ਹਾਲਤ ਵੀ ਪਤੀ ਵਾਲੀ ਹੀ ਜਾਪੀ। ਘਟਨਾਵਾਂ ਬਾਰੇ ਜਾਣਕਾਰੀ ਦਿੰਦਿਆਂ ਉਸ ਨੇ ਦੱਸਿਆ ਕਿ ਪਹਿਲਾਂ ਪਹਿਲ ਘਟਨਾਵਾਂ ਕੱਪੜੇ ਸਿਉਣ ਵਾਲੀ ਬੈਠਕ ਵਿੱਚ ਵਾਪਰਨ ਲੱਗੀਆਂ। ਉੱਥੇ ਬੱਚਿਆਂ ਦੇ ਪਾਪਾ ਤੇ ਕੱਪੜੇ ਸਿਲਵਾਉਣ ਵਾਲਿਆਂ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਆਉਂਦਾ ਜਾਂਦਾ। ਮਹੀਨਾ ਭਰ ਤਾਂ ਇਹਨਾਂ ਨੇ ਸਾਨੂੰ ਦੱਸਿਆ ਤੱਕ ਨਹੀਂ। ਕੈਂਚੀ ਨਾਲ ਕੱਪੜੇ ਕੱਟੇ ਜਾਣ ਤੋਂ ਸ਼ੁਰੂ ਹੋਇਆ ਕੰਮ ਹੁਣ ਪੇਟੀ ਅਤੇ ਟਰੰਕ ਵਿੱਚ ਪਏ ਕੱਪੜਿਆਂ ਦੀ ਅੱਗ ਤੱਕ ਪਹੁੰਚ ਗਿਆ। ਹੁਣ ਤਾਂ ਇਹ ਅੱਗ ਮੰਜੇ ਬਿਸਤਰਿਆਂ ਤੱਕ ਵੀ ਪਹੁੰਚ ਗਈ ਹੈ। ਰਾਤ ਨੂੰ ਸੁੱਤਿਆਂ ਅਚਾਨਕ ਕਿਸੇ ਜੀਅ ਦੇ ਬਿਸਤਰੇ ਵਿੱਚੋਂ ਧੂੰਆਂ ਨਿਕਲਣ ਲੱਗ ਪੈਂਦਾ ਹੈ। ਘਰ ਵਿੱਚ ਰਹਿੰਦਿਆਂ ਹਰ ਵੇਲੇ ਮੌਤ ਨਜ਼ਰ ਆਉਂਦੀ ਕਿ ਪਤਾ ਨਹੀਂ ਕਦੋਂ ਤੇ ਕਿਹੜੇ ਪਾਸਿਓਂ ਅੱਗ ਆ ਜਾਵੇ। ਹੁਣ ਘਰ ਵਿੱਚ ਕੋਈ ਵੀ ਬਿਸਤਰਾ ਸਾਬਤ ਨਹੀਂ ਸੀ ਬਚਿਆ।

ਪਰਿਵਾਰ ਦਾ ਇੱਕੋ ਇੱਕ ਕਮਾਉਣ ਵਾਲਾ ਵਿਅਕਤੀ ਘਰ ਦਾ ਮੁਖੀ ਸੀ। ਉਸਦਾ ਦਰਜੀ ਵਜੋਂ ਚੰਗਾ ਕੰਮ ਚਲਦਾ ਸੀ। ਰਹੱਸਮਈ ਘਟਨਾਵਾਂ ਨੇ ਕਮਾਈ ਦਾ ਇੱਕੋ ਇੱਕ ਸਾਧਨ ਵੀ ਖੋਹ ਲਿਆ। ਨਵੇਂ ਕੱਪੜੇ ਤੇ ਨਵੇਂ ਬਿਸਤਰੇ ਲਿਆਉਣ ਦੀ ਹੈਸੀਅਤ ਨਹੀਂ ਸੀ। ਆਖਰ ਆਂਢ ਗੁਆਂਢ ਅਤੇ ਰਿਸ਼ਤੇਦਾਰਾਂ ਦੀ ਮਦਦ ਨਾਲ ਕੁਝ ਕੱਪੜੇ ਤੇ ਬਿਸਤਰਿਆਂ ਦਾ ਪ੍ਰਬੰਧ ਕੀਤਾ ਗਿਆ। ਇਸ ਦੌਰਾਨ ਪਰਿਵਾਰ ਨੇ ਵੱਖ-ਵੱਖ ਸਮੇਂ ਹਮਦਰਦਾਂ ਦੇ ਕਹਿਣ ਤੇ ਕਈ ਹੋਰ ਤਾਂਤਰਿਕਾਂ ਕੋਲ ਪਹੁੰਚ ਕੀਤੀ ਪਰ ਘਟਨਾਵਾਂ ਘਟਣ ਦੀ ਬਜਾਏ ਹੋਰ ਵਧ

ਰਹੀਆਂ ਸਨ। ਹੁਣ ਦੁਕਾਨ 'ਤੇ ਸਿਲਾਈ ਲਈ ਆਏ ਕੱਪੜੇ ਅਤੇ ਦੁਕਾਨ ਦਾ ਸਮਾਨ ਵੀ ਗਾਇਬ ਹੋਣ ਲੱਗਿਆ। ਪਰਿਵਾਰ ਇਸ ਪਿੱਛੇ ਕਿਸੇ ਨਾ ਕਿਸੇ ਓਪਰੀ ਸ਼ੈਅ ਦਾ ਹੱਥ ਹੀ ਮੰਨ ਰਿਹਾ ਸੀ।

ਮੁਖੀ ਦੇ ਬੱਚਿਆਂ ਤੇ ਭੈਣ ਨੇ ਡਰਿਆਂ ਹੋਇਆਂ ਸਾਡੇ ਸੁਆਲਾਂ ਦੇ ਜੁਆਬ ਦਿੱਤੇ। ਸਾਰੇ ਮੈਂਬਰਾਂ ਨਾਲ ਗੱਲਬਾਤ ਕਰਨ ਉਪਰੰਤ ਸ਼ੱਕ ਦੀ ਸੂਈ ਮੁਖੀ ਵੱਲ ਹੀ ਘੁੰਮੀ। ਸਾਡੇ ਨਾਲ ਦੇ ਇੱਕ ਤਰਕਸ਼ੀਲ ਸਾਥੀ ਦਾ ਤਰਕ ਸੀ, ਕੰਮ ਕਰਨ ਵਾਲਾ ਇੱਕੋ ਇੱਕ ਬੰਦਾ, ਘਟਨਾਵਾਂ ਵੀ ਉਸ ਦੀ ਮੌਜੂਦਗੀ ਵਿੱਚ ਹੋਣੀਆਂ ਸ਼ੁਰੂ ਹੋਈਆਂ। ਉਸ ਨੇ ਪਹਿਲਾਂ ਪਹਿਲ ਘਟਨਾਵਾਂ ਦੀ ਕੋਈ ਪ੍ਰਵਾਹ ਵੀ ਨਹੀਂ ਕੀਤੀ। ਉਸ ਦੀ ਪਤਨੀ ਏਨੇ ਹੌਂਸਲੇ ਤੇ ਜੁਅਰਤ ਵਾਲੀ ਨਹੀਂ ਦਿਸਦੀ। ਆਪਾਂ ਨੂੰ ਮੁਖੀ ਨੂੰ ਕੇਂਦਰ ਵਿੱਚ ਰੱਖ ਕੇ ਹੀ ਘਟਨਾਵਾਂ ਦੇ ਹੱਲ ਬਾਰੇ ਸੋਚਣਾ ਚਾਹੀਦਾ ਹੈ। ਮੈਥੋਂ ਬਿਨਾਂ ਕੇਸ ਹੱਲ ਕਰਨ ਵਾਲੇ ਦੋਵੇਂ ਸਾਥੀ ਇਸ ਦਲੀਲ ਨਾਲ ਸਹਿਮਤ ਸਨ।

ਪਰਿਵਾਰ ਦੇ ਉਸ ਦਰਜੀ ਮੁਖੀ ਦੀ ਪਤਨੀ ਜੋ ਕਿ ਦੇਖਣ ਵਿੱਚ ਬਿਲਕੁਲ ਸਿਧਰੀ ਜਿਹੀ ਨਜ਼ਰ ਆਉਂਦੀ ਸੀ। ਮੇਰੇ ਸ਼ੱਕ ਦੀ ਸੂਈ ਉਹ ਵੱਲ ਮੁੜਨ ਲੱਗੀ ਪਰ ਸਾਥੀ ਕਹਿਣ ਲੱਗੇ ਕਿ ਇਸ ਵਿਚਾਰੀ ਨੂੰ ਤਾਂ ਆਪਣੇ ਆਪ ਦੀ ਸੋਝੀ ਨਹੀਂ, ਇਹ ਅਜਿਹਾ ਕਦਮ ਕਿਵੇਂ ਚੁੱਕ ਸਕਦੀ ਹੈ। ਮੁਖੀ ਨਾਲ ਦੁਬਾਰਾ ਗੱਲਬਾਤ ਕਰਨ ਤੇ ਪਤਾ ਲੱਗਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਉਸ ਦੇ ਸਹੁਰੇ ਪਿੰਡ ਵੀ ਇੱਕ ਦੋ ਵਾਰ ਵਾਪਰੀਆਂ ਹਨ ਅਤੇ ਇਹ ਵੀ ਪਤਾ ਲੱਗਿਆ ਕਿ ਇਹ ਘਟਨਾਵਾਂ ਉਦੋਂ ਵਾਪਰੀਆਂ ਜਦੋਂ ਉਸ ਦੀ ਪਤਨੀ ਆਪਣੇ ਪੇਕੇ ਘਰ ਸੀ। ਸਾਡਾ ਸ਼ੱਕ ਹੋਰ ਪੱਕਾ ਹੋ ਗਿਆ ਅਤੇ ਅਸੀਂ ਉਸ ਦੀ ਪਤਨੀ ਨਾਲ ਦੁਬਾਰਾ ਗੱਲਬਾਤ ਕੀਤੀ। ਉਸ ਦੀਆਂ ਗੱਲਾਂ ਵਿੱਚੋਂ ਦੋਹਾਂ ਵਿਚਾਲੇ ਉਲਝੀ ਤਾਣੀ ਦੀ ਤੰਦ ਨਜ਼ਰ ਆਈ।

ਪਹਿਲਾਂ ਅਸੀਂ ਘਰ ਦੇ ਮੁਖੀ ਬਾਰੇ ਪੜਤਾਲ ਨੂੰ ਪਰਖਿਆ। ਉਸ ਦੀ ਆਪਣੀ ਹਾਲਤ ਤੇ ਆਰਥਿਕ ਤੰਗੀ ਤੁਰਸ਼ੀ ਵਿੱਚੋਂ ਉਸ ਤੇ ਸ਼ੱਕ ਕਰਨ ਦੀ ਦਲੀਲ ਠੀਕ ਨਹੀਂ ਨਿਕਲੀ। ਉਸ ਕੋਲ ਘਰ ਦੇ ਗੁਜ਼ਾਰੇ ਦਾ ਇੱਕੋ ਇੱਕ ਸਾਧਨ ਸੀ, ਉਹ ਉਸਨੂੰ ਬੰਦ ਕਰਨ ਲਈ ਭਲਾ ਆਪਣੇ ਪੈਰ ਕੁਹਾੜੀ ਕਿਵੇਂ ਮਾਰ ਸਕਦਾ ਸੀ ?

ਫ਼ਿਰ ਅਸੀਂ ਮੁਖੀ ਦੀ ਪਤਨੀ ਨੂੰ ਵਿਸ਼ਵਾਸ ਵਿੱਚ ਲੈ ਕੇ ਗੱਲਬਾਤ ਸ਼ੁਰੂ ਕੀਤੀ। ਉਸ ਨੂੰ ਘਰ ਦੀ ਮੰਦੀ ਹਾਲਤ ਦਾ ਹਵਾਲਾ ਦਿੰਦਿਆਂ ਮਸਲੇ ਦੇ ਹੱਲ ਲਈ ਸਹਿਯੋਗ ਕਰਨ ਵਾਸਤੇ ਆਖਿਆ। ਥੋੜੀ ਦੇਰ ਆਨਾ-ਕਾਨੀ ਕਰਨ ਤੋਂ ਬਾਅਦ ਉਹ ਫਿਸ ਪਈ ਅਤੇ ਰੋ ਰੋ ਕੇ ਦੱਸਣ ਲੱਗੀ। ਇਹ ਸਾਰੀਆਂ ਘਟਨਾਵਾਂ ਓਪਰੀ ਸ਼ੈਅ ਨੇ ਆਪਣੀ ਇੱਛਾ ਬਦਲੇ ਕੀਤੀਆਂ ਹਨ। ਸਾਨੂੰ ਤਾਂ ਬਾਬਿਆਂ ਤੋਂ ਪਤਾ ਲੱਗਾ ਕਿ ਇਸ ਘਰ ਦੀ ਗੁਜ਼ਰੀ ਮਾਤਾ ਆਪਣਾ ਲੀੜਾ ਕੱਪੜਾ ਮੰਗਦੀ ਹੈ। ਉਹਨੇ ਦੱਸਿਆ ਕਿ ਜਦੋਂ ਵੀ ਪਰਿਵਾਰ ਲਈ ਨਵੇਂ ਕੱਪੜੇ ਖਰੀਦੇ ਜਾਂਦੇ ਹਨ ਤਾਂ ਓਪਰੀ ਸ਼ੈਅ ਬਣੀ ਮਾਤਾ ਦਾ ਸੂਟ ਨਹੀਂ ਹੁੰਦਾ। ਮੈਂ ਬਥੇਰਾ ਆਖਦੀ ਹਾਂ ਕਿ ਉਸ ਮਾਤਾ ਦਾ ਵੀ ਸੂਟ ਲਿਆ ਦਿਆ ਕਰੋ। ਉਸ ਦਾ ਨਾਂ ਲੈ ਕੇ ਮੈਂ ਪਾ ਲਿਆ ਕਰਾਂਗੀ। ਪਰ ਇਸ ਘਰ ਵਿੱਚ ਮੇਰੀ ਕੋਈ ਸੁਣਦਾ ਹੀ ਨਹੀਂ।

ਪੂਰਾ ਮਸਲਾ ਸਮਝਣ ਵਿੱਚ ਉਨ੍ਹਾਂ ਦੀ ਸੱਤਵੀਂ ਵਿੱਚ ਪੜ੍ਹਦੀ ਬੱਚੀ ਨੇ ਘਰ ਦੀ ਅੰਦਰਲੀ ਗੱਲ ਦੱਸੀ। ਮੰਮੀ ਤਾਂ ਨਾਨਕਿਆਂ ਤੋਂ ਆਉਂਦੇ ਪੁਰਾਣੇ ਸੂਟ ਪਾ ਕੇ ਹੀ ਗੁਜ਼ਾਰਾ ਕਰਦੀ ਹੈ। ਅਸੀਂ ਮੁਖੀ ਦੀ ਪਤਨੀ ਨੂੰ ਮੁੜ ਬੁਲਾਇਆ ਤੇ ਆਖਿਆ ਸਾਨੂੰ ਓਪਰੀ ਸ਼ੈਅ ਦੀ ਗੱਲ ਸਮਝ ਆ ਗਈ ਹੈ। ਉਹ ਆਪਣੇ ਪੁਰਾਣੇ ਸੂਟ ਤਾਂ ਹੀ ਕੱਟਦੀ ਸੀ ਤਾਂ ਕਿ ਉਸ ਨੂੰ ਨਵਾਂ ਸੂਟ ਮਿਲ ਸਕੇ। ਪਰ ਸੂਟ ਨਾ ਮਿਲਣ 'ਤੇ ਉਸਨੇ ਗੁੱਸੇ ਵਿੱਚ ਬਾਕੀ ਮੈਂਬਰਾਂ ਦੇ ਸੂਟ ਵੀ ਕੱਟਣੇ ਸ਼ੁਰੂ ਕਰ ਦਿੱਤੇ ਸਨ। ਉਸ ਨੇ ਆਪਣੇ ਪੇਕਿਆਂ ਨੂੰ ਸਬਕ ਸਿਖਾਉਣ ਲਈ ਉੱਥੇ ਵੀ ਕੱਪੜਿਆਂ ਨੂੰ ਸੀਖ ਵਿਖਾ ਦਿੱਤੀ। ਜਿਹੜੇ ਉਸਨੂੰ ਸਾਲ ਛਿਮਾਹੀ ਸੂਟ ਬਣਾ ਕੇ ਦੇਣਾ ਬੰਦ ਕਰ ਗਏ ਸਨ।

ਅਸੀ ਆਖਿਆ ਕਿ ਅਸੀਂ ਇਹ ਮੰਨ ਲਈਏ ਕਿ ਉਹ ਓਪਰੀ ਸ਼ੈਅ ਹੁਣ ਸਾਡੇ ਸਾਹਮਣੇ ਬੈਠੀ ਹੈ। ਭਾਵੇਂ ਉਸ ਨਾਲ ਹੋਇਆ ਵਿਤਕਰਾ ਬਿਲਕੁਲ ਗਲਤ ਹੈ। ਪਰ ਉਸ ਵੱਲੋਂ ਅਪਣਾਇਆ ਤਰੀਕਾ ਕਾਰ ਵੀ ਠੀਕ ਨਹੀਂ ਹੈ। ਜੇਕਰ ਉਸ ਨਾਲ ਵਿਤਕਰਾ ਬੰਦ ਹੋ ਜਾਵੇ ਤਾਂ ਉਹ ਘਟਨਾਵਾਂ ਬੰਦ ਕਰਨ ਦਾ ਵਾਅਦਾ ਕਰੇਗੀ? ਉਸ ਨੇ ਨੀਵੀਂ ਪਾਈ ਤੇ ਹਾਂ ਵਿੱਚ ਸਿਰ ਹਿਲਾਇਆ।

ਸਾਡਾ ਢੰਗ ਤਰੀਕਾ ਠੀਕ ਸਾਬਤ ਹੋਇਆ। ਅਸੀਂ ਉਸ ਨਾਲ ਹੁੰਦਾ ਵਿਤਕਰਾ ਰੋਕਣ ਦੀ ਜ਼ਿੰਮੇਂਵਾਰੀ ਲਈ। ਉਸ ਨੇ ਵੀ ਅੱਗੇ ਤੋਂ ਘਰ ਵਿੱਚ ਕਿਸੇ ਕਿਸਮ ਦੀ ਰਹੱਸਮਈ ਘਟਨਾ ਨਾ ਹੋਣ ਦੀ ਹਾਮੀ ਭਰੀ। ਅਸੀਂ ਸਾਰੇ ਪਰਿਵਾਰ ਨੂੰ ਬਿਠਾ ਕੇ ਗੱਲਬਾਤ ਕੀਤੀ ਅਤੇ ਕਿਹਾ ਕਿ ਘਰ ਵਿੱਚ ਅੱਗੇ ਤੋਂ ਘਟਨਾਵਾਂ ਨੂੰ ਪੱਕੇ ਤੌਰ ਤੇ ਬੰਦ ਕਰਨ ਲਈ ਘਰ ਦੇ ਸਾਰੇ ਮੈਂਬਰਾਂ ਨਾਲ ਇੱਕੋ ਜਿਹਾ ਵਿਵਹਾਰ ਕਰਨਾ ਪਵੇਗਾ। ਕਿਸੇ ਨਾਲ ਕੀਤਾ ਜਾਂਦਾ ਭੇਦ ਵਿਤਕਰਾ ਮੁਕੰਮਲ ਤੌਰ ਤੇ ਬੰਦ ਕਰਨਾ ਪਵੇਗਾ। ਹੁਣ ਕੱਪੜੇ ਕੱਟੇ ਜਾਣ ਤੇ ਕੱਪੜਿਆਂ ਨੂੰ ਅੱਗ ਲੱਗਣ ਦੀ ਗੱਲ ਨੂੰ ਹੀ ਲੈ ਲਈਏ!

ਕੀ ਨਵੇਂ ਕੱਪੜੇ ਬਣਾਉਣ ਦਾ ਅਸੂਲ ਘਰ ਦੇ ਸਾਰੇ ਮੈਂਬਰਾਂ ਤੇ ਲਾਗੂ ਹੁੰਦਾ ਹੈ? ਤੁਸੀਂ ਓਪਰੀ ਸ਼ੈਅ ਦੇ ਨਾਂ ਬਾਬਿਆਂ ਚੇਲਿਆਂ ਨੂੰ ਤਾਂ ਮੂੰਹੋਂ ਮੰਗੇ ਪੈਸੇ ਦਿੱਤੇ। ਪਰ ਉਸ ਦੇ ਨਾਂ ਤੇ ਘਰ ਦੇ ਕਿਸੇ ਮੈਂਬਰ ਨੂੰ ਸੂਟ ਬਣਾ ਕੇ ਦੇਣ ਦੀ ਜ਼ਹਿਮਤ ਨਹੀਂ ਉਠਾਈ! ਪਰਿਵਾਰਾਂ ਵਿੱਚ ਹੁੰਦੇ ਅਜਿਹੇ ਵਿਤਕਰੇ ਅਕਸਰ ਵੱਡੀਆਂ ਮੁਸ਼ਕਿਲਾਂ ਖੜ੍ਹੀਆਂ ਕਰਨ ਦਾ ਕਾਰਣ ਬਣਦੇ ਹਨ। ਇਹ ਸੁਣਦਿਆਂ ਘਰ ਦਾ ਮੁਖੀ ਨਮੋਸ਼ੀ ਵਿੱਚ ਨੀਵੀਂ ਪਾ ਗਿਆ। ਅਸੀਂ ਅੱਗੇ ਤੋਂ ਘਰ ਵਿੱਚ ਕੱਪੜੇ ਸੜਨ ਦੀ ਕੋਈ ਘਟਨਾ ਨਾ ਵਾਪਰਨ ਦੀ ਜ਼ਿੰਮੇਵਾਰੀ ਲੈਂਦਿਆਂ ਮੁਖੀ ਨੂੰ ਪਰਿਵਾਰ ਵਿੱਚ ਹੁੰਦਾ ਵਿਤਕਰਾ ਬੰਦ ਕਰਨ ਦਾ ਸੁਝਾਅ ਦਿੱਤਾ। ਜਿਸ ਨੂੰ ਉਸ ਨੇ ਸਹਿਜੇ ਹੀ ਸਵੀਕਾਰ ਕਰ ਲਿਆ। ਨਾਲ ਹੀ ਉਸਨੂੰ ਅਗਲੇ ਦਿਨ ਤੋਂ ਕੱਪੜੇ ਸਿਲਾਈ ਦਾ ਕੰਮ ਮੁੜ ਸ਼ੁਰੂ ਕਰਨ ਦਾ ਸੁਝਾਅ ਦਿੱਤਾ। ਪਰਿਵਾਰ ਦੇ ਦੂਸਰੇ ਮੈਂਬਰਾਂ ਨੂੰ ਵਿਹਲੇ ਵਕਤ ਇਸ ਕੰਮ ਵਿੱਚ ਹੱਥ ਵਟਾਉਣ ਲਈ ਪ੍ਰੇਰਿਆ।

ਕਰੀਬ ਸਾਲ ਬਾਅਦ ਉਹ ਵਿਅਕਤੀ ਫਾਜ਼ਿਲਕਾ ਦੇ ਰੇਲਵੇ ਸਟੇਸ਼ਨ ਤੇ ਮਿਲਿਆ। ਉਸ ਦੇ ਚਿਹਰੇ ਉੱਤੇ ਸੰਤੁਸ਼ਟੀ ਨਜ਼ਰ ਆਈ। ਮੇਰੇ ਪੁੱਛਣ ਤੇ ਕਹਿਣ ਲੱਗਾ, "ਸਰ ਮੇਰੀ ਸਿਲਾਈ ਦਾ ਕੰਮ ਹੁਣ ਬਹੁਤ ਵਧੀਆ ਚੱਲਣ ਲੱਗ ਪਿਆ ਹੈ। ਹੁਣ ਅਸੀਂ ਦੋਵੇਂ ਜੀਅ ਮਿਲ ਕੇ ਕੰਮ ਕਰਦੇ ਹਾਂ। ਘਰ ਪਰਿਵਾਰ ਵੀ ਸੁਖੀ ਵਸਦਾ ਹੈ। ਤੁਸੀਂ ਓਪਰੀ ਸ਼ੈਅ ਦਾ ਹੱਲ ਹੀ ਨਹੀਂ ਕੀਤਾ ਸਗੋਂ ਸਾਨੂੰ ਜਿਉਣ ਦਾ ਰਾਹ ਵੀ ਵਿਖਾ ਦਿੱਤਾ ਹੈ। ਘਰ ਪਰਿਵਾਰ, ਰਿਸ਼ਤੇਦਾਰਾਂ ਤੇ ਆਂਢ ਗੁਆਂਢ ਨਾਲ ਰਲ ਮਿਲ ਕੇ ਰਹਿਣ ਤੇ ਇੱਕ ਦੂਜੇ ਦੇ ਕੰਮ ਆਉਣ ਦਾ ਵਰਤ ਵਿਹਾਰ ਸਾਨੂੰ ਰਾਸ ਆ ਗਿਆ ਹੈ।

ਜਥੇਬੰਦਕ ਮੁਖੀ, ਜੋਨ ਫਾਜ਼ਿਲਕਾ
ਮੋਬਾਈਲ : 98157-30432

**ਮਾਰਕੰਡੇ ਕਾਟਜੂ ਦੇ ਬੇਬਾਕ ਬੋਲ**

# ਸਾਡੇ ਵਾਲਟੇਅਰ ਅਤੇ ਰੂਸੋ ਕਿੱਥੇ ਹਨ?

*(ਮਾਰਕੰਡੇ ਕਾਟਜੂ ਭਾਰਤ ਵਿੱਚ ਪ੍ਰਚਲਿਤ ਰੂੜ੍ਹੀਵਾਦੀ ਪਰੰਪਰਾਵਾਂ ਅਤੇ ਧਾਰਮਿਕ ਮਾਨਤਾਵਾਂ ਖਿਲਾਫ ਬੇਬਾਕੀ ਨਾਲ ਬੋਲਣ ਵਾਲੀ ਸ਼ਖਸੀਅਤ ਹੈ। ਮਾਰਕੰਡੇ ਕਾਟਜੂ ਸੁਪਰੀਮ ਕੋਰਟ ਦੇ ਜੱਜ ਰਹਿਣ ਤੋਂ ਇਲਾਵਾ ਪ੍ਰੈਸ ਕੌਂਸਲ ਆਫ ਇੰਡੀਆ ਦੇ ਚੇਅਰਮੈਨ ਵੀ ਰਹਿ ਚੁੱਕੇ ਹਨ।)*

1789 ਦੀ ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਫਰਾਂਸ ਵਿੱਚ ਕਈ ਦਹਾਕਿਆਂ ਤੱਕ ਵਿਚਾਰਧਾਰਕ ਸੰਘਰਸ਼ ਚੱਲਿਆ। ਵਾਲਟੇਅਰ, ਰੂਸੋ ਵਰਗੇ ਮਹਾਨ ਚਿੰਤਕਾਂ ਨੇ ਉਸ ਸਮੇਂ ਦੀਆਂ ਭਾਰੂ ਜਗੀਰੂ ਸੰਸਥਾਵਾਂ, ਰੀਤੀ-ਰਿਵਾਜਾਂ ਧਾਰਮਿਕ ਸਬੰਧਾਂ ਅਤੇ ਵਿਚਾਰਾਂ ਉੱਤੇ ਇੱਕ ਸ਼ਕਤੀਸ਼ਾਲੀ ਹਮਲਾ ਕੀਤਾ ਜਿਸ ਨੇ ਇੱਕ ਜਗੀਰੂ ਯੂਰਪ ਨੂੰ ਆਧੁਨਿਕ ਯੂਰਪ ਵਿੱਚ ਤਬਦੀਲ ਹੋਣ ਵਿੱਚ ਸਹਾਇਤਾ ਕੀਤੀ।

ਇਸੇ ਤਰ੍ਹਾਂ ਭਾਰਤ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਤਰਕਹੀਨ ਗੰਦਗੀ ਅਤੇ ਝੂਠ ਨੂੰ ਦੂਰ ਕਰਨ ਲਈ ਦੇਸ਼ ਵਿੱਚ ਵਿਆਪਕ ਪੱਧਰ 'ਤੇ ਫੈਲੇ ਹੋਏ ਜਗੀਰੂ ਵਿਚਾਰਾਂ ਅਤੇ ਰੀਤੀ ਰਿਵਾਜਾਂ ਦੇ ਵਿਰੁੱਧ ਵਿਚਾਰਧਾਰਕ ਖੇਤਰ ਵਿੱਚ ਇੱਕ ਤਕੜਾ ਹਮਲਾ ਕਰਨਾ ਪਵੇਗਾ। ਅਤੇ ਇਹ ਦੇਸ਼-ਭਗਤ ਆਧੁਨਿਕ ਸੋਚ ਵਾਲੇ ਬੁੱਧੀਜੀਵੀਆਂ ਦਾ ਕੰਮ ਹੈ।

ਭਾਰਤ ਵਿੱਚ ਵੱਡੀਆਂ ਰਾਜਨੀਤਿਕ ਤਬਦੀਲੀਆਂ ਵਾਪਰ ਸਕਣ, ਇਸ ਲਈ ਪਹਿਲਾਂ ਇੱਕ ਨਿਰੰਤਰ ਲੰਬੇ ਸਮੇਂ ਤੱਕ ਚੱਲਣ ਵਾਲਾ ਵਿਚਾਰਧਾਰਕ ਸੰਘਰਸ਼ ਕਰਨਾ ਪਵੇਗਾ ਜਿਵੇਂ ਕਿ ਯੂਰਪ ਵਿੱਚ ਵਾਲਟੇਅਰ, ਰੂਸੋ ਅਤੇ ਹੋਰਾਂ ਦੁਆਰਾ ਚਲਾਇਆ ਗਿਆ ਸੀ।

ਪਰ ਅੱਜ ਭਾਰਤੀ ਬੁੱਧੀਜੀਵੀ ਕਿੱਥੇ ਹਨ? ਸਾਡੇ ਵਾਲਟੇਅਰ ਅਤੇ ਰੂਸੋ ਕਿੱਥੇ ਹਨ? ਭਾਰਤ ਵਿੱਚ ਪੂਰੀ ਤਰ੍ਹਾਂ ਬੌਧਿਕ ਖਲਾਅ ਜਾਪਦਾ ਹੈ। ਸ਼ਰਤ ਚੰਦਰ, ਪ੍ਰੇਮ ਚੰਦ, ਕਾਜੀ ਨਜ਼ਰੁਲ ਇਸਲਾਮ, ਸੁਬਰਾਮਨੀਅਮ ਭਾਰਤੀ, ਫੈਜ਼ ਅਤੇ ਮੰਟੋ ਵਰਗੇ ਸਾਡੇ ਮਹਾਨ ਲੇਖਕ ਕਿੱਥੇ ਹਨ?

ਸਦੀਆਂ ਤੋਂ ਭਾਰਤੀ ਲੋਕਾਂ ਦਾ ਦਿਮਾਗ ਦੇਸ਼ ਵਿੱਚ ਮੌਜੂਦ ਜਾਤੀ-ਅਧਾਰਤ ਤੇ ਧਾਰਮਿਕ ਵਿਚਾਰਧਾਰਾ ਅਤੇ ਉਨ੍ਹਾਂ ਸਵਾਰਥੀ ਹਿਤਾਂ ਦੁਆਰਾ ਧੋਤਾ ਗਿਆ ਹੈ, ਜੋ ਸਾਡੇ ਦੇਸ਼ ਨੂੰ ਮਿੱਥਾਂ, ਬਕਵਾਸਾਂ ਅਤੇ ਝੂਠਾਂ ਨਾਲ ਪਿੱਛੇ ਰੱਖਣਾ ਚਾਹੁੰਦੇ ਹਨ। ਜੇਕਰ ਭਾਰਤ ਵਿੱਚ ਵੱਡੀਆਂ ਤਬਦੀਲੀਆਂ ਲਿਆਉਣੀਆਂ ਹਨ ਤਾਂ ਇਸ ਸਭ ਨੂੰ ਹੂੰਝ ਕੇ ਸੁੱਟਣ ਦੀ ਜਰੂਰਤ ਹੈ। ਮੁੱਖ ਧਾਰਾ ਭਾਰਤੀ ਮੀਡੀਆ ਅਕਸਰ ਸੱਚਾਈ ਪ੍ਰਕਾਸ਼ਤਿ ਨਹੀ ਕਰਦਾ, ਸਪਸ਼ਟ ਤੌਰ ਤੇ ਉਨ੍ਹਾਂ ਨੂੰ ਕੰਟਰੋਲ ਕਰਨ ਵਾਲੇ ਕਾਰਪੋਰੇਟਾਂ ਦੇ ਹਿਤਾਂ ਕਰਕੇ ਵੀ ਅਤੇ ਇਸ ਕਰਕੇ ਵੀ ਕਿ ਅਜਿਹਾ ਕਰਨ ਨਾਲ ਉਹਨਾਂ ਦੀ ਟੀ.ਆਰ.ਪੀ. ਨਹੀਂ ਵਧਦੀ।

ਵਾਤਾਵਰਣ ਦੇ ਮਸਲੇ

# ਮਨੁੱਖ ਜਾਤੀ ਲਈ ਇਕ ਨਵੀਂ ਚੁਣੌਤੀ : ਈ-ਕਚਰਾ

- ਸੁਖਮੰਦਰ ਸਿੰਘ ਤੂਰ

ਸੂਚਨਾ ਤਕਨੀਕ ਦੇ ਖੇਤਰ ਵਿਚ ਹੋ ਰਹੇ ਕ੍ਰਾਂਤੀਕਾਰੀ ਵਿਕਾਸ ਨੇ ਅਜੋਕੇ ਮਨੁੱਖ ਦੀ ਜ਼ਿੰਦਗੀ ਸੌਖੀ ਤੇ ਖ਼ੁਸ਼ਗਵਾਰ ਬਣਾ ਦਿੱਤੀ ਹੈ। ਇਸ ਸੂਚਨਾ ਤਕਨੀਕ ਨੇ ਉਸ ਲਈ ਗਿਆਨ ਦੇ ਕਈ ਨਵੇਂ ਦਿਸਹੱਦੇ ਖੋਲ੍ਹ ਦਿੱਤੇ ਹਨ, ਪਰ ਦੂਜੇ ਪਾਸੇ ਇਹ ਸੂਚਨਾ ਕ੍ਰਾਂਤੀ ਮਨੁੱਖ ਜਾਤੀ ਅਤੇ ਵਾਤਾਵਰਣ ਲਈ ਗੰਭੀਰ ਖਤਰੇ/ਚੁਣੌਤੀਆਂ ਵੀ ਖੜ੍ਹੇ ਕਰ ਰਹੀ ਹੈ। ਮੋਬਾਈਲ ਫੋਨ, ਕੰਪਿਊਟਰ, ਲੈਪਟਾਪ, ਫੈਕਸ ਤੇ ਟੀਵੀ ਵਰਗੇ ਸਾਧਨਾਂ ਦੇ ਅਤਿ-ਆਧੁਨਿਕ ਮਾਡਲ ਇਲੈਕਟ੍ਰਾਨਿਕ ਕਚਰੇ ਦੇ ਢੇਰਾਂ ਵਿਚ ਵਾਧਾ ਕਰ ਰਹੇ ਹਨ। ਬੇਕਾਰ ਹੋਈਆਂ ਇਲੈਕਟ੍ਰਾਨਿਕ ਵਸਤਾਂ ਦੇ ਢੇਰਾਂ ਨੂੰ ਹੀ ਸੰਖੇਪ ਵਿੱਚ ਈ-ਕਚਰਾ ਕਿਹਾ ਜਾਂਦਾ ਹੈ। ਇਸ 'ਈ-ਕਚਰੇ' ਨੇ ਪਹਿਲਾਂ ਹੀ ਮਲੀਨ ਚੌਗਿਰਦੇ ਨੂੰ ਹੋਰ ਮਲੀਨ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਦਾ ਸਮੁੱਚੀ ਕਾਇਨਾਤ 'ਤੇ ਮਾਰੂ ਅਸਰ ਪੈਣਾ ਸ਼ੁਰੂ ਹੋ ਗਿਆ ਹੈ। ਇਨ੍ਹਾਂ ਅਤਿ ਆਧੁਨਿਕ ਸੰਚਾਰ ਸਾਧਨਾਂ ਦੀ ਵਰਤੋਂ ਕਰਦਿਆਂ ਅੱਜ ਦਾ ਮਨੁੱਖ ਇਸ ਮਾਰੂ ਅਸਰ ਤੋਂ ਅਵੇਸਲਾ/ਬੇਖਬਰ ਹੈ। ਇਸ ਅਵੇਸਲੇਪਣ.'ਤੇ ਚਿੰਤਾ ਪ੍ਰਗਟ ਕਰਦਿਆਂ ਗੈਰ-ਸਰਕਾਰੀ ਸੰਗਠਨ ਗ੍ਰੀਨਪੀਸ ਨੇ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਹੁਣੇ ਹੀ ਇਸ "ਈ-ਕਚਰੇ" ਦੇ ਵਾਤਾਵਰਣ ਅਤੇ ਸਿਹਤ.'ਤੇ ਪੈ ਰਹੇ ਬੁਰੇ ਪ੍ਰਭਾਵਾਂ ਨੂੰ ਨਾ ਰੋਕਿਆ ਤਾਂ ਆਉਣ ਵਾਲੀਆਂ ਨਸਲਾਂ ਜੈਨੇਟਿਕ ਵਿਗਾੜਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਜਾਣਗੀਆਂ।

ਸੂਚਨਾ ਤਕਨੀਕਾਂ 'ਚ ਤੇਜ਼ੀ ਨਾਲ ਹੋ ਰਹੇ ਵਿਕਾਸ ਨੇ ਇਨ੍ਹਾਂ ਸਾਧਨਾਂ ਦੀ ਉਮਰ ਵੀ ਛੋਟੀ ਕਰ ਦਿੱਤੀ ਹੈ। 1980 'ਚ ਕੰਪਿਊਟਰ ਦੀ ਔਸਤ ਉਮਰ 10 ਸਾਲ ਮਿੱਥੀ ਗਈ ਸੀ, ਹੁਣ ਇਹ ਘਟ ਕੇ ਤਿੰਨ ਸਾਲ ਹੀ ਰਹਿ ਗਈ ਹੈ। ਨਵੇਂ ਤੋਂ ਨਵੇਂ ਆ ਰਹੇ ਮਾਡਲ ਇਸ ਉਮਰ ਨੂੰ ਹੋਰ ਵੀ ਛੋਟੀ ਕਰ ਰਹੇ ਹਨ। ਇਸ ਦੇ ਨਾਲ ਹੀ ਬੇਕਾਰ ਹੋ ਚੁੱਕੇ ਇਹ ਸਾਧਨ ਕਬਾੜ/ਕਚਰੇ ਨੂੰ ਵੀ ਵਧਾ ਰਹੇ ਹਨ। ਵਾਤਾਵਰਣ ਪ੍ਰਤੀ ਵਿਕਸਤ ਮੁਲਕਾਂ ਵਿਚ 'ਚ ਵਧ ਰਹੀ ਜਨ-ਚੇਤਨਾ ਰੀ-ਸਾਈਕਲਿੰਗ ਦੌਰਾਨ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਕਰਕੇ ਇਸ ਦੀ ਰੀ-ਸਾਈਕਲਿੰਗ ਉੱਤੇ ਇੱਥੋਂ ਦੀਆਂ ਸਰਕਾਰਾਂ ਨੂੰ ਪਾਬੰਦੀਆਂ ਲਾਉਣ ਲਈ ਮਜਬੂਰ ਕਰ ਰਹੀ ਹੈ। ਇਸੇ ਕਰਕੇ ਹੀ ਈ-ਕਚਰੇ ਦੇ ਵਿਕਸਤ ਦੇਸ਼ਾਂ ਅੰਦਰ ਅੰਬਾਰ ਲੱਗ ਰਹੇ ਹਨ। ਇਸ ਵਿਚੋਂ ਜ਼ਿਆਦਾਤਰ ਈ-ਵੇਸਟੇਜ਼ ਰੇਡੀਓ, ਟੀਵੀ, ਖਰਾਬ ਮੋਬਾਈਲ ਫੋਨ, ਕੰਪਿਊਟਰ ਅਤੇ ਹੋਰ ਆਫਿਸ ਯੰਤਰ, ਵੈਕਿਊਮ ਕਲੀਨਰ, ਏ.ਸੀ. ਗੀਜ਼ਰ, ਫਰਿੱਜ, ਘਰਾਂ ਵਿਚਲੇ ਬਿਜਲੀ ਉਪਕਰਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਨਾਂ ਕਰਕੇ ਜਮ੍ਹਾਂ ਹੋ ਰਿਹਾ ਹੈ।

ਦਿਨੋ-ਦਿਨ ਵਧ ਰਿਹਾ ਇਹ ਕਬਾੜ ਗ੍ਰੀਨ ਹਾਊਸ ਗੈਸਾਂ ਦੇ ਅਸਾਵੇਂਪਣ ਨੂੰ ਵਧਾ ਰਿਹਾ ਹੈ। ਇਹ ਅਸਾਵਾਂਪਣ ਓਜ਼ੋਨ ਪਰਤ ਦੇ ਵਧ ਰਹੇ ਸੁਰਾਖ ਨੂੰ ਰੋਕਣ 'ਚ ਵੱਡੀ ਰੁਕਾਵਟ ਪੈਦਾ ਕਰ ਰਿਹਾ ਹੈ। ਇਸ ਕਰਕੇ ਵਾਤਾਵਰਣ.'ਚ ਮਲੀਨਤਾ ਖਤਰੇ ਦੇ ਸਭ ਹੱਦਾਂ ਬੰਨੇ ਤੋੜ ਕੇ ਵਧ ਰਹੀ ਹੈ, ਜੋ ਮੌਸਮ ਵਿਚ ਹੈਰਾਨੀਜਨਕ ਤਬਦੀਲੀਆਂ ਦੇ ਨਾਲ-ਨਾਲ ਜੈਵਿਕ ਜੀਵਨ ਲਈ ਵੀ ਗੰਭੀਰ ਖਤਰੇ ਖੜ੍ਹੇ ਕਰ ਰਹੀ ਹੈ।

ਕੁਝ ਵਿਕਸਤ ਮੁਲਕ ਇਸ ਹਾਨੀਕਾਰਕ ਕਚਰੇ ਨੂੰ ਸਮੁੰਦਰ ਆਦਿ 'ਚ ਸੁੱਟਣ ਜਾਂ ਪੁਲਾੜ ਵਿਚ ਡੰਪ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ। ਇੰਝ ਕਰਨ ਨਾਲ ਸਮੁੰਦਰੀ ਵਾਤਾਵਰਣ ਤੇ ਜੀਵਨ ਲਈ ਗੰਭੀਰ ਮੁਸ਼ਕਲਾਂ ਖੜ੍ਹੀਆਂ ਹੋਣਗੀਆਂ। ਪੁਲਾੜ ਵਿਚ ਡੰਪ ਕਰਨ ਦਾ ਢੰਗ ਵੀ ਬੇਹੱਦ ਖਰਚੀਲਾ ਤੇ ਜ਼ੋਖਮ ਭਰਿਆ ਹੈ। ਯਕੀਨਨ ਦੇਰ ਸਵੇਰ ਇਸ ਦਾ ਪ੍ਰਤੀਕੂਲ ਅਸਰ ਵੀ ਤਾਂ ਵਾਤਾਵਰਣ 'ਤੇ ਹੀ ਹੋਣਾ ਹੈ। ਜਿਸ ਦਾ ਖਮਿਆਜ਼ਾ ਵੀ ਮਨੁੱਖ ਸਮੇਤ ਸਮੁੱਚੇ ਜੀਵ ਜਗਤ ਨੂੰ ਹੀ ਭੁਗਤਣਾ ਪੈਣਾ ਹੈ।

ਏਸ਼ੀਆਈ ਮੁਲਕਾਂ ਵਿਚ ਈ-ਕਬਾੜ ਜਮ੍ਹਾਂ ਕਰਨ ਦੀ ਪ੍ਰਵਿਰਤੀ ਜਿਸ ਕਦਰ ਵਧ ਰਹੀ ਹੈ, ਉਸ ਨਾਲ ਆਉਣ ਵਾਲੇ ਕੁਝ ਸਾਲਾਂ ਵਿਚ ਹੀ ਇਨ੍ਹਾਂ ਮੁਲਕਾਂ ਵਿੱਚ ਵਿਸਫੋਟਕ ਹਾਲਾਤ ਪੈਦਾ ਹੋਣ ਦਾ ਡਰ ਹੈ। ਸਮੱਸਿਆ ਇਹ ਨਹੀਂ ਹੈ ਕਿ ਵਿਕਸਤ ਮੁਲਕ ਦੁਨੀਆ ਦੇ ਗਰੀਬ ਤੇ ਵਿਕਾਸਸ਼ੀਲ ਮੁਲਕਾਂ ਨੂੰ ਆਪਣੇ ਈ-ਗਾਰਬੇਜ਼ ਦੇ ਡੰਪਿੰਗ ਯਾਰਡ ਵਜੋਂ ਵਰਤ ਰਹੇ ਹਨ, ਸਗੋਂ ਸਮੱਸਿਆ ਇਹ ਵੀ ਹੈ ਕਿ ਇਹ ਗਰੀਬ ਮੁਲਕ ਵੀ ਆਪਣੇ ਕਾਰਪੋਰੇਟ ਸੈਕਟਰ ਦੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਸਮੱਸਿਆ ਨੂੰ ਆਪ ਸੱਦਾ ਦੇ ਰਹੇ ਹਨ। ਇਸ ਕਬਾੜ 'ਚੋਂ ਕੰਮ ਦੇ ਕੁਝ ਪੁਰਜ਼ੇ ਮੁਫਤ 'ਚ ਕੱਢਣ ਫਿਰ ਇਸ ਦਾ ਚੋਖਾ ਮੁੱਲ ਪ੍ਰਾਪਤ ਕਰਨ ਦੀ ਵਧ ਰਹੀ ਲਾਲਸਾ ਵਾਤਾਵਰਣ ਪ੍ਰਦੂਸ਼ਣ ਨੂੰ ਹੋਰ ਵਿਗਾੜ ਕੇ ਮਨੁੱਖੀ ਜੀਵਨ ਲਈ ਗੰਭੀਰ ਖਤਰੇ ਖੜ੍ਹੇ ਕਰ ਸਕਦੀ ਹੈ। ਇਸ ਦਾ ਕਿਆਸ ਨਾ ਤਾਂ ਇਸ ਸੈਕਟਰ ਨੂੰ ਹੈ ਅਤੇ ਨਾ ਹੀ ਇਨ੍ਹਾਂ ਮੁਲਕਾਂ ਦੇ ਹਾਕਮਾਂ ਨੂੰ।

ਬਾਕੀ ਸਫਾ 40 'ਤੇ

# ਹਲਦੀ - ਸਿਹਤ ਲਈ ਗੁਣਕਾਰੀ

**ਡਾ. ਨਵਤੇਜ ਸਿੰਘ M.D. (Pathalogy)**

**ਪੌਦਿਆਂ ਤੋਂ ਮਿਲਣ ਵਾਲੇ ਕੁਝ ਵਿਸ਼ੇਸ਼ ਖਾਧ ਪਦਾਰਥਾਂ ਦੇ ਸਾਡੀ ਸਿਹਤ ਉੱਤੇ ਪੈਣ ਵਾਲੇ ਅਸਰਾਂ ਬਾਰੇ ਵਿਗਿਆਨਕ ਪੱਖੋਂ ਪ੍ਰਮਾਣਿਤ ਜਾਣਕਾਰੀ ਦੇਣ ਦੀ ਲੜੀ ਵਿੱਚ ਅਲਸੀ, ਲਸਣ ਅਤੇ ਅਦਰਕ ਤੋਂ ਬਾਅਦ ਇਸ ਵਾਰ ਹਲਦੀ ਬਾਰੇ ਦੱਸਿਆ ਜਾ ਰਿਹਾ ਹੈ**

**ਹਲਦੀ ਦਾ ਇਤਿਹਾਸ ਤੇ ਮਹੱਤਤਾ**

1. ਹਲਦੀ (Turmeric) ਭਾਰਤੀ ਉਪਮਹਾਂਦੀਪ ਦਾ ਇੱਕ ਅਟੁੱਟ ਹਿੱਸਾ ਹੈ। ਇਹ ਇੱਕ ਰਸੋਈ ਮਸਾਲਾ ਹੀ ਨਹੀਂ ਸਗੋਂ ਸਦੀਆਂ ਤੋਂ ਦਵਾਈ ਵਜੋਂ ਵੀ ਵਰਤੀ ਜਾਂਦੀ ਰਹੀ ਹੈ। ਆਯੁਰਵੇਦ ਵਿੱਚ ਹਲਦੀ ਨੂੰ "ਸੁਵਰਣ ਚੂਰਨ" ਕਿਹਾ ਗਿਆ ਹੈ, ਕਿਉਂਕਿ ਇਸ ਦਾ ਰੰਗ ਸੁਨਹਿਰਾ ਹੁੰਦਾ ਹੈ ਤੇ ਗੁਣ ਵੀ ਸੋਨੇ ਵਰਗੇ ਹੀ ਮੰਨੇ ਜਾਂਦੇ ਹਨ।

ਪੁਰਾਣੇ ਸਮਿਆਂ ਵਿੱਚ ਇਸਦਾ ਪ੍ਰਯੋਗ ਜਖ਼ਮ ਠੀਕ ਕਰਨ, ਚਮੜੀ ਦੀਆਂ ਬਿਮਾਰੀਆਂ, ਖੰਘ-ਜੁਕਾਮ, ਪੇਟ ਦਰਦ, ਜੋੜਾਂ ਦੀ ਸੋਜਸ਼ ਅਤੇ ਖ਼ੂਨ ਸਾਫ਼ ਕਰਨ ਲਈ ਕੀਤਾ ਜਾਂਦਾ ਸੀ। ਅੱਜ ਵੀ ਪੰਜਾਬੀ ਘਰਾਂ ਵਿੱਚ ਹਲਦੀ ਵਾਲਾ ਦੁੱਧ ਘਰੇਲੂ ਇਲਾਜ ਵਜੋਂ ਵਰਤਿਆ ਜਾਂਦਾ ਹੈ।

2. ਹਲਦੀ ਦਾ ਵਿਗਿਆਨਕ ਨਾਮ Curcuma longa ਹੈ। ਇਹ ਅਦਰਕ ਦੇ ਪਰਿਵਾਰ ਨਾਲ ਸੰਬੰਧਤ ਹੈ। ਇਸ ਦੀ ਜੜ੍ਹਾਂ ਦੇ ਗੱਠੇ (rhizomes) ਸੁੱਕਾ ਕੇ ਅਤੇ ਪੀਸ ਕੇ ਹਲਦੀ ਬਣਾਈ ਜਾਂਦੀ ਹੈ। ਭਾਰਤ ਵਿਸ਼ਵ ਵਿੱਚ ਹਲਦੀ ਦਾ ਸਭ ਤੋਂ ਵੱਡਾ ਉਤਪਾਦਕ ਹੈ।

**ਹਲਦੀ ਦੀ ਰਸਾਇਣਕ ਬਣਤਰ:**

ਹਲਦੀ ਪਾਊਡਰ ਵਿੱਚ 100 ਤੋਂ ਜਿਆਦਾ ਤੱਤ ਮਿਲਦੇ ਹਨ ਜਿਵੇਂ- ਕਾਰਬੋਹਾਈਡ੍ਰੇਟਸ, ਪ੍ਰੋਟੀਨ, ਚਰਬੀ, ਫਾਈਬਰ, ਤੇਲ ਅਤੇ ਤਿੰਨ ਤਰ੍ਹਾਂ ਦੇ ਕਰਕੁਮਿਨੋਇਡਜ਼।

• ਉਪਰੋਕਤ ਵਿੱਚੋਂ ਸਭ ਤੋਂ ਮਹੱਤਵਪੂਰਨ ਰਸਾਇਣਕ ਪਦਾਰਥ ਕਰਕੁਮਿਨੋਇਡਜ਼ ਹੁੰਦੇ ਹਨ ਤੇ ਅੱਗੇ ਇਸ ਵਿਚੋਂ ਕਰਕਿਊਮਿਨ (Curcumin) ਵੱਧ ਮਹੱਤਵਪੂਰਨ ਹੈ। ਹਲਦੀ ਵਿੱਚ ਮੌਜੂਦ ਸਿਹਤ ਸੰਬੰਧੀ ਗੁਣ ਮੁੱਖ ਤੌਰ ਤੇ ਉਪਰੋਕਤ ਕਰਕੁਮਿਨੋਇਡਜ਼/ਕਰਕਿਊਮਿਨ ਕਰਕੇ ਹੀ ਹੁੰਦੇ ਹਨ। ਕਰਕਿਊਮਿਨ ਇੱਕ ਪੀਲੇ-ਸੰਤਰੀ ਰੰਗ ਦਾ ਕੁਦਰਤੀ ਪਾਲੀਫੀਨੋਲ (polyphenol) ਤੱਤ ਹੈ ਜੋ ਕਿ ਖਾਣੇ/ ਸਬਜ਼ੀ/ ਦਾਲ ਨੂੰ ਕੁਦਰਤੀ ਪੀਲਾ ਰੰਗ ਦਿੰਦਾ ਹੈ।

**ਕਰਕਿਊਮਿਨ ਦੇ ਰਸਾਇਣਿਕ ਗੁਣ:**

ਕਰਕਿਊਮਿਨ ਇੱਕ ਚਰਬੀ-ਪ੍ਰੇਮੀ (Lipophilic) ਅਣੂ ਹੈ, ਜਿਸਦਾ ਅਰਥ ਇਹ ਹੈ ਕਿ ਇਹ ਪਾਣੀ ਵਿੱਚ ਨਹੀਂ ਘੁਲਦਾ ਪਰ ਤੇਲ/ਘਿਉ ਤੇ ਚਰਬੀ ਵਿੱਚ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਕਾਰਣ ਕਰਕਿਊਮਿਨ ਦਾ ਖ਼ੂਨ ਵਿੱਚ ਜਜ਼ਬ ਹੋਣਾ ਤੇਲ/ਚਰਬੀ ਦੇ ਸਾਥ ਨਾਲ ਹੀ ਸੰਭਵ ਹੁੰਦਾ ਹੈ।

**ਕਰਕਿਊਮਿਨ ਸਿਹਤ ਲਈ ਖ਼ਾਸ ਕਿਉਂ ਹੈ?**

ਕਰਕਿਊਮਿਨ ਐਂਟੀ-ਆਕਸੀਡੈਂਟ ਗੁਣਾਂ ਨਾਲ ਭਰਪੂਰ ਹੈ, ਜਿਸ ਕਰਕੇ ਇਹ ਸਰੀਰ ਵਿੱਚ ਬਣਨ ਵਾਲੇ ਖ਼ਤਰਨਾਕ 'ਫ੍ਰੀ ਰੈਡੀਕਲਜ਼' ਨੂੰ ਖ਼ਤਮ ਕਰਦਾ ਹੈ। ਇਸ ਵਿੱਚ ਸੋਜਿਸ਼-ਰੋਕੂ, ਬੈਕਟੀਰੀਆ-ਰੋਕੂ, ਵਾਇਰਸ-ਰੋਕੂ ਅਤੇ ਕੈਂਸਰ-ਰੋਕੂ ਗੁਣ ਹੁੰਦੇ ਹਨ। ਇਨ੍ਹਾਂ ਗੁਣਾਂ ਕਾਰਨ ਇਹ ਸ਼ੂਗਰ, ਕੈਂਸਰ, ਦਿਲ ਦੀਆਂ ਬਿਮਾਰੀਆਂ, ਜੋੜਾਂ ਦੀ ਸੋਜਸ਼, ਦਿਮਾਗੀ ਬਿਮਾਰੀਆਂ ਆਦਿ ਤੋਂ ਬਚਾਅ ਅਤੇ ਇਲਾਜ ਵਿੱਚ ਖ਼ਾਸ ਦਿਲਚਸਪੀ ਦਾ ਕੇਂਦਰ ਬਣ ਗਿਆ ਹੈ।

**ਕਰਕਿਊਮਿਨ ਦੇ ਆਮ ਸਿਹਤ-ਲਾਭ:**

1. **ਸੋਜਸ਼ ਘਟਾਉਣ ਵਾਲਾ** (Anti-inflammatory) **ਪ੍ਰਭਾਵ:** ਸੋਜਸ਼ ਸਰੀਰ ਦੀ ਕੁਦਰਤੀ ਰੱਖਿਆ ਪ੍ਰਕਿਰਿਆ ਹੈ। ਜਦੋਂ ਸਰੀਰ ਨੂੰ ਕੋਈ ਚੋਟ, ਇਨਫੈਕਸ਼ਨ ਜਾਂ ਬਿਮਾਰੀ ਲੱਗਦੀ ਹੈ ਤਾਂ ਸਰੀਰ ਸੋਜਸ਼ ਰਾਹੀਂ ਜ਼ਰੂਰੀ ਕੋਸ਼ਕਾਵਾਂ ਨੂੰ ਭੇਜ ਕੇ ਇਲਾਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਪਰ ਜੇ ਇਹ ਸੋਜਸ਼ ਲੰਬੇ ਸਮੇਂ ਲਈ ਚਲਦੀ ਰਹੇ ਤਾਂ ਇਹ ਦੀਰਘਕਾਲੀ ਬੀਮਾਰੀਆਂ ਜਿਵੇਂ ਦਿਲ ਦੀ ਬਿਮਾਰੀ, ਸ਼ੂਗਰ, ਗਠੀਆ, ਕੈਂਸਰ ਅਤੇ ਦਿਮਾਗੀ ਬਿਮਾਰੀਆਂ ਆਦਿ ਦਾ ਕਾਰਨ ਬਣ ਜਾਂਦੀ ਹੈ।

ਕਰਕਿਊਮਿਨ ਸੋਜਸ਼ ਪੈਦਾ ਕਰਨ ਵਾਲੇ ਖ਼ਾਸ ਰਸਾਇਣਕ ਪਦਾਰਥਾਂ ਨੂੰ ਰੋਕ ਕੇ ਸਰੀਰ ਵਿੱਚ ਸੋਜਸ਼ ਪੈਦਾ ਹੋਣ ਤੋਂ ਰੋਕਦਾ ਹੈ। ਇਸ ਤਰ੍ਹਾਂ ਇਹ ਦਰਦ-ਨਿਵਾਰਕ ਅਤੇ ਸੋਜਸ਼-ਰੋਕੂ ਦਵਾਈ ਦੀ ਤਰਜ਼ ਤੇ ਹੀ ਕੰਮ ਕਰਦੀ ਹੈ।

**2.ਦਰਦ ਨਿਵਾਰਕ ਪ੍ਰਭਾਵ:** ਕਰਕਿਊਮਿਨ ਖ਼ਾਸ ਰਸਾਇਣਕ ਵਿਚੋਲਿਆਂ ਦੀ ਗਤੀਵਿਧੀ ਘਟਾ ਕੇ ਸੋਜ਼ਸ਼ ਦੌਰਾਨ ਪੈਦਾ ਹੋਣ ਵਾਲੇ ਰਸਾਇਣਾਂ ਦੀ ਕਾਰਗੁਜ਼ਾਰੀ ਨੂੰ ਘਟਾਉਂਦਾ ਹੈ ਜੋ ਦਰਦ ਅਤੇ ਸੋਜਸ਼ ਦੇ ਮੁੱਖ ਕਾਰਨ ਹਨ। ਇਸ ਕਰਕੇ ਹਲਦੀ ਦਾ ਉਪਯੋਗ ਗਠੀਆ, ਮਾਸਪੇਸ਼ੀਆਂ ਦੇ ਦਰਦ, ਮਾਂਹਵਾਰੀ

ਦਰਦ ਆਦਿ ਵਿੱਚ ਰਾਹਤ ਦਿੰਦਾ ਹੈ।

**3. ਐਂਟੀ-ਆਕਸੀਡੈਂਟ (Anti-oxidant) ਪ੍ਰਭਾਵ:**

ਸਾਡੇ ਸਰੀਰ ਵਿੱਚ ਹਰ ਰੋਜ਼ ਖ਼ੁਰਾਕ ਵਿੱਚ ਰਲੇ ਜ਼ਹਿਰੀਲੇ ਤੱਤ, ਦਵਾਈਆਂ, ਧੁੱਪ, ਪ੍ਰਦੂਸ਼ਣ ਤੇ ਸਰੀਰਕ/ ਮਾਨਸਿਕ ਤਣਾਅ ਆਦਿ ਕਾਰਨ 'ਫ੍ਰੀ ਰੈਡੀਕਲਸ' ਨਾਂ ਦੇ ਖ਼ਤਰਨਾਕ ਅਣੂ ਬਣਦੇ ਹਨ। ਇਹ ਸਾਡੀਆਂ ਕੋਸ਼ਕਾਵਾਂ, ਡੀ.ਐਨ.ਏ (DNA) ਅਤੇ ਪ੍ਰੋਟੀਨ ਨੂੰ ਨੁਕਸਾਨ ਪਹੁੰਚਾ ਕੇ ਕਈ ਬਿਮਾਰੀਆਂ ਅਤੇ ਜਲਦੀ ਬੁਢਾਪੇ ਦਾ ਕਾਰਨ ਬਣਦੇ ਹਨ।

ਕਰਕਿਊਮਿਨ ਇਨ੍ਹਾਂ 'ਫ੍ਰੀ ਰੈਡੀਕਲਸ' ਨੂੰ ਖ਼ਤਮ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਦੇ ਨਾਲ ਨਾਲ ਇਹ ਸਰੀਰ ਵਿੱਚ ਐਂਟੀ-ਆਕਸੀਡੈਂਟ ਐਨਜ਼ਾਈਮਜ਼ ਨੂੰ ਵੀ ਸਰਗਰਮ ਕਰਕੇ ਬਹੁਤ ਸਾਰੀਆਂ ਬੀਮਾਰੀਆਂ ਪੈਦਾ ਹੋਣ ਜਾਂ ਫਿਰ ਵਧਣ ਤੋਂ ਰੋਕਣ ਚ ਰੋਲ ਅਦਾ ਕਰਦਾ ਹੈ।

ਇਸ ਤਰ੍ਹਾਂ ਹਲਦੀ ਇੱਕ 'ਕੁਦਰਤੀ ਰੱਖਵਾਲਾ' ਹੈ। ਸਰੀਰ ਦੀ ਰੋਗ-ਪ੍ਰਤੀਰੋਧਕ ਤਾਕਤ (immunity) ਨੂੰ ਵਧਾ ਕੇ ਸਾਡੀਆਂ ਕੋਸ਼ਕਾਵਾਂ ਨੂੰ ਬੁਢਾਪੇ, ਕੈਂਸਰ ਅਤੇ ਦਿਲ ਦੀਆਂ ਤੇ ਹੋਰ ਬਿਮਾਰੀਆਂ ਤੋਂ ਬਚਾਉਣ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ।

**4.ਬੈਕਟੀਰੀਆ ਅਤੇ ਵਾਇਰਸ ਰੋਕੂ ਪ੍ਰਭਾਵ (Anti-microbial & Anti-viral):**

ਹਲਦੀ ਨੂੰ ਸਦੀਆਂ ਤੋਂ ਇਨਫੈਕਸ਼ਨ ਰੋਕਣ ਲਈ ਵਰਤਿਆ ਜਾਂਦਾ ਹੈ। ਕਰਕਿਊਮਿਨ ਬੈਕਟੀਰੀਆ ਤੇ ਫੰਗਸ ਵਿਰੋਧੀ ਹੋਣ ਕਾਰਨ ਇਹਨਾਂ ਤੋਂ ਪੈਦਾ ਹੋਣ ਵਾਲ਼ੀਆਂ ਬੀਮਾਰੀਆਂ ਨੂੰ ਰੋਕਣ ਚ ਸਹਾਈ ਹੁੰਦਾ ਹੈ।

ਇਸ ਦੇ ਨਾਲ ਨਾਲ ਕਰਕਿਊਮਿਨ ਵਾਇਰਸ ਵਿਰੋਧੀ ਵੀ ਹੈ ਅਤੇ ਇਹ ਵਾਇਰਸ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਜਿਵੇਂ ਇਨਫਲੂਐਂਜ਼ਾ, ਹੈਪੇਟਾਈਟਿਸ, HIV, ਅਤੇ COVID-19 ਆਦਿ ਵਿੱਚ ਵੀ ਪ੍ਰਭਾਵਸ਼ਾਲੀ ਸਾਬਤ ਹੋਇਆ ਹੈ।

**5.ਜ਼ਖ਼ਮ ਭਰਨ ਅਤੇ ਚਮੜੀ ਦੀ ਸਿਹਤ:**

ਪੁਰਾਣੇ ਸਮਿਆਂ ਤੋਂ ਮੰਨਿਆ ਜਾਂਦਾ ਹੈ ਕਿ ਛੋਟੇ ਜ਼ਖ਼ਮਾਂ ਤੇ ਹਲਦੀ ਦਾ ਲੇਪ ਲਗਾਉਣ ਨਾਲ ਇਨਫੈਕਸ਼ਨ ਨਹੀਂ ਹੁੰਦੀ ਤੇ ਜ਼ਖਮ ਤੇਜ਼ੀ ਨਾਲ ਭਰਦੇ ਹਨ। ਇਸ ਦੇ ਪਿੱਛੇ ਵੀ ਵਿਗਿਆਨਕ ਕਾਰਨ ਹਨ।

ਕਰਕਿਊਮਿਨ ਜ਼ਖਮ ਵਾਲੀ ਥਾਂ ਨਵੀਆਂ ਖ਼ੂਨ ਧਮਣੀਆਂ ਬਣਾਉਣ (angiogenesis) ਵਿੱਚ ਮਦਦ ਕਰਦਾ ਹੈ। ਇਹ ਕੋਲਾਜਨ (Collagen) ਪ੍ਰੋਟੀਨ ਦੀ ਉਤਪੱਤੀ ਵਧਾਉਂਦਾ ਹੈ ਜੋ ਚਮੜੀ ਦੀ ਸਿਹਤ ਅਤੇ ਜ਼ਖ਼ਮ ਭਰਨ ਲਈ ਜ਼ਰੂਰੀ ਹੈ। ਇਹ ਚਮੜੀ ਦੀਆਂ ਬੀਮਾਰੀਆਂ ਜਿਵੇਂ ਮੁਹਾਂਸੇ, ਸੋਰੀਆਸਿਸ (Psoriasis), ਐਕਜ਼ੀਮਾ (Eczema) ਵਿੱਚ ਵੀ ਲਾਭਕਾਰੀ ਹੈ।

ਕਰਕਿਊਮਿਨ ਚਮੜੀ ਨੂੰ ਸੁੰਦਰ, ਚਮਕਦਾਰ ਤੇ ਤੰਦਰੁਸਤ ਰੱਖਣ ਵਿੱਚ ਮਦਦ ਕਰਦਾ ਹੈ। ਵਿਆਹਾਂ ਵਿੱਚ ਮੁੰਡੇ-ਕੁੜੀ ਦੇ ਹਲਦੀ ਮਿਲਿਆ ਵਟਣਾ ਇਸੇ ਲਈ ਮਲਿਆ ਜਾਂਦਾ ਸੀ ਕਿ ਚਮੜੀ ਸੁੰਦਰ ਅਤੇ ਨਿਖਰ ਜਾਵੇ।

**6.ਪਾਚਣ-ਤੰਤਰ ਦੀ ਸਿਹਤ:**

ਹਲਦੀ ਪੇਟ ਦੀਆਂ ਬਿਮਾਰੀਆਂ ਲਈ ਵਰਤੀ ਜਾਂਦੀ ਰਹੀ ਹੈ। ਇਹ ਪੇਟ ਤੇ ਆਂਤੜੀਆਂ ਵਿੱਚ ਮੌਜੂਦ ਸੂਖਮ ਜੀਵ ਸੰਸਾਰ ਨੂੰ ਸਾਵਾਂ ਕਰਕੇ ਬਹੁਤ ਸਾਰੀਆਂ ਬੀਮਾਰੀਆਂ ਤੋਂ ਬਚਾਉਂਦਾ ਹੈ।

ਪਾਠਕਾਂ ਲਈ ਇਹ ਜਾਣਨਾ ਜਰੂਰੀ ਹੈ ਕਿ ਸਾਡੇ ਪੇਟ ਤੇ ਆਂਤੜੀਆਂ ਵਿੱਚ ਖਰਬਾਂ ਦੀ ਤਦਾਦ ਵਿਚ ਸੂਖਮ ਜੀਵ (ਬੈਕਟੀਰੀਆ, ਵਾਇਰਸ, ਫੰਗਸ) ਰਹਿੰਦੇ ਹਨ ਜਿਹਨਾਂ ਨੂੰ ਮਾਈਕ੍ਰੋਬਾਇਓਮ ਕਿਹਾ ਜਾਂਦਾ ਹੈ। ਇਹ ਸੂਖਮ ਜੀਵ ਸਿਰਫ਼ ਖੁਰਾਕ ਹਜ਼ਮ ਹੀ ਨਹੀਂ ਕਰਦੇ ਬਲਕਿ ਸਾਡੇ ਇਮਿਊਨ ਸਿਸਟਮ ਮਜ਼ਬੂਤ ਕਰਦੇ ਹਨ, ਵਿਟਾਮਿਨ ਬਣਾਉਂਦੇ ਹਨ, ਸੋਜ ਤੇ ਕੈਂਸਰ ਨੂੰ ਰੋਕਣ ਵਿੱਚ ਭੂਮਿਕਾ ਨਿਭਾਉਂਦੇ ਹਨ ਅਤੇ ਦਿਮਾਗ ਨਾਲ ਸਿੱਧਾ ਸੰਚਾਰ ਕਰਦੇ ਹਨ।

ਜਦੋਂ ਇਸ ਸੂਖਮ ਜੀਵ ਸੰਸਾਰ ਦਾ ਇਹ ਸੰਤੁਲਨ ਖਰਾਬ ਹੋ ਜਾਂਦਾ ਹੈ ਤਾਂ ਸ਼ੂਗਰ, ਮੋਟਾਪਾ, ਡਿਪ੍ਰੈਸ਼ਨ, ਸਵੈ-ਪ੍ਰਤੀਰੋਧਕ ਰੋਗ, ਆਂਤੜੀਆਂ ਦਾ ਰਿਸਾਅ, ਆਂਤੜੀਆਂ ਦੀ ਸੋਜਸ਼ ਤੇ ਜ਼ਖ਼ਮ ਆਦਿ ਬੀਮਾਰੀਆਂ ਪੈਦਾ ਹੋਣ ਲਗਦੀਆਂ ਹਨ।

ਅੰਤੜੀ ਵਿਚੋਂ ਕਰਕਿਊਮਿਨ ਦਾ ਬਹੁਤਾ ਹਿੱਸਾ ਜ਼ਜ਼ਬ ਨਹੀਂ ਹੁੰਦਾ ਤੇ ਇਹ ਅੰਤੜੀ ਦੇ ਸਿਹਤਮੰਦ ਬੈਕਟੀਰੀਆ ਵਿੱਚ ਵਾਧਾ ਕਰਕੇ ਤੇ ਬੁਰੇ ਬੈਕਟੀਰੀਆ ਘੱਟ ਕਰਕੇ ਆਂਤੜੀਆਂ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਲਿਆਉਂਦਾ ਹੈ; ਅਜੀਰਣ, ਗੈਸ, ਤੇਜ਼ਾਬੀਅਤ ਠੀਕ ਕਰਦਾ ਹੈ ਅਤੇ ਆਂਤੜੀਆਂ ਦੀਆਂ ਹੋਰ ਬੀਮਾਰੀਆਂ ਤੋਂ ਬਚਾਅ ਕਰਦਾ ਹੈ ।

**ਅਲਜ਼ਾਈਮਰ ਅਤੇ ਦਿਮਾਗੀ ਬਿਮਾਰੀਆਂ**

ਅਲਜ਼ਾਈਮਰ ਇੱਕ ਐਸੀ ਬਿਮਾਰੀ ਹੈ ਜਿਸ ਵਿੱਚ ਯਾਦਦਾਸ਼ਤ ਅਤੇ ਸੋਚਣ ਦੀ ਸਮਰੱਥਾ ਹੌਲੀ ਹੌਲੀ ਘਟਦੀ

ਹੈ। ਅਧਿਐਨ ਦਸਦੇ ਹਨ ਕਿ ਰੋਜ਼ਾਨਾ ਖਾਣੇ ਵਿੱਚ ਹਲਦੀ ਵਰਤਣ ਕਾਰਨ ਭਾਰਤੀ ਲੋਕਾਂ ਵਿੱਚ ਪੱਛਮੀ ਦੇਸ਼ਾਂ ਮੁਕਾਬਲੇ ਅਲਜ਼ਾਈਮਰ ਦਾ ਖ਼ਤਰਾ ਘੱਟ ਮਿਲਿਆ ਹੈ। ਕਰਕਿਊਮਿਨ ਦਿਮਾਗ ਵਿੱਚ ਐਮੀਲੋਇਡ ਪਲੇਕ ਨਾਮ ਦਾ ਪਦਾਰਥ ਬਣਨ ਤੋਂ ਰੋਕਦਾ ਹੈ ਜੋ ਅਲਜ਼ਾਈਮਰ ਦਾ ਮੁੱਖ ਕਾਰਣ ਮੰਨਿਆ ਜਾਂਦਾ ਹੈ

**ਹਲਦੀ ਕਿਵੇਂ ਲਈ ਜਾਵੇ:**

• ਹਲਦੀ ਸੰਬੰਧੀ ਮੁਸੀਬਤ ਇਹ ਹੈ ਕਿ ਇਸ ਵਿਚਲਾ ਮਹੱਤਵਪੂਰਨ ਤੱਤ ਕਰਕਿਊਮਿਨ ਕਈ ਕਾਰਨਾਂ ਕਰਕੇ ਅੰਤੜੀ ਚੋਂ ਜਜ਼ਬ ਹੀ ਨਹੀਂ ਹੁੰਦਾ ਤੇ ਇਸਦੀ ਜੀਵ-ਉਪਲਬਧਤਾ (bioavailability) ਬਹੁਤ ਘੱਟ ਹੈ ਯਾਨੀ ਖਾਣ ਤੋਂ ਬਾਅਦ 90% ਹਿੱਸਾ ਪਖਾਨੇ ਰਾਹੀਂ ਬਾਹਰ ਨਿਕਲ ਜਾਂਦਾ ਹੈ ਤੇ ਇਸਦੀ ਬਹੁਤ ਘੱਟ ਮਾਤਰਾ (2-3%) ਹੀ ਖ਼ੂਨ ਤੱਕ ਪਹੁੰਚਦੀ ਹੈ। ਇਸਦਾ ਮਤਲਬ ਹੈ ਕਿ ਜੇ ਇੱਕ ਚਮਚ ਹਲਦੀ ਵਿੱਚ ਮੌਜੂਦ ਲਗਭਗ 200 ਮਿਲੀਗ੍ਰਾਮ ਕਰਕੁਮਿਨ ਵਿੱਚੋਂ ਕੇਵਲ 4 - 6 ਮਿਲੀ ਗ੍ਰਾਮ ਹੀ ਸਰੀਰ ਜ਼ਜ਼ਬ ਕਰ ਸਕਦਾ ਹੈ।

**ਕਰਕਿਊਮਿਨ ਦੀ ਜੀਵ-ਉਪਲਬਧਤਾ (bioavailability) ਵਧਾਉਣ ਦੇ ਤਰੀਕੇ:**

1. ਕਾਲੀ ਮਿਰਚ ਨਾਲ:

ਕਾਲੀ ਮਿਰਚ ਵਿੱਚ Piperine ਨਾਮਕ ਤੱਤ ਹੁੰਦਾ ਹੈ ਜੋ ਕਰਕਿਊਮਿਨ ਦੀ ਜਜ਼ਬੀਅਤ ਵਧਾ ਕੇ ਇਸਦੀ ਜੀਵ-ਉਪਲਬਧਤਾ ਕਰੀਬ 20 ਗੁਣਾ ਵੱਧ ਜਾਂਦੀ ਹੈ

2. ਕਰਕਿਊਮਿਨ ਚਰਬੀ-ਪ੍ਰੇਮੀ ਅਣੂ ਹੋਣ ਕਰਕੇ ਪਾਣੀ ਨਾਲ ਲੈਣ ਦੀ ਬਜਾਇ ਇਸਨੂੰ ਘੀ, ਸਰਸੋਂ ਤੇਲ, ਨਾਰੀਅਲ ਤੇਲ ਨਾਲ ਪਕਾ ਕੇ ਖਾਣ ਨਾਲ ਜਾਂ ਸੁੱਕੇ ਮੇਵੇ, ਦੁੱਧ ਜਾਂ ਅੰਡੇ ਨਾਲ ਲੈਣ ਨਾਲ ਕਰਕਿਊਮਿਨ ਦੀ ਜੈਵ-ਉਪਲਬਧਤਾ ਵਧਦੀ ਹੈ।

ਹਲਦੀ ਪਾਊਡਰ ਤੇ ਕਾਲੀ ਮਿਰਚ ਨੂੰ ਹੇਠ ਦਿੱਤੇ ਅਨੁਪਾਤ 'ਚ ਗਰਮ ਦੁੱਧ ਜਾਂ ਫਿਰ ਦਹੀਂ ਵਿੱਚ ਮਿਲਾ ਕੇ ਲਿਆ ਜਾ ਸੱਕਦਾ ਹੈ। ਮਾਤਰਾ ਅਨੁਪਾਤ ਕਾਲੀ ਮਿਰਚ: ਹਲਦੀ/1:20

**ਸੁਰੱਖਿਅਤ ਮਾਤਰਾ:**

• ਵਿਗਿਆਨਕ ਅਧਿਐਨਾਂ ਅਨੁਸਾਰ ਹਲਦੀ ਪਾਊਡਰ ਦੀ ਰੋਜ਼ਾਨਾ ਮਾਤਰਾ 2-5 ਗ੍ਰਾਮ (ਲਗਭਗ 1 ਚਮਚ) ਸੁਰੱਖਿਅਤ ਹੈ। ਇਸ ਤੋਂ ਵੱਧ ਮਾਤਰਾ ਲੈਣ ਨਾਲ ਕੁਝ ਲੋਕਾਂ ਵਿੱਚ ਪੇਟ ਫੁੱਲਣਾ, ਦਸਤ ਜਾਂ ਐਸਿਡਿਟੀ ਹੋ ਸਕਦੀ ਹੈ।

**ਫੋਨ- 94632 32244**

**ਸਫਾ 37 ਦੀ ਬਾਕੀ**

ਸਿਹਤ ਵਿਗਿਆਨੀਆਂ ਅਨੁਸਾਰ ਈ-ਕਚਰੇ ਵਿਚ ਕਈ ਤਰ੍ਹਾਂ ਦੇ ਨੁਕਸਾਨਦੇਹ ਰਸਾਇਣਕ ਪਦਾਰਥ ਹੁੰਦੇ ਹਨ, ਜਿਹੜੇ ਮਨੁੱਖੀ ਸਰੀਰ ਲਈ ਖਤਰਨਾਕ ਹਨ। ਆਰਸੈਨਿਕ, ਬੇਰੀਅਮ, ਲੈੱਡ, ਲਿਥੀਅਮ, ਪਾਰਾ, ਜ਼ਿੰਕ ਆਦਿ ਤੱਤ ਖਾਸ ਕਰਕੇ ਇਸ ਕਚਰੇ ਵਿਚ ਹੁੰਦੇ ਹਨ। ਆਰਸੈਨਿਕ ਨਾਲ ਚਮੜੀ ਰੋਗ ਅਤੇ ਫੇਫੜਿਆਂ ਦਾ ਕੈਂਸਰ ਹੋਣ ਦਾ ਡਰ ਹੁੰਦਾ ਹੈ। ਬੇਰੀਅਮ ਹਵਾ ਵਿਚਲੀ ਆਕਸੀਜਨ ਨਾਲ ਕ੍ਰਿਆ ਕਰਕੇ ਜ਼ਹਿਰੀਲਾ ਪਦਾਰਥ ਬੇਰੀਅਮ ਅਕਸਾਈਡ ਬਣਾਉਂਦਾ ਹੈ। ਇਹ ਦਿਮਾਗ ਦੀ ਸੋਜ, ਮਾਸਪੇਸ਼ੀਆਂ ਦੀ ਕਮਜ਼ੋਰੀ, ਜਿਗਰ ਅਤੇ ਦਿਲ ਨੂੰ ਨੁਕਸਾਨ ਅਤੇ ਬਲੱਡ ਪ੍ਰੈਸ਼ਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਕਾਰਨ ਬਣਦਾ ਹੈ। ਕੈਡਮੀਅਮ ਗੁਰਦਿਆਂ ਦਾ ਨੁਕਸਾਨ ਕਰਦਾ ਹੈ। ਇਸ ਦੇ ਥੋੜ੍ਹੇ ਜਿਹੇ ਅਸਰ ਨਾਲ ਹੀ ਕਮਜ਼ੋਰੀ, ਬੁਖਾਰ, ਸਿਰਦਰਦ ਅਤੇ ਮਾਸਪੇਸ਼ੀਆਂ.'ਚ ਦਰਦ ਹੋਣ ਲੱਗਦਾ ਹੈ। ਲੈੱਡ (ਸਿੱਕਾ) ਮਸਤਕ ਅਤੇ ਕੇਂਦਰੀ ਨਾੜੀ-ਤੰਤਰ ਨੂੰ ਨੁਕਸਾਨ ਪਹੁੰਚਾਉਣ ਤੋਂ ਇਲਾਵਾ ਗੁਰਦਿਆਂ ਦਾ ਨੁਕਸਾਨ ਕਰਦਾ ਹੈ। ਇਹ ਬੱਚਿਆਂ ਦੇ ਦਿਮਾਗੀ ਵਿਕਾਸ 'ਚ ਵੱਡੀ ਰੁਕਾਵਟ ਵੀ ਪਾਉਂਦਾ ਹੈ। ਕ੍ਰੋਮੀਅਮ ਧਾਤ ਮਨੁੱਖੀ ਡੀਐਨਏ ਲਈ ਘਾਤਕ ਹੈ। ਮੋਨੀਟਰ ਅਤੇ ਟੀਵੀ ਸਕਰੀਨ ਦੇ ਨਿਰਮਾਣ ਲਈ ਵਰਤੀ ਜਾਂਦੀ ਚਮਕੀਲੀ ਬੇਰੀਅਮ ਦਿਮਾਗੀ ਸੋਜ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਅਤੇ ਜਿਗਰ ਦੀਆਂ ਬਿਮਾਰੀਆਂ ਪੈਦਾ ਕਰਦੀ ਹੈ।

ਇਸ ਕਬਾੜ ਦੇ ਗੰਭੀਰ ਖਤਰਿਆਂ ਬਾਰੇ ਲੋਕਾਂ ਅੰਦਰ ਵਧ ਰਹੀ ਚੇਤਨਤਾ ਕਰਕੇ ਵਧੇਰੇ ਮੁਲਕਾਂ 'ਚ ਇਸ ਕਬਾੜ ਨੂੰ ਲੋਕ ਹਿੱਤੂ ਢੰਗ ਅਨੁਸਾਰ ਟਿਕਾਣੇ ਲਗਾਉਣ ਦੇ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ। ਭਾਰਤ ਵਿੱਚ ਵੀ ਖਤਰਨਾਕ ਕਚਰੇ ਨਾਲ ਨਿਪਟਣ ਲਈ ਕੁਝ ਨਿਯਮ ਹਨ, ਪਰ ਈ-ਕਚਰੇ ਦੇ ਸਬੰਧ ਵਿੱਚ ਇਹ ਨਿਯਮ ਸਪੱਸ਼ਟ ਨਹੀਂ ਹਨ। ਇਸ ਲਈ ਇੱਥੇ ਇਸ ਕਚਰੇ ਦੇ ਅੰਬਾਰ ਲੱਗ ਰਹੇ ਹਨ। ਭਾਰਤੀ ਸੁਪਰੀਮ ਕੋਰਟ ਨੇ ਇਕ ਫੈਸਲੇ ਰਾਹੀਂ ਇਸ ਤਰ੍ਹਾਂ ਦੇ ਖਤਰਨਾਕ ਈ-ਕਚਰੇ ਦੇ ਬਾਹਰੋਂ ਆਏ ਹਰ ਕੰਟੇਨਰ ਦੀ ਬਾਰੀਕੀ ਨਾਲ ਜਾਂਚ ਕਰਨ ਦੇ ਆਦੇਸ਼ ਦਿੱਤੇ ਹਨ। ਇਸ ਕੂੜੇ ਦੇ ਨਿਪਟਾਰੇ ਲਈ ਲਈ ਸਰਕਾਰ ਕਾਰਗਰ ਨੇਮ ਨੀਤੀ ਨਿਰਧਾਰਤ ਕਰਨ ਲਈ ਈ-ਵੇਸਟ ਮੈਨੇਜਮੈਂਟ ਨਿਯਮ ਜਲਦੀ ਹੋਂਦ ਵਿਚ ਲਿਆਵੇ ਅਤੇ ਇਸ ਦੀ ਗੈਰ-ਕਾਨੂੰਨੀ ਆਮਦ ਸਖਤੀ ਨਾਲ ਬੰਦ ਕਰੇ। ਇਸ ਬਾਰੇ ਜਨ-ਚੇਤਨਾ ਉਸਾਰਨੀ ਵੀ ਸਮੇਂ ਦੀ ਗੰਭੀਰ ਲੋੜ ਹੈ।

ਪੜ੍ਹਨਯੋਗ ਪੁਸਤਕਾਂ

# ਲਹੂ ਲੁਹਾਨ, ਵੰਡਿਆ, ਵੱਢਿਆ ਟੁੱਕਿਆ ਪੰਜਾਬ

**ਰਣਧੀਰ ਗਿੱਲਪੱਤੀ**

ਲਹਿੰਦੇ ਪੰਜਾਬ ਦੇ ਸਿੱਖਿਆ ਸ਼ਾਸਤਰੀ ਡਾਕਟਰ ਇਸ਼ਤਿਆਕ ਅਹਿਮਦ ਵੱਲੋਂ 1947 ਦੇ ਬਟਵਾਰੇ ਦੌਰਾਨ ਵੱਡੀ ਪੱਧਰ ਉੱਤੇ ਹੋਏ ਨਰ-ਸੰਘਾਰ ਬਾਰੇ ਲਿਖੀ ਗਈ ਵੱਡ ਅਕਾਰੀ ਪੁਸਤਕ ਦਾ ਗੁਰਮੁਖੀ ਲਿਪੀ ਵਿਚ ਕੀਤਾ ਗਿਆ ਤਰਜਮਾ ਪੰਜਾਬੀ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਹੋਇਆ ਹੈ।




ਲਾਹੌਰ ਦੀ ਪ੍ਰਬੰਧਕੀ ਵਿਗਿਆਨ ਯੂਨੀਵਰਸਿਟੀ ਦੇ ਮਹਿਮਾਨ ਪ੍ਰੋਫੈਸਰ, ਫਿਰ ਸਟੌਕਹੋਮ (ਸਵੀਡਨ) ਯੂਨੀਵਰਸਿਟੀ ਵਿੱਚ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਅਤੇ ਬਾਅਦ ਵਿੱਚ ਸਿੰਘਾਪੁਰ ਨੈਸ਼ਨਲ ਯੂਨੀਵਰਸਟੀ ਦੇ ਦੱਖਣੀ ਏਸ਼ੀਆਈ ਅਧਿਐਨ ਵਿਭਾਗ ਨਾਲ ਜੁੜੇ ਰਹੇ ਡਾਕਟਰ ਇਸ਼ਤਿਆਕ ਨੇ ਇਸ ਪੁਸਤਕ ਵਿੱਚ ਮਨੁੱਖੀ ਇਤਿਹਾਸ ਦੇ ਹੌਲਨਾਕ ਕਤਲੇਆਮ ਦੇ ਲੂੰ ਕੰਡੇ ਖੜੇ ਕਰਨ ਵਾਲੇ ਵੇਰਵੇ ਦਰਜ ਕੀਤੇ ਹਨ। ਉਹਨਾਂ ਨੇ ਆਪਣੀ ਸਿਰੜੀ ਖੋਜ ਦਾ ਆਧਾਰ ਭਾਰਤ ਵਿੱਚ ਬਰਤਾਨਵੀ ਹਕੂਮਤ ਦੇ ਅਹਿਮ ਗੁਪਤ ਦਸਤਾਵੇਜਾਂ ਅਤੇ ਵਿਸ਼ੇਸ਼ ਤੌਰ 'ਤੇ ਸਾਂਝੇ ਪੰਜਾਬ ਦੇ ਤਤਕਾਲੀ ਗਵਰਨਰ ਸਰ ਈਵਾਨ ਜੈਨਕਿਨਸ ਦੀਆਂ ਵਾਇਸਰਾਏ ਨੂੰ ਭੇਜੀਆਂ ਪੰਦਰਵਾੜਾ ਰਿਪੋਰਟਾਂ ਅਤੇ ਇਸ ਕਹਿਰੀ ਦੁਖਾਂਤ ਨੂੰ ਖੁਦ ਹੱਡੀ ਹੰਡਾਉਣ ਵਾਲੇ ਪੀੜਤਾਂ ਜਾਂ ਉਹਨਾਂ ਦੀ ਅਗਲੀ ਪੀੜ੍ਹੀ ਦੇ ਵਾਰਸਾਂ ਨਾਲ ਕੀਤੀਆਂ ਮੁਲਾਕਾਤਾਂ ਨੂੰ ਬਣਾਇਆ ਹੈ। ਕਿਤਾਬ ਵਿੱਚ ਸਿਰਜੇ ਗਏ ਬਿਰਤਾਂਤ ਦੀ ਸ਼ਲਾਘਾਯੋਗ ਗੱਲ ਇਹ ਹੈ ਕਿ ਲੇਖਕ ਨੇ ਘਟਨਾਵਾਂ ਦੀ ਚੀਰ ਫਾੜ ਨਿਰਪੱਖਤਾ ਨਾਲ ਕੀਤੀ ਹੈ।

ਡਾ. ਇਸ਼ਤਿਆਕ ਨੇ ਹਿੰਦੂ, ਮੁਸਲਿਮ ਅਤੇ ਸਿੱਖ ਭਾਈਚਾਰਿਆਂ ਦੇ ਲੱਖਾਂ ਨਿਰਦੋਸ਼ ਲੋਕਾਂ ਦੇ ਹੋਏ ਵਹਿਸ਼ੀ ਫਿਰਕੂ ਕਤਲੇਆਮ ਦਾ ਸਨਸਨੀਖੇਜ਼ ਸ਼ਬਦ ਚਿਤਰਨ ਕਰਦਿਆਂ ਇਸ ਦੁਖਾਂਤ ਲਈ ਤਿੰਨਾਂ ਹੀ ਫਿਰਕਿਆਂ ਦੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਤਨਜ਼ੀਮਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਇਸ ਫਿਰਕੂ ਕਤਲੇਆਮ ਤੋਂ ਪਹਿਲਾਂ ਅਮਨ ਅਮਾਨ ਨਾਲ ਰਹਿ ਰਹੇ ਤਿੰਨਾਂ ਭਾਈਚਾਰਿਆਂ ਦੇ ਆਮ ਲੋਕਾਂ ਵਿੱਚ ਕੋਈ ਤਣਾਅ ਨਹੀਂ ਸੀ। ਦੇਸ਼ ਦੇ ਬਟਵਾਰੇ ਦੀਆਂ ਕਨਸੋਆਂ ਦੌਰਾਨ ਫਿਰਕੂ ਜਥੇਬੰਦੀਆਂ ਨੂੰ ਫਿਰਕੂ ਜ਼ਹਿਰ ਘੋਲਣ ਦਾ ਮੌਕਾ ਮਿਲ ਗਿਆ। ਮਾਰਚ ਤੋਂ ਨਵੰਬਰ 1947 ਤੱਕ ਚਲੇ ਕਤਲੇਆਮ ਦੌਰਾਨ ਆਮ ਤੌਰ ਉੱਤੇ ਗੁਆਂਢ ਵਸਦੇ ਦੂਸਰੇ ਭਾਈਚਾਰੇ ਦੇ ਲੋਕਾਂ ਉੱਪਰ ਕਿਸੇ ਗੁਆਂਢੀ ਨੇ ਹਮਲਾ ਨਹੀਂ ਕੀਤਾ ਬਲਕਿ ਕਤਲੇਆਮ ਨੂੰ ਬਾਹਰਲੇ ਇਲਾਕਿਆਂ ਤੋਂ ਆਈਆਂ ਭੀੜਾਂ ਨੇ ਅੰਜ਼ਾਮ ਦਿੱਤਾ। ਇਹਨਾਂ ਭੀੜਾਂ ਦੀ ਅਗਵਾਈ ਪੇਸ਼ੇਵਰ ਮੁਜਰਮਾਂ, ਬਦਮਾਸ਼ਾਂ ਤੇ ਬੁਰਛਾਗਰਦਾਂ ਨੇ ਕੀਤੀ ਜਿਨ੍ਹਾਂ ਦਾ ਮਕਸਦ ਲੁੱਟ ਖੋਹ ਕਰਨੀ ਤੇ ਜਿਨਸੀ ਹਵਸ ਲਈ ਔਰਤਾਂ ਨੂੰ ਉਧਾਲਣਾ ਸੀ। ਸੁਰੱਖਿਆ ਬਲ, ਜਿਨ੍ਹਾਂ ਦੀ ਜਿੰਮੇਵਾਰੀ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨ ਦੀ ਸੀ, ਵੀ ਫਿਰਕੂ ਲਪੇਟ ਵਿੱਚ ਆ ਗਏ। ਉਹਨਾਂ ਵਿੱਚੋਂ ਕਾਫੀ ਗਿਣਤੀ ਨੇ ਨਾ ਸਿਰਫ ਕਾਤਲ ਭੀੜਾਂ ਨੂੰ ਹੱਲਾਸ਼ੇਰੀ ਦਿੱਤੀ ਸਗੋਂ ਖੁਦ ਵੀ ਇਸ ਕੰਮ ਵਿੱਚ ਹਿੱਸਾ ਲਿਆ। ਬੁਰਛਾਗਰਦਾਂ ਹੱਥੋਂ ਬੇਪੱਤ ਹੋਣ ਦੇ ਖਦਸ਼ੇ ਅਧੀਨ ਕਈ ਥਾਵਾਂ ਤੇ ਮਰਦਾਂ ਨੇ ਆਪਣੇ ਪਰਿਵਾਰਾਂ ਦੀਆਂ ਖਾਸ ਕਰ ਜਵਾਨ ਔਰਤਾਂ ਨੂੰ ਖੁਦ ਹੀ ਜਿਬ੍ਹਾ ਕੀਤਾ। ਬਹੁਤ ਸਾਰੀਆਂ ਨੇ ਖੁਦ ਹੀ ਖੂਹਾਂ, ਦਰਿਆਵਾਂ ਵਿੱਚ ਛਾਲਾਂ ਮਾਰਨ ਨੂੰ ਤਰਜੀਹ ਦਿੱਤੀ। ਇਸ ਦੇ ਬਾਵਜੂਦ ਹਜ਼ਾਰਾਂ ਔਰਤਾਂ ਅਗਵਾ ਕੀਤੀਆਂ ਗਈਆਂ ਅਤੇ ਕਈਆਂ ਨੂੰ ਜਬਰ ਜਨਾਹ ਤੋਂ ਬਾਅਦ ਮਾਰ ਦਿੱਤਾ ਗਿਆ।

ਲੇਖਕ ਨੇ ਦਹਿਸ਼ਤ ਅਤੇ ਵਹਿਸ਼ਤ ਦੇ ਇਸ ਸਮੁੰਦਰ ਵਿੱਚ ਇਨਸਾਨੀਅਤ ਦਾ ਪਰਚਮ ਬੁਲੰਦ ਰੱਖਣ ਵਾਲੇ ਟਾਪੂਆਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਸਦੀਆਂ ਤੋਂ ਮਿਲ ਜੁਲ ਕੇ ਰਹਿਣ ਵਾਲੇ ਸਾਰੇ ਹੀ ਫਿਰਕਿਆਂ ਦੇ ਲੋਕਾਂ ਨੇ ਆਪਣੇ ਗੁਆਂਢ ਵਿੱਚ ਵਸਣ ਵਾਲੇ ਦੂਜੇ ਮਜ਼ਹਬ ਦੇ ਬਸ਼ਿੰਦਿਆਂ ਨੂੰ ਬਚਾਉਣ ਦੇ ਬੇਬਸ ਯਤਨ ਕੀਤੇ। ਕਈਆਂ ਨੇ ਆਪਣੀਆਂ ਜਾਨਾਂ ਨੂੰ ਜੋਖ਼ਮ ਵਿੱਚ ਪਾ ਕੇ ਵੀ ਇਹ ਫਰਜ ਨਿਭਾਇਆ। ਜਾਗਦੀ ਜਮੀਰ ਵਾਲੇ ਕੁਝ ਸੁਰੱਖਿਆ ਬਲਾਂ ਅਤੇ ਹੋਰ ਸਿਵਲ ਅਧਿਕਾਰੀਆਂ ਨੇ ਵੀ ਸੰਕਟ ਵਿੱਚ ਫਸੇ ਲੋਕਾਂ ਨੂੰ ਬਚ ਕੇ ਨਿਕਲ ਜਾਣ ਵਿੱਚ ਮਦਦ ਕੀਤੀ।

ਡਾ. ਇਸ਼ਤਿਆਕ ਨੇ ਇਸ ਕਿਸਮ ਦੇ ਸ਼ਰਮਨਾਕ ਕਤਲੇਆਮ ਦੇ ਵਾਪਰਨ ਦੇ ਕੁਝ ਕਾਰਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਪਹਿਲਾ ਕਾਰਨ ਫਿਰਕੂ ਸੋਚ ਵਿੱਚ ਗਰੱਸੀਆਂ

ਜਥੇਬੰਦੀਆਂ ਦੇ ਨੇਤਾਵਾਂ ਵੱਲੋਂ ਫਿਰਕਾਪ੍ਰਸਤੀ ਨੂੰ ਉਤਸ਼ਾਹਿਤ ਕਰਨ ਵਾਲੀ ਬਿਆਨਬਾਜੀ, ਦੂਜਾ ਆਮਦਨ ਦੇ ਸਾਧਨਾਂ ਜ਼ਮੀਨ, ਵਪਾਰ ਅਤੇ ਉਦਯੋਗ ਉੱਪਰ ਹਿੰਦੂ ਸਿੱਖਾਂ ਦਾ ਕਬਜ਼ਾ ਹੋਣਾ, ਤੀਜਾ ਹਿੰਦੂ ਆਬਾਦੀ ਵੱਲੋਂ ਮੁਸਲਮਾਨਾਂ ਪ੍ਰਤੀ ਛੂਤ ਛਾਤ ਦਾ ਵਤੀਰਾ, ਚੌਥਾ ਵੰਡ ਦੀ ਲਕੀਰ ਖਿੱਚਣ ਵਾਲੇ ਬਰਤਾਨਵੀ ਅਧਿਕਾਰੀ ਸਿਰਿਲ ਰੈੱਡਕਲਿਫ ਵੱਲੋਂ 17 ਅਗਸਤ 1947 ਨੂੰ ਪੰਜਾਬ ਦੀ ਵੰਡ ਸਬੰਧੀ ਅਚਾਨਕ ਐਲਾਨ ਕਰਨਾ ਜੋ ਲੋਕਾਂ ਦੀਆਂ ਆਸਾਂ ਮੁਤਾਬਕ ਨਹੀਂ ਸੀ। ਪੰਜਵਾਂ ਅਤੇ ਵੱਡਾ ਕਾਰਨ ਭਾਰਤ ਵਿੱਚ ਬਰਤਾਨਵੀ ਹੁਕਮਰਾਨਾਂ ਵੱਲੋਂ ਫਿਰਕੂ ਫਸਾਦਾਂ ਦਾ ਅੰਦਾਜ਼ਾ ਨਾ ਲਾ ਸਕਣਾ ਅਤੇ ਸੁਰੱਖਿਆ ਦਸਤਿਆਂ ਦੀ ਲੋੜ ਅਨੁਸਾਰ ਤਾਇਨਾਤੀ ਨਾ ਕਰਨਾ ਹੈ। ਇਤਿਹਾਸ ਦੇ ਵਿਦਿਆਰਥੀਆਂ ਅਤੇ ਸੁਹਿਰਦ ਪਾਠਕਾਂ ਲਈ ਇਹ ਪੁਸਤਕ 1947 ਵਿੱਚ ਵਾਪਰੇ ਦੁਖਾਂਤ ਨੂੰ ਜਾਨਣ ਅਤੇ ਸਮਝਣ ਲਈ ਪੁਖਤਾ ਜਾਣਕਾਰੀ ਦਾ ਅਨਮੋਲ ਖਜ਼ਾਨਾ ਹੈ।

***

## ਵਿਗਿਆਨਕ ਸੋਚ ਅਤੇ ਸੰਘਰਸ਼ਾਂ ਨੂੰ ਸਮਰਪਿਤ ਜ਼ਿੰਦਗੀ ਦੇ 80 ਸਾਲ



ਕੁਵੈਂਟਰੀ (ਇੰਗਲੈਂਡ) ਵਿੱਚ ਰਹਿੰਦੇ ਅੱਛਰ ਸਿੰਘ ਖਰਲਵੀਰ ਨਾ ਸਿਰਫ ਪੰਜਾਬ ਦੀ ਤਰਕਸ਼ੀਲ ਲਹਿਰ ਲਈ ਸਰਗਰਮ ਸਹਿਯੋਗ ਦਿੰਦੇ ਰਹੇ ਹਨ ਬਲਕਿ ਉਹਨਾਂ ਨੇ ਇੰਗਲੈਂਡ ਵਿੱਚ ਤਰਕਸ਼ੀਲ ਵਿਚਾਰਾਂ ਦੇ ਪਸਾਰ ਲਈ ਏਸ਼ੀਅਨ ਰੈਸ਼ਨਲਿਸਟ ਐਸੋਸੀਏਸ਼ਨ ਬਣਾਉਣ ਵਿੱਚ ਵੀ ਮੋਢੀ ਰੋਲ ਕੀਤਾ। ਜਦ ਤਰਕਸ਼ੀਲ ਮੈਗਜ਼ੀਨ ਆਪਣੇ ਮੁਢਲੇ ਪੜਾਅ ਵਿੱਚ ਸੀ ਤਾਂ ਉਹ ਇਸ ਨੂੰ ਆਰਥਿਕ ਪੱਖੋਂ ਪੱਕੇ ਪੈਰੀਂ ਕਰਨ ਲਈ ਫੰਡ ਇਕੱਠਾ ਕਰਕੇ ਭੇਜਦੇ ਰਹੇ ਅਤੇ ਜਦ ਸੋਸਾਇਟੀ ਦੇ ਕੇਂਦਰੀ ਦਫਤਰ ਲਈ ਬਰਨਾਲਾ ਵਿਖੇ ਤਰਕਸ਼ੀਲ ਭਵਨ ਬਣਾਉਣ ਦਾ ਉਪਰਾਲਾ ਕੀਤਾ ਗਿਆ ਤਦ ਵੀ ਉਹਨਾਂ ਨੇ ਆਪਣੇ ਵੱਲੋਂ ਅਤੇ ਆਪਣੇ ਸਾਥੀਆਂ ਨੂੰ ਪ੍ਰੇਰ ਕੇ ਭਰਵੀ ਸਹਾਇਤਾ ਭੇਜੀ। ਉਹਨਾਂ ਦਾ ਹੁਣ ਤੱਕ ਦਾ ਸਾਰਾ ਜੀਵਨ ਵਿਗਿਆਨਿਕ ਵਿਚਾਰਾਂ ਨੂੰ ਪ੍ਰਚਾਰਨ ਅਤੇ ਲੋਕ ਪੱਖੀ ਸੰਘਰਸ਼ਾਂ ਦੀਆਂ ਸਰਗਰਮੀਆਂ ਨੂੰ ਸਮਰਪਿਤ ਰਿਹਾ ਹੈ। ਉਹ ਮਜ਼ਦੂਰ ਜਮਾਤ ਦੇ ਹੱਕਾਂ ਲਈ ਅਤੇ ਨਸਲਵਾਦ ਖਿਲਾਫ ਸੰਘਰਸ਼ ਵਿੱਚ ਮੋਹਰੀ ਰੋਲ ਕਰਦੇ ਆਏ ਹਨ।

ਉਹ ਨਾ ਸਿਰਫ ਸੰਘਰਸ਼ਾਂ ਦੇ ਮੈਦਾਨ ਵਿੱਚ ਸਰਗਰਮ ਰਹੇ ਬਲਕਿ ਕਲਮ ਰਾਹੀਂ ਵੀ ਲੋਕ ਚੇਤਨਾ ਵਿੱਚ ਅਗਾਂਹਵਧੂ ਵਿਚਾਰਾਂ ਦੇ ਪਾਸਾਰ ਲਈ ਹਿੱਸਾ ਪਾਉਂਦੇ ਰਹੇ ਹਨ। ਉਹਨਾਂ ਦੀ ਕਹਾਣੀਆਂ ਦੀ ਪੁਸਤਕ 'ਜਿੱਤ ਦੇ ਆਸ਼ਿਕ' ਕਵਿਤਾ ਸੰਗ੍ਰਹਿ 'ਜ਼ੰਜੀਰਾਂ ਤੋਂ ਮੁਕਤੀ' ਅਤੇ ਲੋਕ ਪੱਖੀ ਰਸਾਲਿਆਂ ਵਿੱਚ ਛਪੀਆਂ ਰਚਨਾਵਾਂ ਨੇ ਲੋਕਾਂ ਦੀ ਸੂਝ ਅਤੇ ਭਾਵਨਾਵਾਂ ਨੂੰ ਟੁੰਬਿਆ ਹੈ।

1982 ਵਿੱਚ ਦਿਮਾਗ ਦੀ ਨਸ ਫਟਣ ਕਾਰਨ ਉਹਨਾਂ ਦੇ ਨੌਜਵਾਨ ਬੇਟੇ ਦੀ ਬਹੁਤ ਸਾਲ ਸਾਂਭ-ਸੰਭਾਲ ਕਰਨ ਅਤੇ ਫਿਰ ਮੌਤ ਹੋਣ ਦੇ ਦੁਖਾਂਤ ਝੱਲਣ ਦੇ ਬਾਵਜੂਦ ਉਹਨਾਂ ਦੀ ਵਿਗਿਆਨਕ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਅਤੇ ਲੋਕਪੱਖੀ ਸਰਗਰਮੀਆਂ ਉਸੇ ਤਰ੍ਹਾਂ ਬਰਕਰਾਰ ਰਹੀਆਂ।

15 ਜਨਵਰੀ 2026 ਨੂੰ ਆਪਣੀ ਜ਼ਿੰਦਗੀ ਦੇ 80 ਸਾਲ ਪੂਰੇ ਕਰਨ ਉੱਤੇ ਉਹਨਾਂ ਨੇ ਤਰਕਸ਼ੀਲ ਸੋਸਾਇਟੀ ਪੰਜਾਬ ਨੂੰ ਐਡਵੋਕੇਟ ਹਰਿੰਦਰ ਲਾਲੀ ਜੀ ਰਾਹੀਂ 32000 ਰੁਪਏ ਦੀ ਰਾਸ਼ੀ ਭੇਜੀ ਹੈ ਤਾਂ ਜੋ ਤਰਕਸ਼ੀਲ ਭਵਨ ਵਿੱਚ ਪ੍ਰੋਜੈਕਟਰ ਜਾਂ ਕੋਈ ਹੋਰ ਵਿਗਿਆਨਕ ਜਾਣਕਾਰੀ ਦੇਣ ਵਾਲਾ ਕਾਰਜ ਸ਼ੁਰੂ ਕੀਤਾ ਜਾ ਸਕੇ। ਅਸੀਂ ਜਿੱਥੇ ਉਹਨਾਂ ਵੱਲੋਂ ਲਗਾਤਾਰ ਦਿੱਤੇ ਜਾ ਰਹੇ ਸਹਿਯੋਗ ਲਈ ਧੰਨਵਾਦ ਕਰਦੇ ਹਾਂ, ਉੱਥੇ ਉਹਨਾਂ ਨੂੰ ਸਾਰਥਕ ਕਾਰਜਾਂ ਵਿੱਚ ਲਗਾਈ ਜ਼ਿੰਦਗੀ ਦੇ 80 ਸਾਲ ਪੂਰੇ ਕਰਨ ਉੱਤੇ ਮੁਬਾਰਕਬਾਦ ਦਿੰਦੇ ਹਾਂ ਅਤੇ ਆਉਣ ਵਾਲੇ ਸਾਲਾਂ ਲਈ ਤੰਦਰੁਸਤ ਜ਼ਿੰਦਗੀ ਦੀ ਕਾਮਨਾ ਕਰਦੇ ਹਾਂ।

# ਗਹਿਰੀ ਛਾਪ ਛੱਡ ਗਿਆ ਸੂਬਾਈ ਵਿਦਿਆਰਥੀ ਸਨਮਾਨ ਸਮਾਰੋਹ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰ ਲਹਿਰ ਦੀ ਮਹਾਨ ਨਾਇਕਾ ਬੀਬੀ ਗੁਲਾਬ ਕੌਰ ਦੀ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 2025 ਦੇ ਪੰਜਾਬ ਭਰ ਵਿੱਚੋਂ ਅਵੱਲ ਆਏ ਵਿਦਿਆਰਥੀਆਂ ਦੇ ਸਨਮਾਨ ਲਈ ਸੂਬਾਈ ਵਿਦਿਆਰਥੀ ਸਨਮਾਨ ਸਮਾਰੋਹ 23 ਨਵੰਬਰ ਨੂੰ ਤਰਕਸ਼ੀਲ ਭਵਨ, ਬਰਨਾਲਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਤਰਕਸ਼ੀਲ ਇਕਾਈਆਂ ਦੇ ਕਾਰਕੁੰਨਾਂ, ਸਕੂਲ ਮੁਖੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੇ ਸ਼ਮੂਲੀਅਤ ਕੀਤੀ।

ਸਨਮਾਨ ਸਮਾਗਮ ਵਿੱਚ ਪੰਜਾਬੀ ਦੇ ਨਾਮਵਰ ਸਾਹਿਤਕਾਰ ਗੁਰਮੀਤ ਕੜਿਆਲਵੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ, ਤਰਕਸ਼ੀਲ ਇਕਾਈ ਲੈਸਟਰ (ਇੰਗਲੈਂਡ) ਦੇ ਆਗੂ ਮੱਖਣ ਸਿੰਘ, ਸੁਸਾਇਟੀ ਦੇ ਸੂਬਾਈ ਆਗੂ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ ਅਤੇ ਰਾਜਪਾਲ ਬਠਿੰਡਾ ਸ਼ਾਮਲ ਸਨ।

ਸਮਾਗਮ ਦੀ ਸ਼ੁਰੂਆਤ ਤਰਕਸ਼ੀਲ ਕਾਰਕੁੰਨਾਂ ਕੁਲਵੰਤ ਬਠਿੰਡਾ, ਬਲਦੇਵ ਜਲਾਲ, ਕਰਤਾਰ ਸਿੰਘ ਵੀਰਾਨ, ਜਸਪਾਲ ਬਾਸਰਕੇ ਅਤੇ ਆਦਰਸ਼ ਸਕੂਲ ਸ਼ੁਤਰਾਣਾ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗੀਤਾਂ ਅਤੇ ਕਵਿਤਾਵਾਂ ਨਾਲ ਹੋਈ।

ਪਹਿਲੇ ਸੈਸ਼ਨ ਵਿੱਚ ਚੇਤਨਾ ਪ੍ਰੀਖਿਆ ਵਿੱਚ ਅਵੱਲ ਰਹਿਣ ਵਾਲੇ ਵਿਦਿਆਰਥੀਆਂ ਸ਼ਿਵਾਨੀ, ਪ੍ਰਭਜੋਤ ਕੌਰ, ਰੇਨੂੰ ਕੌਰ, ਗੁਰਸ਼ਾਨ ਕੌਰ, ਰਿਤੂ ਸ਼ਰਮਾ, ਸ਼ੁਭਰੀਤ ਕੌਰ, ਪ੍ਰਭਨੂਰ ਕੌਰ, ਸ਼ਗੁਨਪ੍ਰੀਤ ਕੌਰ, ਸਿਦਕਪ੍ਰੀਤ ਕੌਰ, ਦੀਪਿਕਾ, ਹਰਮੀਤ ਕੌਰ, ਸੰਜਨਾ, ਜਸਵਿੰਦਰ ਕੌਰ, ਅਰਸ਼ਪ੍ਰੀਤ ਕੌਰ, ਤਰਨਬੀਰ ਸਿੰਘ, ਅਰਸ਼ਪ੍ਰੀਤ ਕੌਰ, ਸੁਹਾਨੀ, ਸੁਖਮਨੀ, ਹਰਦੀਪ ਕੌਰ, ਜੀਵਨਜੋਤ ਕੌਰ, ਗੁਰਸ਼ਾਨ ਕੌਰ ਲੌਂਗੋਵਾਲ, ਸੁਖਮਨ ਸ਼ਰਮਾ ਨੇ ਚੇਤਨਾ ਪ੍ਰੀਖਿਆ ਦੇ ਸਿਲੇਬਸ ਦੀਆਂ ਪੁਸਤਕਾਂ ਵਿਚਲੇ ਵਿਗਿਆਨਕ ਪਾਠਕ੍ਰਮਾਂ ਰਾਹੀਂ ਹਾਸਲ ਹੋਏ ਗਿਆਨ ਅਤੇ ਚੇਤਨਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਸ਼੍ਰੀ ਬਲਦੇਵ ਰਹਿਪਾ ਨੇ ਸਟੇਜ ਤੋਂ ਬੋਲਣ ਵਾਲੀਆਂ ਇਨ੍ਹਾਂ ਸਾਰੀਆਂ ਲੜਕੀਆਂ ਨੂੰ ਆਪਣੇ ਵੱਲੋਂ 200-200 ਰੁਪਏ ਇਨਾਮ ਵਜੋਂ ਦਿੱਤੇ।

ਸਮਾਗਮ ਦੇ ਮੁੱਖ ਬੁਲਾਰੇ ਗੁਰਮੀਤ ਕੜਿਆਲਵੀ ਨੇ ਆਪਣੇ ਸੰਬੋਧਨ ਦੌਰਾਨ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਵਿਗਿਆਨਕ ਸੋਚ ਅਪਣਾਉਣ ਅਤੇ ਮਿਆਰੀ ਸਾਹਿਤ ਨਾਲ ਜੁੜਨ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਲੜਕੀਆਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਸੱਤਾਧਾਰੀ ਜਮਾਤ ਵੱਲੋਂ ਸਿੱਖਿਆ ਸਿਲੇਬਸ ਵਿੱਚ ਵਿਗਿਆਨਕ ਚੇਤਨਾ ਅਤੇ ਸੰਘਰਸ਼ ਦੀ ਭਾਵਨਾ ਵਿਕਸਤ ਕਰਨ ਦੀ ਥਾਂ ਮਿਥਿਹਾਸਿਕ ਰੂੜ੍ਹੀਵਾਦੀ ਪਾਠਕ੍ਰਮ ਸ਼ਾਮਿਲ ਕਰਕੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝਿਆਂ ਕਰਨ ਨੂੰ ਖ਼ਤਰਨਾਕ ਰੁਝਾਨ ਦੱਸਿਆ। ਉਨ੍ਹਾਂ ਆਪਣੇ ਜੀਵਨ ਸੰਘਰਸ਼ ਦੀਆਂ ਮੁੱਲਵਾਨ ਗੱਲਾਂ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ, ਮਿਹਨਤ, ਲਗਨ ਤੇ ਉੱਦਮ ਉੱਪਰ ਭਰੋਸਾ ਕਰਕੇ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਆਖਿਆ ਕਿ ਪਿਛਲੇ ਚਾਰ ਦਹਾਕਿਆਂ ਤੋਂ ਸੁਸਾਇਟੀ ਵੱਲੋਂ ਵਿਗਿਆਨਕ ਚੇਤਨਾ ਪ੍ਰਫੁੱਲਿਤ ਕਰਨ ਲਈ ਕੀਤਾ ਜਾ ਰਿਹਾ ਕਾਰਜ ਮਿਸਾਲੀ ਹੈ। ਇਸਤੋਂ ਪਹਿਲਾਂ ਤਰਕਸ਼ੀਲ ਮੈਗਜ਼ੀਨ ਦੇ ਸੰਪਾਦਕ ਰਾਜਪਾਲ ਬਠਿੰਡਾ ਨੇ ਮੁੱਖ ਬੁਲਾਰੇ ਗੁਰਮੀਤ ਕੜਿਆਲਵੀ ਦੀ ਸਾਹਿਤਕ ਦੇਣ ਬਾਰੇ ਜਾਣ ਪਹਿਚਾਣ ਕਰਵਾਈ।

ਸਮਾਗਮ ਦੇ ਆਖਰੀ ਸ਼ੈਸ਼ਨ ਵਿੱਚ ਸੂਬਾਈ ਪੱਧਰ 'ਤੇ ਛੇਵੀਂ ਤੋਂ ਤੇਰ੍ਹਵੀਂ ਜਮਾਤ ਤੱਕ ਮੋਹਰੀ ਸਥਾਨ ਹਾਸਲ ਕਰਨ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ 30 ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਨੇ ਆਪਣੇ ਸੰਬੋਧਨ ਦੌਰਾਨ ਸੁਸਾਇਟੀ ਦੇ ਉੱਦਮ ਅਤੇ ਵਿਦਿਆਰਥੀਆਂ ਵੱਲੋਂ ਵਿਖਾਏ ਉਤਸ਼ਾਹ ਦੀ ਭਰਪੂਰ ਪ੍ਰਸੰਸਾ ਕੀਤੀ। ਇਸ ਮੌਕੇ ਤਰਕਸ਼ੀਲ ਇਕਾਈ ਲੈਸਟਰ (ਇੰਗਲੈਂਡ) ਦੇ ਆਗੂ ਮੱਖਣ ਸਿੰਘ ਲੈਸਟਰ ਨੇ ਇਸ ਵਾਰ ਦੀ ਚੇਤਨਾ ਪ੍ਰੀਖਿਆ ਵਿੱਚ ਅਵੱਲ ਰਹਿਣ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨ ਵਿੱਚ ਦਿੱਤੀ ਵਾਲੀ ਇਨਾਮੀ ਰਾਸ਼ੀ 45,000 ਰੁਪਏ ਆਪਣੇ ਵੱਲੋਂ ਦਿੱਤੀ ਅਤੇ ਨਾਲ ਹੀ ਹਰੇਕ ਸਾਲ ਚੇਤਨਾ ਪ੍ਰੀਖਿਆ ਲਈ ਇਹ ਇਨਾਮੀ ਰਾਸ਼ੀ ਆਪਣੇ ਵੱਲੋਂ ਦੇਣ ਦੀ ਜ਼ਿੰਮੇਵਾਰੀ ਵੀ ਚੁੱਕੀ।

ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਉੱਤਮ ਕਾਰਗੁਜਾਰੀ ਵਿਖਾਉਣ ਵਾਲੀਆਂ 22 ਇਕਾਈਆਂ ਸ਼ਾਹਕੋਟ, ਰੋਪੜ, ਬਠਿੰਡਾ, ਭਦੌੜ, ਮਲੇਰਕੋਟਲਾ, ਬਰਨਾਲਾ, ਸੰਗਰੂਰ, ਅਬੋਹਰ, ਪਟਿਆਲਾ ਸ਼ਹਿਰ, ਫ਼ਗਵਾੜਾ, ਅੰਮ੍ਰਿਤਸਰ, ਮੋਹਾਲੀ, ਦਿੜ੍ਹਬਾ, ਮਾਨਸਾ, ਪਟਿਆਲਾ ਅਰਬਨ ਅਸਟੇਟ, ਮੁਕਤਸਰ-ਲੱਖੇਵਾਲੀ, ਗੋਪਾਲਪੁਰ-ਮੱਝਵਿੰਡ, ਬੰਗਾ, ਤਰਨਤਾਰਨ, ਟਿੱਬਾ, ਧਾਰੀਵਾਲ ਭੋਜਾਂ ਅਤੇ ਫਰੀਦਕੋਟ ਨੂੰ ਵੀ ਸਨਮਾਨਿਤ ਕੀਤਾ ਗਿਆ।

ਸਮਾਰੋਹ ਵਿੱਚ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਪਿਛਲੇ ਸੱਤ ਸਾਲਾਂ ਤੋਂ ਕਰਵਾਈ ਜਾ ਰਹੀ ਵਿੱਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਦੇ ਮਕਸਦ ਬਾਰੇ ਵਿਸਥਾਰ ਵਿੱਚ ਚਾਨਣਾ ਪਾਇਆ। ਉਨ੍ਹਾਂ ਪਹਿਲੇ ਸ਼ੈਸ਼ਨ ਵਿੱਚ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਵਿਚਾਰਾਂ ਨੂੰ ਚੇਤਨਾ ਪ੍ਰੀਖਿਆ ਦਾ ਹਾਸਲ ਦੱਸਿਆ। ਉਨ੍ਹਾਂ ਚੇਤਨਾ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਨਕਦ ਰਾਸ਼ੀ ਦੀ ਜ਼ਿੰਮੇਂਵਾਰੀ ਲੈਣ ਵਾਲੇ ਮੱਖਣ ਸਿੰਘ ਲੈਸਟਰ (ਇੰਗਲੈਂਡ) ਦਾ ਵੀ ਦਿਲੀ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਵਿਦਿਆਰਥੀ ਚੇਤਨਾ ਵਿਭਾਗ ਦੇ ਮੁਖੀ ਗੁਰਪ੍ਰੀਤ ਸ਼ਹਿਣਾ ਨੇ ਬਾਖੂਬੀ ਨਿਭਾਈ।

ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਰਾਜੇਸ਼ ਅਕਲੀਆ ਤੋਂ ਇਲਾਵਾ ਬਿੰਦਰ ਧਨੌਲਾ, ਸੀਤਾ ਰਾਮ ਬਾਲਦ ਕਲਾਂ, ਜਰਨੈਲ ਧੌਲਾ, ਅਵਤਾਰ ਸਿੰਘ ਅਧਾਰਿਤ ਟੀਮ ਵੱਲੋਂ ਸਮੁੱਚੇ ਤੌਰ ਤੇ ਬਹੁਤ ਵਧੀਆ ਪ੍ਰਬੰਧ ਕੀਤੇ ਗਏ। ਜਦ ਕਿ ਵਿਦੇਸ਼ ਵਿੱਚ ਬੈਠੇ ਬਰਨਾਲਾ-ਸੰਗਰੂਰ ਜੋਨ ਦੇ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ ਨੇ ਮੀਡੀਆ ਸਹਿਯੋਗੀ ਵਜੋਂ ਮੀਡੀਆ ਦੀ ਕਵਰੇਜ, ਰੋਪੜ ਇਕਾਈ ਦੇ ਆਗੂ ਕੁਲਵਿੰਦਰ ਨਗਾਰੀ ਨੇ ਫੋਟੋਗ੍ਰਾਫੀ ਅਤੇ ਸੋਸ਼ਲ ਮੀਡੀਆ ਮੁਖੀ ਸੁਰਜੀਤ ਟਿੱਬਾ ਨੇ ਸਮਾਗਮ ਦੀ ਰਿਕਾਰਡਿੰਗ ਕਰਨ ਅਤੇ ਸੋਸ਼ਲ ਮੀਡੀਆ ਉੱਤੇ ਭੇਜਣ ਦੀ ਜ਼ਿੰਮੇਂਵਾਰੀ ਬਾਖੂਬੀ ਨਿਭਾਈ।

ਇਸ ਮੌਕੇ ਤਰਕਸ਼ੀਲ ਸੋਸਾਇਟੀ ਪੰਜਾਬ ਦੇ ਆਗੂਆਂ ਅਤੇ ਕਾਰਕੁੰਨਾਂ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਕੈਨੇਡਾ ਦੇ ਸਕੱਤਰ ਬੀਰਬਲ ਭਦੌੜ, ਪਰਮਜੀਤ ਸੰਘੇੜਾ, ਨਵਤੇਜ ਸਿੰਘ, ਨਵਕਿਰਨ ਰਾਮਪੁਰਾ, ਹਰਜੀਤ ਬੇਦੀ, ਪ੍ਰਿੰਸੀਪਲ ਜਤਿੰਦਰ ਸਿੰਘ, ਰਾਮ ਕੁਮਾਰ ਭਦੌੜ, ਪ੍ਰਿੰ. ਹਰਿੰਦਰ ਕੌਰ, ਪੰਜਾਬੀ ਟ੍ਰਿਬਿਊਨ ਤੋਂ ਪੱਤਰਕਾਰ ਪੁਰਸ਼ੋਤਮ ਬੱਲੀ, ਡਾ.ਰਾਜਿੰਦਰ ਪਾਲ, ਦਮਨਜੀਤ ਕੌਰ, ਸੁਰਿੰਦਰਪਾਲ ਕੌਰ, ਬਲਵਿੰਦਰ ਕੌਰ, ਬਲਬੀਰ ਕੌਰ ਵੀ ਮੌਜੂਦ ਸਨ।

**ਸੁਮੀਤ ਸਿੰਘ**

(ਸੂਬਾਈ ਮੀਡੀਆ ਮੁਖੀ)

## ਜ਼ੋਨ ਅਤੇ ਇਕਾਈਆਂ ਨੂੰ ਸਹਾਇਤਾ

**ਜ਼ੋਨ ਦਫ਼ਤਰ ਬਠਿੰਡਾ ਨੂੰ**

1. ਸ਼੍ਰੀ ਬਲਦੇਵ ਸਿੰਘ ਵੱਲੋਂ ਆਪਣੀ ਸੇਵਾ-ਮੁਕਤੀ ਦੇ ਮੌਕੇ 'ਤੇ – 50,000 ਰੁਪਏ
2. ਸ਼੍ਰੀ ਲਾਭ ਸਿੰਘ ਕੋਟ ਸ਼ਮੀਰ ਵੱਲੋਂ (ਮੌਜਦਾ ਸਮੇਂ ਯੂ.ਐਸ.ਏ.) ਵੱਲੋਂ –5000 ਰੁਪਏ
2. ਸ਼੍ਰੀ ਬਲੌਰ ਸਿੰਘ ਵੱਲੋਂ ਆਪਣੀ ਲੜਕੀ ਜੈਸਮੀਨ ਦੀ ਸ਼ਾਦੀ ਦੇ ਮੌਕੇ 'ਤੇ – 2500 ਰੁਪਏ

**ਜੋਨ ਚੰਡੀਗੜ ਨੂੰ**

1. ਇਕਾਈ ਖਰੜ ਦੇ ਜਥੇਬੰਦਕ ਮੁਖੀ ਕੁਲਵਿੰਦਰ ਨਗਾਰੀ ਜੀ ਵੱਲੋਂ ਆਪਣੇ ਬੇਟੇ ਵਿਕਰਾਂਤ ਦੇ ਵਿਆਹ ਦੀ ਖੁਸ਼ੀ ਵਿੱਚ – 1100 ਰੁਪਏ
2. ਜਰਨੈਲ ਕ੍ਰਾਂਤੀ ਜੀ ਵੱਲੋਂ ਜ਼ੋਨ ਦੀ ਛਿਮਾਹੀ ਇਕੱਤਰਤਾ ਲਈ – 5000 ਰੁਪਏ

**ਇਕਾਈ ਰੋਪੜ ਨੂੰ**

1. ਸ਼੍ਰੀ ਜਸਪਾਲ ਮਾਜਰੀ ਵੱਲੋਂ ਆਪਣੀ ਬੇਟੀ ਦੇ ਵਿਆਹ ਦੀ ਖੁਸ਼ੀ ਵਿੱਚ – 1500 ਰੁਪਏ

**ਇਕਾਈ ਖਰੜ ਨੂੰ**

1. ਜਥੇਬੰਦਕ ਮੁਖੀ ਕੁਲਵਿੰਦਰ ਨਗਾਰੀ ਵੱਲੋਂ ਆਪਣੇ ਬੇਟੇ ਵਿਕਰਾਂਤ ਦੇ ਵਿਆਹ ਦੀ ਖੁਸ਼ੀ ਵਿੱਚ – 1100 ਰੁਪਏ
2. ਸ਼੍ਰੀ ਬਿਕਰਮਜੀਤ ਸੋਨੀ ਵੱਲੋਂ ਆਪਣੇ ਬੇਟੇ ਅਮਰਦੀਪ ਸਿੰਘ ਦਾ ਰੋਕਾ ਹੋਣ ਦੀ ਖੁਸ਼ੀ ਵਿੱਚ – 1100 ਰੁਪਏ

**ਇਕਾਈ ਫਗਵਾੜਾ ਨੂੰ**

1. ਸ਼੍ਰੀ ਚਰਨ ਦਾਸ ਵੱਲੋਂ ਆਪਣੇ ਬੇਟੇ ਸ਼ੁਭਮ ਦੇ ਵਿਆਹ ਦੀ ਖੁਸ਼ੀ ਸਮੇਂ – 5000 ਰੁਪਏ
2. ਹੈਡਮਾਸਟਰ ਗਿਆਨ ਚੰਦ – 1500 ਰੁਪਏ
3. ਸ਼੍ਰੀ ਮਹਿੰਦਰ ਸਿੰਘ ਟਿੱਬੀ – 2000 ਰੁਪਏ

**ਇਕਾਈ ਮਾਨਸਾ ਨੂੰ**

1. ਡਾ. ਕੌਰ ਸਿੰਘ ਮਾਨਸਾ ਵੱਲੋਂ ਆਪਣੀ ਰਿਸ਼ਤੇਦਾਰ ਸੁਰਜੀਤ ਕੌਰ ਨਮਿੱਤ – 1500 ਰੁਪਏ

**ਇਕਾਈ ਲੁਧਿਆਣਾ**

1. ਸ਼੍ਰੀ ਸਤੀਸ਼ ਸਚਦੇਵਾ ਵੱਲੋਂ ਆਪਣੇ ਪੋਤਰੇ ਸ਼ਿਵਾਏ ਅਤੇ ਦੋਹਤੀ ਪਰਾਂਜਲ ਦੇ ਜਨਮ ਦਿਨ 'ਤੇ –1000 ਰੁਪਏ

**ਚੇਤਨਾ ਪਰਖ ਪ੍ਰੀਖਿਆ ਵਿੱਚ ਚੰਗੀ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਇਨਾਮ ਵਜੋਂ ਦਿੱਤੇ**

1. ਕੁਲਵੰਤ ਸਿੰਘ ਇਕਾਈ ਬਠਿੰਡਾ – 2000 ਰੁਪਏ
2. ਪ੍ਰਸ਼ੋਤਮ ਬੁਰਮਾਜਰਾ ਇਕਾਈ ਰੋਪੜ ਵੱਲੋਂ –500 ਰੁਪਏ

# ਸਰਗਰਮੀਆਂ

**ਇਕਾਈ ਰੋਪੜ**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ) ਇਕਾਈ ਰੂਪਨਗਰ ਦੇ ਅਗਾਂਹ ਵਧੂ ਸੋਚ ਦੇ ਧਾਰਨੀ ਜਸਪਾਲ ਸਿੰਘ ਮਾਜਰੀ ਵੱਲੋਂ ਧੀ ਮਨਦੀਪ ਕੌਰ ਦੇ ਵਿਆਹ/ ਮੇਲ ਵਾਲੇ ਦਿਨ ਪੁਰਾਤਨ ਰਸਮੋ ਰਿਵਾਜਾਂ ਜਿਵੇਂ ਕਿ ਵਾਧੂ ਦੇ ਧਾਰਮਿਕ ਆਡੰਬਰ, ਪਾਖੰਡਵਾਦ ਆਦਿ ਨੂੰ ਨਕਾਰਦੇ ਹੋਏ ਤਰਕਸ਼ੀਲ ਨਜ਼ਰੀਏ ਅਨੁਸਾਰ ਵਿਗਿਆਨਕ ਪ੍ਰੋਗਰਾਮ ਕਰਵਾਇਆ ਗਿਆ। ਪ੍ਰਸਿੱਧ ਜਾਦੂਗਰ ਜਗਦੇਵ ਕੰਮੋਮਾਜਰਾ ਵੱਲੋ ਜਾਦੂ ਦੇ ਬਾਕਮਾਲ ਟ੍ਰਿੱਕ ਪੇਸ਼ ਕੀਤੇ। ਇਕਾਈ ਮੁਖੀ ਅਸ਼ੋਕ ਕੁਮਾਰ ਨੇ ਕਿਹਾ ਕਿ ਵਾਧੂ ਦੇ ਰਸਮੋ ਰਿਵਾਜ਼, ਜਿਨ੍ਹਾਂ ਦਾ ਇਨਸਾਨ ਦੀ ਜ਼ਿੰਦਗੀ ਨਾਲ ਕੋਈ ਵਾਹ ਵਾਸਤਾ ਨਹੀਂ ਹੈ, ਉਨ੍ਹਾਂ ਨੂੰ ਛੱਡਣ ਵਿੱਚ ਹੀ ਭਲਾਈ ਹੈ। ਸਭਿਆਚਾਰਕ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਸਟੇਜ ਸੰਚਾਲਨ ਦੀ ਕਾਰਵਾਈ ਚਲਾਉਂਦਿਆਂ ਕਿਹਾ ਕਿ ਪਾਖੰਡੀ ਸਾਧਾਂ, ਸੰਤਾਂ ਵੱਲੋਂ ਝੂਠੇ ਨਰਕ ਸਵਰਗ ਦੇ ਸੋਹਲੇ ਸੁਣਾਕੇ ਲੋਕਾਂ ਨੂੰ ਮੱਕੜਜਾਲ ਵਿੱਚ ਫਸਾ ਕੇ ਲੋਕਾਂ ਦੀ ਸੋਚਣ ਸ਼ਕਤੀ ਨੂੰ ਖੋਖਲਾ ਕੀਤਾ ਜਾ ਰਿਹਾ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਸਮੇਂ ਦੇ ਹਾਣੀ ਬਣੋ, ਚੰਗਾ ਸਾਹਿਤ ਪੜ੍ਹੋ, ਤਰਕਸ਼ੀਲ ਨਜ਼ਰੀਏ ਅਨੁਸਾਰ ਸੋਚੋ।

ਵਿਆਹ ਵਾਲੀ ਲੜਕੀ ਮਨਦੀਪ ਕੌਰ ਨੇ ਕਿਹਾ ਕਿ ਮੈਨੂੰ ਆਪਣੇ ਪਿਤਾ ਉੱਤੇ ਬਹੁਤ ਜ਼ਿਆਦਾ ਮਾਣ ਹੈ ਜਿਨ੍ਹਾਂ ਦੀ ਤਰਕਸ਼ੀਲ ਸੋਚ ਬਦੌਲਤ ਸਮਾਜ ਵਿੱਚ ਅਸੀਂ ਸਿਰ ਉੱਚਾ ਕਰਕੇ ਤੁਰਨ ਦੇ ਕਾਬਲ ਹੋਏ। ਜਸਪਾਲ ਮਾਜਰੀ ਨੇ ਪਿੰਡ ਵਾਸੀਆਂ ਅਤੇ ਰਿਸ਼ਤੇਦਾਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਵਨ ਰੱਤੋਂ ਵੀ ਹਾਜ਼ਰ ਸਨ।

**ਹਰਨੇਕ ਚੱਕ ਕਰਮਾਂ**

**ਇਕਾਈ ਜੈਤੋ**

11 ਨਵੰਬਰ ਨੂੰ ਯੂਨੀਵਰਸਿਟੀ ਕਾਲਜ ਜੈਤੋ ਵਿਖੇ ਤਰਕਸ਼ੀਲ ਮੈਗਜ਼ੀਨ ਵੱਲੋਂ ਸ਼ੁਰੂ ਕੀਤੇ ਲੇਖ ਰਚਨਾ ਮੁਕਾਬਲੇ ਵਿੱਚ ਇਨਾਮੀ ਪੁਜੀਸ਼ਨ ਹਾਸਲ ਕਰਨ ਵਾਲੀ ਲੜਕੀ ਗੁਰਲੀਨ ਕੌਰ ਨੂੰ ਇਨਾਮ ਦੇਣ ਅਤੇ ਵਿਗਿਆਨਕ ਸੋਚ ਦੇ ਮਹੱਤਵ ਬਾਰੇ ਵਿਚਾਰ ਸਾਂਝੇ ਕਰਨ ਲਈ ਇਸ ਕਾਲਜ ਵੱਲੋਂ ਇੱਕ ਸਮਾਗਮ ਕਰਵਾਇਆ ਗਿਆ। ਕਾਲਜ ਦੇ ਪੋਸਟ-ਗਰੈਜੂਏਟ ਵਿਭਾਗ ਦੇ ਮੁਖੀ ਪ੍ਰੋਫੈਸਰ ਪਰਮਿੰਦਰ ਤੱਗੜ ਨੇ ਅਦਾਰੇ ਦੇ ਇਸ ਉਦਮ ਦੀ ਸ਼ਲਾਘਾ ਕਰਦਿਆਂ ਤਰਕਸ਼ੀਲ ਸਾਥੀਆਂ ਨੂੰ ਜੀ ਆਇਆ ਕਿਹਾ। ਇਸ ਉਪਰੰਤ ਤਰਕਸ਼ੀਲ ਦੇ ਸੰਪਾਦਕ ਰਾਜਪਾਲ ਸਿੰਘ ਨੇ ਵਿਗਿਆਨਕ ਸੋਚ ਅਪਣਾਉਣ ਦੇ ਵਿਅਕਤੀ ਅਤੇ ਸਮਾਜ ਲਈ ਮਹੱਤਵ ਬਾਰੇ ਵਿਸਥਾਰ ਪੂਰਵਕ ਲੈਕਚਰ ਦਿੱਤਾ ਜਿਹੜਾ ਵਿਦਿਆਰਥੀਆਂ ਨੇ ਬਹੁਤ ਧਿਆਨ ਨਾਲ ਸੁਣਿਆ।

ਇਸ ਮੌਕੇ ਮੁਕਾਬਲੇ ਵਿੱਚ ਸ਼ਮੂਲੀਅਤ ਕਰਨ ਵਾਲੇ ਬਾਕੀ ਵਿਦਿਆਰਥੀਆਂ ਨੂੰ ਵੀ ਤਰਕਸ਼ੀਲ ਮੈਗਜ਼ੀਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਕਾਲਜ ਦੇ ਪ੍ਰੋਫੈਸਰ ਸਾਹਿਬਾਨ ਤੋਂ ਇਲਾਵਾ ਜੈਤੋ ਇਕਾਈ ਵੱਲੋਂ ਰਵਿੰਦਰ ਰਾਹੀ, ਮਾਸਟਰ ਭੁਪਿੰਦਰਪਾਲ ਸਿੰਘ ਅਤੇ ਦੇਸ਼ ਪੰਜਾਬ ਟੈਲੀਵਿਜ਼ਨ ਦੇ ਸੰਚਾਲਕ ਹਰਮੇਲ ਪ੍ਰੀਤ ਸ਼ਾਮਿਲ ਹੋਏ। ਅੰਤ ਵਿੱਚ ਪ੍ਰੋ. ਰੁਪਿੰਦਰ ਪਾਲ ਸਿੰਘ ਨੇ ਤਰਕਸ਼ੀਲ ਵਿਚਾਰਾਂ ਦੀ ਜੋਰਦਾਰ ਢੰਗ ਨਾਲ ਪ੍ਰੋੜਤਾ ਕਰਦੇ ਹੋਏ ਸਾਰਿਆਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਐਮ.ਏ. ਪੰਜਾਬੀ ਦੇ ਵਿਦਿਆਰਥੀ ਜਗਸੀਰ ਸਿੰਘ ਨੇ ਬਾਖੂਬੀ ਕੀਤਾ।

**ਰਵਿੰਦਰ ਰਾਹੀ**

**ਇਕਾਈ ਬਠਿੰਡਾ**

!. ਕੈਨਾਲ ਕਾਲੋਨੀ ਸਥਿਤ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਬਠਿੰਡਾ ਵਿਖੇ ਬਾਲ ਦਿਵਸ 'ਤੇ ਸਵੇਰੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬਠਿੰਡਾ ਵਲੋਂ ਤਰਕਸ਼ੀਲ ਪ੍ਰੋਗਰਾਮ ਮੈਜਿਕ ਸ਼ੋਅ ਅਤੇ ਤਰਕਸ਼ੀਲ ਲੈਕਚਰ ਦਿੱਤੇ ਗਏ। ਤਰਕਸ਼ੀਲ ਆਗੂ ਕੁਲਵੰਤ ਸਿੰਘ ਅਤੇ ਸਰਗਰਮ ਮੈਂਬਰ ਚਰਨਜੀਤ ਸਿੰਘ ਬਠਿੰਡਾ ਨੇ ਹੱਥ ਦੀ ਸਫਾਈ ਦੇ ਮੈਜਿਕ ਸ਼ੋਅ ਵਿਖਾਕੇ ਦੱਸਿਆ ਕਿ ਜਾਦੂ ਮੰਤਰ ਨਾਂ ਦੀ ਕੋਈ ਚੀਜ ਨਹੀ ਇਹ ਹੱਥ ਦੀ ਸਫਾਈ ਦੇ ਟਰਿੱਕ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਲਈ ਵਿਖਾਏ ਜਾ ਰਹੇ ਹਨ।

ਇਸ ਮੌਕੇ ਜੋਨ ਬਠਿੰਡਾ ਦੇ ਆਗੂ ਰਾਮ ਸਿੰਘ ਨਿਰਮਾਣ ਨੇ ਸਕੂਲ ਸਟਾਫ ਅਤੇ ਭਾਰੀ ਗਿਣਤੀ ਵਿੱਚ ਮੌਜੂਦ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਿਸ਼ਨ ਤੋਂ ਜਾਣੂੰ ਕਰਵਾਉਂਦੇ ਹੋਏ ਦੱਸਿਆ ਕਿ ਲੋਕ ਦੇ ਮਨਾਂ ਵਿਚੋਂ ਵਹਿਮਾਂ ਭਰਮਾਂ ਅਤੇ ਅੰਧ ਵਿਸ਼ਵਾਸ਼ਾਂ ਅਤੇ ਹੋਰ ਗਲਤ ਧਾਰਨਾਵਾਂ, ਜਿਨ੍ਹਾਂ ਦਾ ਕੋਈ ਆਧਾਰ ਨਹੀ ਹੁੰਦਾ, ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਕੇ, ਲੋਕਾਂ ਨੂੰ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਚੇਤਨਾ ਕਰਨਾ ਹੈ।

2. ਮਿਤੀ 7-12-25 ਨੂੰ ਇੱਕ ਪੈਲੇਸ ਵਿੱਚ ਵਿਆਹ ਮੌਕੇ ਤਰਕਸ਼ੀਲ ਸੁਸਾਇਟੀ ਇਕਾਈ ਬਠਿੰਡਾ ਵੱਲੋਂ ਜ਼ੋਨ ਵਿਤ ਮੁਖੀ ਗਿਆਨ ਸਿੰਘ ਦੀ ਅਗਵਾਈ ਵਿੱਚ ਪੁਸਤਕ ਪ੍ਰਦਰਸ਼ਨੀ

ਲਾਈ ਗਈ। ਤਜਰਬਾ ਸਫਲ ਰਿਹਾ, 9150 ਰੁਪਏ ਦਾ ਸਾਹਿਤ ਵਿਕਿਆ। ਸਟਾਲ 'ਤੇ ਕਾਮੇ ਕੁਲਵੰਤ ਸਿੰਘ ਅਤੇ ਹਾਕਮ ਸਿੰਘ। ਟਾਹਲੀਵਾਲਾ ਫਿਰੋਜ਼ਪੁਰ ਤੋਂ ਆਈ ਬਾਰਾਤ ਦੀ ਤਰਕਸ਼ੀਲ ਸਾਹਿਤ ਨਾਲ ਨਵੀਂ ਜਾਣ-ਪਛਾਣ ਹੋਈ।

ਲੜਕੀ ਦੇ ਪਿਤਾ ਸ. ਬਲੌਰ ਸਿੰਘ ਵੱਲੋਂ 2500 ਰੁਪਏ ਦੀ ਇਕਾਈ ਨੂੰ ਸਹਾਇਤਾ ਦਿੱਤੀ ਗਈ। ਇਕਾਈ ਵੱਲੋਂ ਬਲੌਰ ਸਿੰਘ ਅਤੇ ਉਹਨਾਂ ਦੇ ਪਰਿਵਾਰ ਦਾ ਦਿਲੀ ਧੰਨਵਾਦ ਕੀਤਾ ਜਾਂਦਾ ਹੈ।

## ਸ਼ਮਸ਼ਾਨ ਘਾਟ ਵਿੱਚ ਕੀਤਾ ਗਿਆ ਤਰਕਸ਼ੀਲ ਪ੍ਰੋਗਰਾਮ

ਪਿਛਲੇ ਦਿਨੀ ਕਿਰਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਅਮਰਪੁਰਾ ਬਸਤੀ ਬਠਿੰਡਾ ਵਲੋਂ ਆਪਣੇ ਵਿਦਿਆਰਥੀਆਂ ਨੂੰ ਭੂਤਾਂ-ਪ੍ਰੇਤਾਂ ਦੇ ਡਰ ਤੋਂ ਦੂਰ ਕਰਨ ਲਈ ਰਾਮਬਾਗ ਬਠਿੰਡਾ ਵਿਖੇ ਲੈ ਕੇ ਜਾਣ ਦਾ ਨਿਵੇਕਲਾ ਉੱਦਮ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕਾਂ ਵਲੋਂ ਤਰਕਸ਼ੀਲ ਸੁਸਾਇਟੀ ਦੇ ਆਗੂਆਂ ਨਾਲ ਸੰਪਰਕ ਕਰਕੇ ਸ਼ਮਸ਼ਾਨ ਘਾਟ ਪਹੁੰਚ ਕੇ ਆਪਣੇ ਤਰਕ ਵਿਚਾਰ ਅਤੇ ਮੈਜਿਕ ਸ਼ੋਅ ਦੇਣ ਲਈ ਸੱਦਾ ਦਿੱਤਾ ਗਿਆ।

ਸਵੇਰੇ 10ਕੁ ਵਜੇ 10ਵੀ ਤੋਂ+2 ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਦੇ ਨਾਲ ਸਕੂਲ ਦੇ ਸਟਾਫ ਮੈਂਬਰ ਅਤੇ ਪ੍ਰਬੰਧਕ, ਤਰਕਸ਼ੀਲ ਆਗੂ ਕੁਲਵੰਤ ਸਿੰਘ ਬਠਿੰਡਾ ਅਤੇ ਰਾਮ ਸਿੰਘ ਨਿਰਮਾਣ ਸ਼ਮਸ਼ਾਨ ਭੂਮੀ ਵਿੱਚ ਪਹੁੰਚ ਗਏ। ਸ਼ਮਸ਼ਾਨ ਘਾਟ ਵਿੱਚ ਸਕੂਲ ਦੇ ਮੁਖੀ /ਸਾਇੰਸ ਅਧਿਆਪਕ ਸ੍ਰੀ ਹਰੀ ਓਮ ਜੀ ਨੇ ਬੱਚਿਆਂ ਨੂੰ ਉਹ ਜਗ੍ਹਾ ਵਿਖਾਈ ਜਿੱਥੇ ਮਿਰਤਕ ਦੇਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਂਦਾ ਹੈ। ਉਹਨਾਂ ਨੇ ਸੰਖੇਪ ਲੈਕਚਰ ਦੇਣ ਬਾਅਦ ਉਸ ਸ਼ੈੱਡ ਹੇਠਾਂ ਬਣੀਆਂ ਥੜੀਆਂ ਉਤੇ ਵਿਦਿਆਰਥੀਆਂ ਨੂੰ ਬੈਠਾਇਆ ਜਿਥੇ ਮ੍ਰਿਤਕ ਦੇਹਾਂ ਦਾ ਸੰਸਕਾਰ ਕਰਨ ਮੌਕੇ ਪਹੁੰਚੇ ਲੋਕ ਬੈਠਦੇ ਹਨ।

ਇਸ ਉਪਰੰਤ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਕਾਈ ਬਠਿੰਡਾ ਦੇ ਤਰਕਸ਼ੀਲ ਆਗੂ ਕੁਲਵੰਤ ਸਿੰਘ ਨੇ ਜਿੰਦਗੀ ਅਤੇ ਮੌਤ ਬਾਰੇ ਬੋਲਦਿਆਂ ਆਖਿਆ ਕਿ ਅਸੀਂ ਅੱਜ ਸਾਹਮਣੇ ਉਹ ਜਗ੍ਹਾ ਵੇਖ ਰਹੇ ਹਾਂ ਜਿਥੇ ਮਰਨ ਉਪਰੰਤ ਸਰੀਰ ਨੂੰ ਜਲਾ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਆਮ ਤੌਰ 'ਤੇ ਲੋਕਾਂ ਵਲੋਂ ਕਈ ਤਰ੍ਹਾਂ ਦੇ ਕਰਮ ਕਾਂਡ ਅਤੇ ਉਸਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ ਜਾਂ ਪ੍ਰਾਰਥਨਾ ਆਦਿ ਕੀਤੀ ਜਾਂਦੀ ਹੈ। ਪਰ ਅੱਜ ਦੀ ਸਾਇੰਸ ਸਾਨੂੰ ਦਸਦੀ ਹੈ ਕਿ ਜਦੋਂ ਕੋਈ ਵਿਅਕਤੀ ਮਰ ਜਾਂਦਾ ਹੈ ਸਭ ਕੁੱਝ ਉਸ ਦੇ ਸਰੀਰਕ ਸੰਸਕਾਰ ਦੇ ਨਾਲ ਹੀ ਖਤਮ ਹੋ ਜਾਂਦਾ ਹੈ। ਬਾਕੀ ਅਜਿਹਾ ਕੁੱਝ ਨਹੀ ਬਚਦਾ ਜਿਸ ਨੂੰ ਅਖੌਤੀ ਰੂਹ ਜਾਂ ਆਤਮਾ ਆਖਿਆ ਜਾ ਸਕੇ। ਧਰਮਰਾਜ ਦੀ ਦਰਗਾਹ ਅਤੇ ਜਮਦੂਤ ਵਗੈਰਾ ਵੀ ਕਲਪਿਤ ਨਾਮ ਹੀ ਹਨ। ਇਸ ਕਰਕੇ ਸਾਨੂੰ ਅਜਿਹੇ ਡਰਾਉਣੇ ਅਤੇ ਕਰਮਕਾਂਡੀ ਅੰਧਵਿਸ਼ਵਾਸਾਂ ਤੋਂ ਦੂਰ ਰਹਿੰਦਿਆ ਇਸ ਮੌਕੇ ਕੀਤੀਆਂ ਜਾਂਦੀਆਂ ਰਸਮਾਂ ਬਾਰੇ ਤਰਕ ਨਾਲ ਸੋਚਣਾ ਚਾਹੀਦਾ ਹੈ। ਵਿਦਿਆਰਥੀਆਂ ਦੇ ਮਨ ਵਿਚੋਂ ਜਾਦੂਈ ਸ਼ਕਤੀਆਂ ਦੇ ਵਹਿਮ, ਡਰ ਭੈਅ ਦੂਰ ਕਰਨ ਲਈ ਹੱਥ ਦੀ ਸਫਾਈ ਦੇ ਟ੍ਰਿਕਸ ਵਿਖਾ ਕੇ ਦੱਸਿਆ ਕਿ ਜਾਦੂ ਇੱਕ ਕਲਾ ਹੈ ਜੋ ਪ੍ਰੈਕਟਿਸ ਨਾਲ ਸਿਖਿਆ ਤੇ ਸਿਖਾਇਆ ਜਾ ਸਕਦਾ ਹੈ।

ਜੋਨ ਬਠਿੰਡਾ ਦੇ ਆਗੂ ਰਾਮ ਨਿਰਮਾਣ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਵੇਂ ਅਖੌਤੀ ਭੂਤਾਂ, ਪ੍ਰੇਤਾਂ, ਰੂਹਾਂ ਬਦਰੂਹਾਂ ਦੀਆਂ ਕਲਪਿਤ ਅਤੇ ਡਰਾਉਣੀਆਂ ਕਹਾਣੀਆਂ ਬੱਚਿਆਂ ਨੂੰ ਅੰਧਵਿਸ਼ਵਾਸੀ ਅਤੇ ਤਰਕਹੀਣ ਬਣਾ ਕੇ ਮਾਨਸਿਕ ਰੋਗੀ ਬਣਾਉਂਦੀਆਂ ਹਨ। ਨਾ ਹੀ ਕੋਈ ਸਵਰਗ ਜਾਂ ਨਰਕ ਨਾਮ ਦੀ ਕਿਤੇ ਕੋਈ ਥਾਂ ਹੈ। ਸੋ ਸਾਨੂੰ ਇਸੇ ਧਰਤੀ ਨੂੰ ਵਧੀਆ ਬਣਾਉਂਦੇ ਹੋਏ ਇਥੇ ਹੀ ਕਾਲਪਨਿਕ ਸਵਰਗ ਵਰਗਾ ਮਨੁੱਖਤਾਵਾਦੀ ਸਮਾਜ ਸਿਰਜਣ ਲਈ ਯਤਨ ਕਰਨੇ ਚਾਹੀਦੇ ਹਨ।

ਉਨ੍ਹਾਂ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਆਪਣੇ ਪ੍ਰਧਾਨ ਮਰਹੂਮ ਸ਼੍ਰੀ ਕ੍ਰਿਸ਼ਨ ਬਰਗਾੜੀ ਜੀ ਦਾ ਮ੍ਰਿਤਕ ਸਰੀਰ ਮੈਡੀਕਲ ਕਾਲਿਜ ਨੂੰ ਪ੍ਰਦਾਨ ਕਰਨ ਦੀ ਸ਼ੁਰੂਆਤ ਉਪਰੰਤ ਸੈਂਕੜੇ ਅਜਿਹੇ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਹਿਤ ਮੈਡੀਕਲ ਕਾਲਜਾਂ ਨੂੰ ਪ੍ਰਦਾਨ ਕਰਵਾਏ ਜਾ ਚੁੱਕੇ ਹਨ। ਇਸ ਨਾਲ ਬਹੁਤ ਸਾਰੇ ਧਾਰਮਿਕ ਕਰਮਕਾਂਡ ਅਤ ਤਰਕਹੀਣ ਰਸਮਾਂ ਤਿਆਗ ਕੇ ਸਰੀਰ ਪ੍ਰਦਾਨੀਆਂ ਦੀ ਅੰਤਿਮ ਯਾਦ ਸਮੇਂ ਕੀਤੇ ਜਾਂਦੇ ਸ਼ਰਧਾਜਲੀ ਸਮਾਗਮ ਉੱਤੇ ਪਹੁੰਚੇ ਲੋਕਾਂ ਨੂੰ ਨਵੇਂ ਵਿਗਿਆਨਕ ਵਿਚਾਰਾਂ ਨਾਲ ਲੈਸ ਕਰਕੇ ਇਸੇ ਧਰਤੀ ਨੂੰ ਸਵਰਗ ਬਣਾਉਣ ਲਈ ਵਿਗਿਆਨਕ ਚੇਤਨਾ ਪੈਦਾ ਕੀਤੀ ਜਾਂਦੀ ਹੈ।

ਇਸ ਮੌਕੇ ਕਈ ਅਖਬਾਰਾਂ ਅਤੇ ਚੈਨਲਾਂ ਦੇ ਪੱਤਰਕਾਰਾਂ ਨੇ ਇਸ ਅਨੋਖੇ ਪ੍ਰੋਗਰਾਮ ਦੀ ਕਵਰੇਜ ਕੀਤੀ ਅਤੇ ਤਰਕਸ਼ੀਲ ਆਗੂਆਂ ਨਾਲ ਮੁਲਾਕਾਤ ਕਰਕੇ ਵਿਚਾਰ ਵਟਾਂਦਰੇ ਕੀਤੇ। ਤਰਕਸ਼ੀਲ ਆਗੂਆਂ ਲਈ ਵੀ ਇਹ ਇਕ ਨਵਾਂ ਤਜਰਬਾ ਸੀ।

**ਕੁਲਵੰਤ ਸਿੰਘ**

**ਇਕਾਈ ਘਨੌਰ**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਘਨੌਰ ਇਕਾਈ ਵੱਲੋਂ 5 ਦਸੰਬਰ ਨੂੰ ਕੇ.ਜੇ.ਐਸ.ਐਸ. ਪਬਲਿਕ ਸਕੂਲ ਰਸੂਲ ਪੁਰ ਵਿਖੇ ਇਕ ਵਿਸ਼ੇਸ਼ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਘਨੌਰ ਇਕਾਈ ਦੇ ਮੁਖੀ ਗੁਰਤੇਜ ਸਿੰਘ ਅਤੇ ਪਟਿਆਲਾ ਜੋਨ ਦੇ ਵਿੱਤ ਮੁੱਖੀ ਸ੍ਰੀ ਰਾਮ ਕੁਮਾਰ ਢਕੜੱਬਾ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਪੱਧਰ ਤੇ ਹੋਈ ਵਿਗਿਆਨਕ ਤਰੱਕੀ ਦੇ ਬਾਵਜੂਦ ਹਾਲੇ ਵੀ ਸਾਡੇ ਸਮਾਜ ਵਿਚ ਅਨੇਕਾਂ ਵਹਿਮ ਭਰਮ ਪਾਏ ਜਾਂਦੇ ਹਨ, ਜਿਨ੍ਹਾਂ ਦੇ ਮੰਨਣ ਨਾਲ ਸਾਡਾ ਸਮਾਂ ਤੇ ਪੈਸਾ ਬਰਬਾਦ ਹੁੰਦਾ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਬੇਸ਼ੱਕ ਇਸ ਧਰਤੀ ਤੇ ਭੂਤਾਂ ਪ੍ਰੇਤਾਂ ਅਤੇ ਆਤਮਾ ਦੀ ਕੋਈ ਹੋਂਦ ਨਹੀਂ ਹੁੰਦੀ ਪਰ ਅਖੌਤੀ ਬਾਬੇ ਹਾਲੇ ਤੱਕ ਵੀ ਚੌਕੀਆਂ ਲਾ ਕੇ ਲੋਕਾਂ ਦੀ ਲੁੱਟ ਕਰ ਰਹੇ ਹਨ। ਇਸ ਲੁੱਟ ਤੋਂ ਸਭ ਨੂੰ ਬਚਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਵਾਲ ਕਰਕੇ ਨੰਗਾ ਕਰਨਾ ਚਾਹੀਦਾ ਹੈ।

ਇਸ ਮੌਕੇ ਰਾਮ ਕੁਮਾਰ ਨੇ ਵਿਦਿਆਰਥੀਆਂ ਨੂੰ ਬਹੁਤ ਸਾਰੇ ਜਾਦੂ ਦੇ ਟਰਿੱਕ ਪੇਸ਼ ਕਰਕੇ ਹੈਰਾਨ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜਾਦੂ ਇਕ ਕਲਾ ਹੈ, ਕੋਈ ਗ਼ੈਬੀ ਸ਼ਕਤੀ ਨਹੀਂ ਹੈ। ਇਸ ਪ੍ਰੋਗਰਾਮ ਦੇ ਅੰਤ ਵਿਚ ਸ੍ਰੀ ਗੁਰਤੇਜ ਸਿੰਘ ਨੇ ਸੰਬੋਧਨ ਕੀਤਾ ਤੇ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਤਰਕਸ਼ੀਲ ਵਿਚਾਰਧਾਰਾ ਨੂੰ ਅਪਣਾਅ ਕੇ ਆਪਣਾ ਭਵਿੱਖ ਸੰਵਾਰਨਾ ਚਾਹੀਦਾ ਹੈ ਤੇ ਅਗਾਂਹ ਵਧਣਾ ਚਾਹੀਦਾ ਹੈ।

**ਆਰ. ਐਸ. ਬੰਗ**
**ਮੀਡੀਆ ਮੁਖੀ, ਜੋਨ ਪਟਿਆਲਾ**

**ਇਕਾਈ ਮਾਨਸਾ**

ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਮਾਨਸਾ ਵੱਲੋਂ ਅਗਸਤ 2025 ਦੇ ਅਖੀਰਲੇ ਹਫਤੇ ਮਾਸਟਰ ਲੱਖਾ ਸਿੰਘ ਸਹਾਰਨਾ ਦੀ ਅਗਵਾਈ ਵਿੱਚ ਇਕਾਈ ਮਾਨਸਾ ਅਤੇ ਝੁਨੀਰ ਦੇ ਤਰਕਸ਼ੀਲ ਸਾਥੀਆਂ ਹਰਬੰਸ ਢਿੱਲੋਂ, ਗੁਰਦੀਪ ਸਿੰਘ, ਕੈਪਟਨ ਗੁਲਾਬ ਸਿੰਘ, ਕ੍ਰਿਸ਼ਨ ਮਾਨ-ਬੀਬੜੀਆਂ ਆਦਿ ਦੇ ਸਹਿਯੋਗ ਨਾਲ ਪਬਲਿਕ ਸਕੂਲ ਬਾਬਾ ਫਰੀਦ ਪਿੰਡ ਉੱਭਾ, ਸ.ਸ.ਸ.ਸ ਮੂਸਾ, ਸ.ਸ.ਸ.ਸ.ਰਾਏਪੁਰ, ਸ.ਸ.ਸ.ਸ ਬਾਜੇਵਾਲਾ, ਸ.ਮਿ.ਸ ਲਾਲਿਆਂਵਾਲੀ, ਗੁਰੂ ਨਾਨਕ ਪਬਲਿਕ ਸਕੂਲ ਨੰਗਲ ਕਲਾਂ, ਸ.ਸ.ਸ.ਸ. ਝੁਨੀਰ, ਗਿਆਨ ਸਰੋਵਰ ਪਬਲਿਕ ਸਕੂਲ ਫੱਤਾ ਮਾਲੋਕਾ ਆਦਿ ਸਕੂਲਾਂ ਵਿੱਚ ਸਾਹਿਤ ਵੈਨ ਦੀ ਪ੍ਰਦਰਸ਼ਨੀ ਲਗਾਈ ਗਈ। ਸਾਰੇ ਸਕੂਲਾਂ ਵਿੱਚ ਅਧਿਆਪਕਾਂ ਵੱਲੋਂ ਚੰਗਾ ਸਹਿਯੋਗ ਮਿਲਿਆ। ਬੱਚਿਆਂ ਨੇ ਕਿਤਾਬਾਂ ਖਰੀਦਣ ਵਿੱਚ ਰੁਚੀ ਦਿਖਾਈ। ਕਿਤਾਬਾਂ ਦੇਣ ਦੇ ਨਾਲ ਨਾਲ ਮਾਸਟਰ ਲੱਖਾ ਸਿੰਘ ਜੀ ਨੇ ਸਕੂਲਾਂ ਵਿੱਚ ਜਾ ਕੇ ਤਰਕਸ਼ੀਲਤਾ ਕੀ ਹੈ? ਤਰਕਸ਼ੀਲ ਸੁਸਾਇਟੀ ਦੇ ਮੁੱਖ ਉਦੇਸ਼ ਕੀ ਹਨ? ਆਦਿ ਵਿਸ਼ਿਆਂ ਬਾਰੇ ਵਿਦਿਆਰਥੀਆਂ ਨੂੰ ਇਕੱਤਰ ਕਰਕੇ ਵਿਸਥਾਰਿਤ ਚਾਨਣਾ ਪਾਇਆ। ਇਹਨਾਂ ਸਕੂਲਾਂ ਵਿੱਚ ਬੱਚਿਆਂ ਨੇ ਲਗਪੱਗ 18 ਹਜਾਰ ਦਾ ਸਾਹਿਤ ਖਰੀਦਿਆਂ। ਕਈ ਸਕੂਲਾਂ ਨੇ ਤਰਕਸ਼ੀਲ ਸੁਸਾਇਟੀ ਦੇ ਮੈਗਜੀਨ ਦੇ ਨਵੇਂ ਚੰਦੇ ਵੀ ਲਗਵਾਏ। ਕਈ ਸਕੂਲਾਂ ਦੇ ਅਧਿਆਪਕਾਂ ਨੇ ਇਸੇ ਤਰ੍ਹਾਂ ਪ੍ਰਦਰਸ਼ਨੀ ਹਰ ਸਾਲ ਜਾਰੀ ਰੱਖਣ ਲਈ ਪ੍ਰੇਰਿਤ ਵੀ ਕੀਤਾ।

**ਹਰਬੰਸ ਸਿੰਘ**
**ਵਿੱਤ ਮੁਖੀ, ਇਕਾਈ ਮਾਨ**

**ਜ਼ੋਨ ਲੁਧਿਆਣਾ**

5 ਦਸੰਬਰ ਨੂੰ ਸ, ਹਾਈ ਸਕੂਲ ਜਵੱਦੀ (ਲੁਧਿ.) ਵਿੱਚ ਸ਼ਮਸ਼ੇਰ ਨੂਰਪੁਰੀ ਦੀ ਨਿਰਦੇਸ਼ਨਾ ਹੇਠ ਨਾਟਕ ਭਗਤ ਸਿੰਘ ਦੀ ਪੇਸ਼ਕਾਰੀ ਚ ਪੰਚਮ ਅਤੇ ਰਜਿੰਦਰ ਜੰਡਿਆਲੀ ਨੇ ਖੂਬ ਕਲਾ ਦੇ ਜੌਹਰ ਦਿਖਾਏ। ਜਸਵੰਤ ਜੀਰਖ ਨੇ ਵਿਗਿਆਨਕ ਵਿਚਾਰਧਾਰਾ ਦੀ ਮਹੱਤਤਾ ਅਤੇ ਸਤੀਸ਼ ਸੱਚਦੇਵਾ ਨੇ ਨਰੋਈ ਸਿਹਤ ਬਾਰੇ ਜਾਣਕਾਰੀ ਸਾਂਝੀ ਕੀਤੀ। ਬਲਵਿੰਦਰ ਸਿੰਘ ਨੇ ਚੇਤਨਾ ਪ੍ਰੀਖਿਆ ਸਰਟੀਫਿਕੇਟ ਵੰਡੇ। ਰੰਜਨਾ ਜੰਡਿਆਲੀ ਨੇ ਪ੍ਰਬੰਧਕੀ ਜੁਮੇਂਵਾਰੀਆਂ ਨਿਭਾਈਆਂ। ਮੁੱਖ ਅਧਿਆਪਕਾ ਕਿਰਨ ਗੁਪਤਾ ਨੇ ਸਭ ਦਾ ਧੰਨਵਾਦ ਕੀਤਾ। ਵਿਦਿਆਰਥੀਆ ਨੇ ਪ੍ਰੋਗਰਾਮ ਖੂਬ ਮਾਣਿਆ।

ਜ਼ੋਨ ਲੁਧਿਆਣਾ ਵਲੋਂ ITI (ਲੜਕੀਆਂ) ਲੁਧਿਆਣਾ ਵਿਖੇ **7** ਨਵੰਬਰ **2025** ਨੂੰ ਸ਼ਮਸ਼ੇਰ ਨੂਰਪੁਰੀ ਨੇ ਰੀਤੀ ਰਿਵਾਜ ਅਤੇ ਤਿਉਹਾਰਾਂ ਦਾ ਸਮਾਜ ਤੇ ਪ੍ਰਭਾਵ ਬਾਰੇ ਭਾਸ਼ਨ ਅਤੇ ਸਵਾਲਾਂ ਦੇ ਜਵਾਬ ਦਿੱਤੇ। 'ਵਰਤ' ਵਿਸ਼ੇ ਉੱਤੇ ਲੇਖ ਮੁਕਾਬਲੇ ਦੀ ਜੇਤੂ ਨੂੰ ਸ਼੍ਰੀ ਭੀਮ ਚੰਦ ਵੱਲੋਂ ਇਕ ਹਜਾਰ ਰੁਪਏ ਅਤੇ ਸਭ ਨੂੰ ਕਿਤਾਬਾਂ ਦਿਤੀਆਂ ਗਈਆਂ। ਇਸ ਪ੍ਰੋਗਰਾਮ ਦੀ ਸਫਲਤਾ ਵਿੱਚ ਪ੍ਰਿੰਸੀਪਲ, ਸਟਾਫ ਅਤੇ ਰਜਿੰਦਰ ਜੰਡਿਆਲੀ ਦਾ ਭਰਪੂਰ ਯੋਗਦਾਨ ਰਿਹਾ।

**ਹਰਚੰਦ ਭਿੰਡਰ**
**ਮੀਡੀਆ ਮੁਖੀ, ਲੁਧਿਆਣਾ ਜ਼ੋਨ**

## 'ਫਿਲਾਸਫ਼ੀ ਦਾ ਮਹੱਤਵ' ਲੇਖ ਸਬੰਧੀ ਪ੍ਰਤੀਕਰਮ

ਅਦਾਰਾ ਤਰਕਸ਼ੀਲ ਨੇ ਆਪਣੇ ਸਤੰਬਰ-ਅਕਤੂਬਰ 2025 ਅੰਕ ਵਿੱਚ, ਬਰਟਰੰਡ ਰਸਲ ਦਾ ਲਿਖਿਆ 'ਫਿਲਾਸਫੀ ਦਾ ਮਹੱਤਵ' ਵਾਲਾ, ਲੇਖ ਛਾਪਕੇ ਫਲਸਫੇ ਵਰਗੇ ਗੰਭੀਰ ਵਿਸ਼ੇ ਬਾਰੇ ਪਾਠਕਾਂ ਨੂੰ ਜਾਣਕਾਰੀ ਦੇਣ ਲਈ ਜੋ ਕਦਮ ਵਧਾਇਆ ਹੈ, ਉਹਦੇ ਲਈ ਅਦਾਰਾ ਪ੍ਰਸ਼ੰਸਾ ਦਾ ਹੱਕਦਾਰ ਹੈ। ਪਰ ਅਗਲੇ ਹੀ ਅੰਕ 'ਚ ਕਿਸੇ ਪਾਠਕ ਦਾ ਛਪਿਆ ਖ਼ਤ ਕਿ ਇਹ ਲਿਖਤ ਸਮਝ ਤੋਂ ਬਾਹਰ ਹੈ, ਨੂੰ ਸੰਬੋਧਿਤ ਹੋਣ ਦੀ ਲੋੜ ਹੈ। ਉਮੀਦ ਕਰਦੇ ਹਾਂ ਕਿ ਇਸ ਅਹਿਮ ਮਸਲੇ ਨੂੰ ਹੋਰ ਸੁਖਾਲੀ ਭਾਸ਼ਾ 'ਚ ਲਿਖਕੇ ਪਾਠਕਾਂ ਦੇ ਇਸ ਇਤਰਾਜ਼ ਨੂੰ ਦੂਰ ਕਰਿਆ ਜਾਵੇਗਾ। ਪਰ ਇਸ ਲੇਖ ਵਿਚਲੀ ਸਮੱਗਰੀ ਕੁੱਝ ਸੁਆਲ ਖੜ੍ਹੇ ਕਰਦੀ ਹੈ।

ਜਿਵੇਂ ਇਸ ਲੇਖ ਦੇ ਅੰਤਲੇ ਪਹਿਰਿਆਂ ਵਿੱਚ ਕਿਹਾ ਗਿਆ ਹੈ ਕਿ 'ਜਿਹੜਾ ਮਨ ਫਲਸਫੀ ਚਿੰਤਨ ਦੀ ਆਜ਼ਾਦੀ ਅਤੇ ਨਿਰਪੱਖਤਾ ਦਾ ਆਦੀ ਹੋ ਜਾਂਦਾ ਹੈ, ਉਹ ਆਪਣੇ ਅਮਲ ਤੇ ਭਾਵਨਾਵਾਂ ਦੇ ਪ੍ਰਗਟਾਅ ਵਿੱਚ ਵੀ ਇਸੇ ਆਜਾਦੀ ਨਾਲ ਪੇਸ਼ ਆਵੇਗਾ। ਮਨੁੱਖ ਦੀ ਅਸਲੀ ਆਜਾਦੀ, ਸੌੜੀਆਂ ਉਮੀਦਾਂ ਅਤੇ ਡਰਾਂ ਤੋਂ ਮੁਕਤੀ ਦਾ ਰਾਜ਼, ਵਿਸ਼ਵ ਨਾਗਰਿਕਤਾ ਵਿੱਚ ਲੁਕਿਆ ਹੋਇਆ ਹੈ।' ਪਰ ਲੇਖ ਵਿੱਚ ਇਸ ਗੱਲ ਦਾ ਜਵਾਬ ਨਹੀਂ ਦਿੰਦਾ ਕਿ ਮਨ ਆਜ਼ਾਦ ਤੇ ਨਿਰਪੱਖ ਕਿਵੇਂ ਹੋਵੇਗਾ?

ਹਕੀਕਤ ਇਹ ਹੈ ਕਿ ਫਲਸਫੇ ਦੀਆਂ ਦੋ ਧਾਰਾਵਾਂ ਹਨ- ਇੱਕ ਮੁਤਾਬਕ ਮਨ/ਵਿਚਾਰ ਆਲੇਦੁਆਲੇ ਦੀਆਂ ਹਾਲਤਾਂ/ਵਸਤਾਂ ਦਾ ਬਿੰਬ ਹੈ। ਯਾਨੀ ਕਿ ਜਿੰਨਾ ਆਲਾ-ਦੁਆਲਾ, ਸਮਾਜ ਤੇ ਖਾਧ ਖੁਰਾਕ ਮਨੁੱਖਾਂ ਲਈ ਅਮਨ ਚੈਨ ਵਾਲਾ ਤੇ ਅਰਾਮਦਾਇਕ ਹੋਵੇਗਾ, ਓਨਾ ਹੀ ਮਨ ਸ਼ਾਂਤ ਤੰਦਰੁਸਤ ਤੇ ਰੋਸ਼ਨ ਹੋਵੇਗਾ। ਇਸੇ 'ਚੋਂ ਹੀ ਮਨੁੱਖ ਆਪਣੇ ਆਲੇ ਦੁਆਲੇ ਨੂੰ, ਇਹਦੇ ਨਿਯਮਾਂ ਨੂੰ ਸਮਝਕੇ, ਮਨੁੱਖਾਂ ਦੇ ਰਹਿਣ ਲਈ ਇਹਨੂੰ ਬਿਹਤਰ ਬਣਾਉਣ (ਬਦਲਣ) ਲਈ ਚੇਤੰਨ ਤੇ ਸਰਗਰਮ ਦਖਲਅੰਦਾਜੀ ਕਰਦਾ ਆਇਆ ਹੈ। ਜਿਵੇਂ ਕਿ ਤਰਕਸ਼ੀਲ ਸੁਸਾਇਟੀ ਸਮਾਜ ਵਿੱਚੋਂ ਅੰਧ ਵਿਸ਼ਵਾਸ਼ਾਂ ਨੂੰ ਦੂਰ ਕਰਨ ਲਈ ਹਕੀਕੀ ਜ਼ਿੰਦਗੀ 'ਚ ਸਰਗਰਮ ਭੂਮਿਕਾ ਨਿਭਾ ਰਹੀ ਹੈ।

ਫਲਸਫੇ ਦੀ ਦੂਜੀ ਧਾਰਾ ਮੁਤਾਬਕ ਮਨ ਆਜਾਦ ਹੈ, ਚੰਗਾ ਬੁਰਾ ਬਣਨ ਲਈ ਇਹਨੂੰ ਖੁਦ ਨੂੰ ਸੁਧਰਨਾ ਚਾਹੀਦਾ ਹੈ, ਆਲਾ ਦੁਆਲਾ ਤਾਂ ਇਸਦੀ ਸੋਚ ਮਾਤਰ ਹੀ ਹੈ ਜਾਂ ਆਲਾਦੁਆਲਾ ਤਾਂ ਕਿਸੇ ਸਰਬਸ਼ਕਤੀਮਾਨ ਦੁਆਰਾ ਇੱਕ ਵਾਰ 'ਚ ਹੀ ਸਿਰਜਿਆ ਹੋਇਆ ਹੈ ਅਤੇ ਇਹ ਅਬਦਲ ਹੈ, ਮਨੁੱਖ ਇਸ ਸਬੰਧੀ ਕੁੱਝ ਨਹੀਂ ਕਰ ਸਕਦਾ।

ਫਲਸਫੇ ਦੀ ਪਹਿਲੀ ਵਿਚਾਰਧਾਰਾ ਮੁਤਾਬਕ ਜਿਨ੍ਹਾਂ ਮਨੁੱਖਾਂ ਦੀਆਂ ਜਿਉਣ ਹਾਲਤਾਂ ਵਧੀਆ ਹਨ, ਜਿਨ੍ਹਾਂ ਦਾ ਜਿਓਣ ਸਾਧਨਾਂ/ਸਰੋਤਾਂ ਉਪਰ ਕਬਜਾ ਹੈ, ਉਨ੍ਹਾਂ ਦਾ ਮਨ ਅਜਿਹੀ ਹਾਲਤ ਨੂੰ ਜੈਸੇ ਥੇ ਵਾਲੀ ਹਾਲਤ ਯਾਨੀ ਕਿ ਬਰਕਰਾਰ ਰੱਖਣ ਦਾ ਪੱਖੀ ਹੋਵੇਗਾ, ਇਹਨਾਂ ਨੂੰ ਬਦਲਣ ਦਾ ਵਿਰੋਧੀ ਹੋਵੇਗਾ। ਪਰ ਇਹਦੇ ਉਲਟ ਜਿਹੜੇ ਲੋਕੀਂ ਆਪਣੇ ਗੁਜਾਰੇ ਲਈ ਹਰ ਵਕਤ ਜ਼ਿੰਦਗੀ ਦੀਆਂ ਹਕੀਕੀ ਸੱਚਾਈਆਂ ਨਾਲ ਦੋ-ਚਾਰ ਹੁੰਦੇ ਰਹਿੰਦੇ ਹਨ, ਉਨ੍ਹਾਂ ਦਾ ਮਨ ਇਹਨਾਂ ਹਾਲਤਾਂ ਨੂੰ ਬਦਲਣ ਦੇ ਪੱਖ ਵਿੱਚ ਹੁੰਦਾ ਹੈ। ਅਜਿਹੇ ਹਾਲਾਤ 'ਚ ਮਨ ਕਿਵੇਂ ਨਿਰਪੱਖ ਰਹੇਗਾ?

ਇਸ ਲੇਖ ਵਿਚਲੀ ਇੱਕ ਹੋਰ ਗੱਲ ਕਿ ਮਨੁੱਖੀ ਦੇਹ ਦੀਆਂ ਲੋੜਾਂ ਰੋਟੀ-ਕੱਪੜਾ-ਮਕਾਨ ਵਰਗੀਆਂ ਆਪਣੀਆਂ ਜਰੂਰਤਾਂ ਪੂਰੀਆਂ ਕਰਨ ਤੋਂ ਬਾਅਦ ਹੀ ਮਨ ਦੀਆਂ ਲੋੜਾਂ ਆਉਂਦੀਆਂ ਹਨ ਅਤੇ ਇੱਥੇ ਹੀ ਫਿਲਾਸਫੀ ਦੀ ਥਾਂ ਹੈ, ਠੀਕ ਨਹੀਂ ਹੈ। ਅਸਲ 'ਚ ਆਪਣੇ ਪੂਰੇ ਵਿਕਾਸ ਅਮਲ ਦੌਰਾਨ ਮਨੁੱਖ ਇਹਨਾਂ ਲੋੜਾਂ ਦੇ ਰੂਬਰੂ ਹੋਇਆ ਅਤੇ ਇਹਨਾਂ ਦੀ ਪੂਰਤੀ ਕੀਤੀ ਅਤੇ ਇਓਂ ਕਰਦਿਆਂ ਵੀ ਉਸਦਾ ਹੋਰਨਾਂ ਜੀਵਾਂ ਦੇ ਮੁਕਾਬਲੇ ਆਪਣੀ ਸੂਝ/ਚੇਤਨਾ ਨਾਲ ਕੁਦਰਤੀ ਸ਼ਕਤੀਆਂ ਨਾਲ ਅਤੇ ਆਪਣੇ ਬਚਾਓ ਲਈ ਸੰਘਰਸ਼ ਦਾ ਇੱਕ ਬਹੁਤ ਹੀ ਲੰਮਾ ਦੌਰ ਗੁਜ਼ਰਿਆ। ਆਪਣੀ ਸਮਝ ਦੀ ਸੀਮਤਾਈ ਨਾਲ ਉਹਨੇ ਕੁਦਰਤੀ ਵਰਤਾਰਿਆਂ ਨੂੰ ਸਮਝਿਆ ਅਤੇ ਆਪਣਾ ਬਚਾਓ ਕੀਤਾ ਅਤੇ ਅੱਗੇ ਵੱਲ ਕਦਮ ਵਧਾਏ। ਫਲਸਫੇ ਦਾ ਨਾਮ ਨਾਲ ਜਾਣੇ ਜਾਂਦੇ ਮਨੁੱਖ ਦੇ ਇਹ ਵਿਚਾਰ ਉਹਦੇ ਆਪਣੇ ਆਲੇ ਦੁਆਲੇ ਨਾਲ ਸੰਘਰਸ਼ ਦੀ ਗਾਥਾ ਹਨ ਅਤੇ ਉਹਦੀ ਇਹੀ ਸੋਝੀ ਹੀ ਮਨੁੱਖ ਨੂੰ ਹੋਰਨਾਂ ਜੀਵ ਜੰਤੂਆਂ ਨਾਲੋਂ ਅਲੱਗ ਕਰਦੀ ਹੈ।

ਫਲਸਫੇ ਨੂੰ ਕੇਵਲ ਸਵਾਲ ਖੜ੍ਹੇ ਕਰਨ ਤੱਕ ਸੀਮਤ ਕਰਨਾ ਉਚਿਤ ਨਹੀਂ ਹੈ। ਅਗਰ ਇਹ ਸਵਾਲ ਮਨੁੱਖਤਾ ਲਈ ਅਹਿਮ ਬਣਦੇ ਹਨ ਤਾਂ ਮਨੁੱਖ ਨੇ ਇਹਨਾਂ ਸੁਆਲਾਂ ਦੇ ਜਵਾਬ ਲੱਭੇ ਵੀ ਹਨ ਤੇ ਹੋਰਨਾਂ ਦੇ ਲੱਭ ਵੀ ਰਿਹਾ ਹੈ। ਉਮੀਦ ਹੈ ਕਿ ਪਰਚਾ ਇਸ ਸਬੰਧੀ ਸਪੱਸ਼ਟਤਾ ਪ੍ਰਦਾਨ ਕਰੇਗਾ।

**ਪ੍ਰਿਤਪਾਲ ਸਿੰਘ, 98760 60289**

# ਇਸ ਪ੍ਰਤੀਕਰਮ ਦਾ ਉੱਤਰ

**ਆਓ ਸੁਰੱਖਿਆ ਛਤਰੀ 'ਚੋਂ ਬਾਹਰ ਆਈਏ**

ਪ੍ਰਿਤਪਾਲ ਜੀ ਵੱਲੋਂ ਰਸਲ ਦੇ ਫਿਲਾਸਫੀ ਬਾਰੇ ਲੇਖ ਬਾਰੇ ਕੁਝ ਪ੍ਰਤੀਕਰਮ ਆਏ ਹਨ, ਜੋ ਇਕ ਸ਼ੁਭ ਸ਼ਗਨ ਹੈ। ਕਿਸੇ ਲਿਖਤ ਦਾ, ਪਾਠਕ ਦੇ ਮਨ ਵਿਚ ਸੁਆਲ ਖੜ੍ਹੇ ਕਰਨਾ ਹੀ, ਉਸ ਦੀ ਕਾਮਯਾਬੀ ਦੀ ਨਿਸ਼ਾਨੀ ਹੈ। ਰਸਲ ਨੇ ਇਹ ਲੇਖ ਇਕ ਸਦੀ ਪਹਿਲਾਂ ਲਿਖਿਆ ਸੀ, ਜਿਸ ਵਿਚਲੇ ਸੁਨੇਹੇ ਦੀ ਅੱਜ ਵੀ ਪ੍ਰਸੰਗਿਕਤਾ ਹੈ। ਸੋਲ੍ਹਵੀਂ ਸਤਾਰਵੀਂ ਸਦੀ ਤੋਂ ਪਹਿਲਾਂ ਫਿਲਾਸਫੀ ਨੇ ਸਾਰੇ ਵਿਗਿਆਨਾਂ (ਭੌਤਿਕ, ਰਸਾਇਣਕ, ਮੈਡੀਕਲ, ਤਾਰਾ-ਵਿਗਿਆਨ, ਹਿਸਾਬ, ਤਰਕ ਆਦਿ) ਨੂੰ ਕਲਾਵੇ ਵਿੱਚ ਲਿਆ ਹੋਇਆ ਸੀ, ਜੋ ਹੌਲੀ ਹੌਲੀ ਢਿੱਲਾ ਹੁੰਦਾ ਗਿਆ ਅਤੇ ਸਾਰੇ ਵਿਗਿਆਨਾਂ ਨੇ ਆਪੋ ਆਪਣੀਆਂ ਰਿਆਸਤਾਂ ਕਾਇਮ ਕਰ ਲਈਆਂ। ਇਸੇ ਲਈ ਅੱਜ ਕੱਲ੍ਹ ਦੇ ਵਿਗਿਆਨੀ, ਉਹ ਚਾਹੇ ਨੋਬਲ ਇਨਾਮ ਜੇਤੂ ਵੀ ਹੋਣ, ਇੱਕ ਤਕਨੀਸ਼ਨ ਦੇ ਪੱਧਰ ਤੱਕ ਹੇਠਾਂ ਡਿੱਗ ਚੁੱਕੇ ਹਨ। ਫਿਲਾਸਫੀ ਤੋਂ ਦੂਰ ਹੋਣ ਕਰਕੇ, ਉਹ ਖੋਜ ਕਾਰਜਾਂ ਵਿੱਚ ਤਾਂ ਮੱਲਾਂ ਮਾਰੀ ਜਾਂਦੇ ਹਨ, ਪਰ ਉਨਾਂ ਦੀ ਸਮਾਜ ਪ੍ਰਤੀ ਪਹੁੰਚ ਸਤਹੀ ਹੈ।

ਆਪਾਂ ਸਾਰੇ ਇਸ ਦਾ ਖਮਿਆਜਾ ਭੁਗਤ ਰਹੇ ਹਾਂ। ਡਾਕਟਰਾਂ, ਇੰਜਨੀਅਰਾਂ, ਏ.ਆਈ. ਮਾਹਿਰਾਂ ਦੀ ਤਾਂ ਭਰਮਾਰ ਹੈ, ਪਰ ਆਏ ਦਿਨ ਨਿਘਰ ਰਹੀ ਸਿਆਸੀ, ਸਮਾਜਿਕ, ਮਾਨਸਿਕ ਸਿਹਤ ਲਈ ਰਾਹ ਦਰਸਾਵਾ ਕੋਈ ਨਹੀਂ। ਇਹ ਕੰਮ ਫਿਲਾਸਫੀ ਵਿੱਚ ਦਿਲਚਸਪੀ ਨੇ ਹੀ ਕਰਨਾ ਹੈ, ਜਿਸ ਨਾਲ ਸਹੀ ਸਮੇਂ, ਸਹੀ ਸੁਆਲ ਖੜੇ ਕਰਨ ਦੀ ਜਾਂਚ ਆਵੇਗੀ। ਹੁਣ ਬਹੁਤਾ ਮੀਡੀਆ ਅਤੇ ਸ਼ੋਸ਼ਲ ਮੀਡੀਆ ਫੰਡਰ ਸੁਆਲਾਂ ਅਤੇ ਬਹਿਸਾਂ ਨਾਲ ਭਰਿਆ ਪਿਆ ਹੈ। ਇਸ ਦਾ ਸਾਹਮਣਾ ਫਲਸਫੀ ਬਣ ਕੇ ਹੀ ਕੀਤਾ ਜਾ ਸਕਦਾ ਹੈ।

ਸੁਆਲ ਹੈ ਕਿ 'ਮਨ ਆਜਾਦ ਅਤੇ ਨਿਰਪੱਖ ਕਿਵੇਂ ਹੋਵੇ?' ਉਂਜ ਤਾਂ 'ਮਨ', 'ਆਜਾਦੀ,' 'ਨਿਰਪੱਖਤਾ,' ਆਦਿ ਸੰਕਲਪਾਂ ਬਾਰੇ ਪੂਰੇ ਪੂਰੇ ਲੇਖ ਲਿਖੇ ਜਾ ਸਕਦੇ ਹਨ, ਪਰ ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਮਾਤੀ ਸਮਾਜਾਂ ਵਿੱਚ, ਅਨਪੜ੍ਹਾਂ ਅਤੇ ਪੜ੍ਹਿਆਂ ਦੇ ਮਨ, ਆਪੋ ਆਪਣੇ ਪੂਰਵ-ਗ੍ਰਹਿਾਂ (prejudices) ਨਾਲ ਦੂਸ਼ਿਤ ਹੁੰਦੇ ਹਨ ਅਤੇ ਉਹ ਵਰਤਾਰਿਆਂ ਨੂੰ ਉਵੇਂ ਨਹੀਂ ਦੇਖ ਸਕਦੇ, ਜਿਵੇਂ ਉਹ ਅਸਲ ਵਿੱਚ ਹੁੰਦੇ ਹਨ। ਜੇ ਉਹ ਆਪਣੀ ਇਸ ਸੀਮਤਾਈ ਬਾਰੇ ਬਾਖ਼ਬਰ ਹੋਣ ਤਾਂ, ਮਨ ਨੂੰ ਉਲਾਰ, ਅੰਤਰਮੁਖੀ ਹੋਣੋ ਬਚਾਇਆ ਜਾ ਸਕਦਾ ਹੈ ਅਤੇ ਉਸ ਨੂੰ ਵੱਧ ਤੋਂ ਵੱਧ ਬਾਹਰਮੁਖੀ ਅਤੇ ਨਿਰਪੱਖ ਹੋ ਕੇ ਚਿੰਤਨ ਕਰਨ ਲਈ ਛੱਡਿਆ ਜਾ ਸਕਦਾ ਹੈ। ਜਿੰਨਾ ਕਿਸੇ ਦਾ ਮਨ, ਪੂਰਵ-ਗ੍ਰਹਿਾਂ, ਆਪੇ ਬਣਾਈਆਂ ਧਾਰਨਾਵਾਂ ਦੇ ਚਿੱਕੜ ਵਿਚੋਂ ਬਾਹਰ ਨਿਕਲੇਗਾ, ਉਨਾਂ ਹੀ ਉਹ ਆਜਾਦੀ ਨਾਲ ਪਰਖ ਸਕੇਗਾ, ਸੋਚ ਸਕੇਗਾ। ਇਹੀ ਵਿਗਿਆਨਕ ਸੁਭਾਅ ਦਾ ਸਾਰ ਹੈ। ਸੋਚ ਸਮਝ ਅਤੇ ਚਿੰਤਨ ਵਿੱਚ ਜਿੰਨਾ ਹੋ ਸਕੇ, ਆਜਾਦੀ, ਬਾਹਰਮੁਖਤਾ ਅਤੇ ਨਿਰਪੱਖਤਾ ਉਪਰ ਨਿਰਭਰਤਾ ਹੋਣੀ ਚਾਹੀਦੀ ਹੈ, ਅਤੇ ਸਿਆਸੀ-ਸਮਾਜਿਕ ਅਮਲ ਵਿੱਚ ਲੋੜੀਂਦਾ ਪੱਖਪਾਤ ਜਾਇਜ਼ ਹੈ। ਇਸ ਦੀ ਡਾਇਲੈਕਟਿਸ ਨੂੰ ਸਮਝਣ ਲਈ ਹੋਰ ਆਪਸੀ ਵਿਚਾਰ ਚਰਚਾ ਦੀ ਲੋੜ ਹੈ।

ਪੀੜਤ ਉਨ੍ਹਾਂ ਚਿਰ ਪੀੜਤ ਹੀ ਰਹੂ, ਜਿੰਨਾਂ ਚਿਰ ਉਹ ਸਥਿਤੀਆਂ ਦੇ ਛੱਪੜ ਵਿੱਚ ਡੁੱਬਿਆ ਹੋਇਆ ਹੈ, ਉਸ ਦੀ ਸਥਿੱਤੀ ਵਿੱਚ ਸੁਧਾਰ ਦੀ ਪਹਿਲੀ ਸ਼ਰਤ ਹੈ, ਉਹ ਆਪਣਾ ਸਿਰ ਪਾਣੀ ਤੋਂ ਬਾਹਰ ਕੱਢੇ। ਇਹ ਉਸ ਨੇ ਆਪਣੇ ਵਰਗਿਆਂ ਨਾਲ ਰਲ ਕੇ ਹੀ ਕਰਨਾ ਹੈ। ਉਨ੍ਹਾਂ ਨੂੰ ਇਸ ਲਈ ਕਿਵੇਂ ਤਿਆਰ ਕੀਤਾ ਜਾਵੇ, ਇਹ ਫਿਲਾਸਫੀ ਦਾ ਸੁਆਲ ਹੈ, ਤਬਦੀਲੀ ਦੇ ਜਾਚਕਾਂ ਲਈ ਸੁਆਲ ਹੈ। ਇਹ ਲੇਖ ਇਸੇ ਗੱਲ ਦੀ ਕਾਮਨਾ ਕਰਦਾ ਹੈ। ਵਿਚਾਰਾਂ ਦਾ ਆਦਾਨ ਪ੍ਰਦਾਨ ਜਾਰੀ ਰਹਿਣਾ ਚਾਹੀਦਾ ਹੈ। ਇਹ ਇੱਕ ਲੇਖ ਨਾਲ ਨਜਿੱਠਿਆ ਜਾਣ ਵਾਲਾ ਮਸਲਾ ਨਹੀਂ।

-0-

ਇਹ ਠੀਕ ਹੈ ਕਿ ਜਾਣ ਬੁਝ ਕੇ ਲਿਖਤ ਨੂੰ ਔਖਾ ਨਹੀਂ ਬਣਾਉਣਾ ਚਾਹੀਦਾ। ਦਾਰਸ਼ਨਿਕ ਲਿਖਤ ਵਿੱਚ ਪਾਠਕ, ਪੈਸਿਵ ਨਹੀਂ, ਸਗੋਂ ਐਕਟਿਵ ਭਾਗੀਦਾਰ ਹੁੰਦਾ ਹੈ। ਜਿਹੜੀਆਂ ਗੱਲਾਂ ਬਿਨਾਂ ਜ਼ੋਰ ਲਾਇਆਂ ਸਮਝ ਆ ਜਾਣ, ਤਾਂ ਇਹ ਮੰਨ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਥੋਡੀ ਅਕਲ ਵਿੱਚ ਵਾਧਾ ਨਹੀਂ ਕੀਤਾ। ਤੁਸੀਂ ਉਥੇ ਹੀ ਖੜੇ ਹੋ, ਜਿੱਥੇ ਪੜ੍ਹਨ ਤੋਂ ਪਹਿਲਾਂ ਸੀ।

ਲਿਖਤ ਨੂੰ ਸੌਖਾ ਬਣਾਉਣ ਦੀ ਸਲਾਹ ਬਾਰੇ ਮਾਰਕਸ ਦਾ ਇਹ ਕਥਨ ਧਿਆਨ ਵਿੱਚ ਰੱਖਣ ਦੀ ਲੋੜ ਹੈ, ਜੋ ਸੁਰੱਖਿਆ ਛੱਤਰੀ ਤੋਂ ਬਾਹਰ ਆਉਣ ਦਾ ਸੱਦਾ ਦਿੰਦਾ ਹੈ। 'ਵਿਗਿਆਨ ਤੱਕ ਜਾਣ ਦਾ ਕੋਈ ਸ਼ਾਹ-ਰਾਹ ਨਹੀਂ ਹੈ। ਸਿਰਫ ਉਹਨਾਂ ਲੋਕਾਂ ਨੂੰ ਹੀ ਇਸ ਦੀਆਂ ਚਮਕਦੀਆਂ ਟੀਸੀਆਂ ਦਾ ਨਜ਼ਾਰਾ ਲੈਣ ਦਾ ਮੌਕਾ ਮਿਲਦਾ ਹੈ, ਜੋ ਇਸ ਦੇ ਖੜ੍ਹਵੇਂ ਰਸਤਿਆਂ ਦੀ ਥਕਾ ਦੇਣ ਵਾਲੀ ਚੜ੍ਹਾਈ ਤੋਂ ਨਹੀਂ ਡਰਦੇ।'

**-ਅਵਤਾਰ ਗੋਂਦਾਰਾ**

# ਵਿਗਿਆਨਕ ਸੋਚ 'ਤੇ ਚੱਲਦਿਆਂ ਮੈਡੀਕਲ ਖੋਜ ਲਈ ਦੋ ਸਰੀਰ ਪ੍ਰਦਾਨ ਕੀਤੇ

ਰਿਟਾਇਰਡ ਅਧਿਆਪਕ ਸੁਖਦੇਵ ਸਿੰਘ ਅਤਲਾ ਕਲਾਂ (ਮਾਨਸਾ) ਵੱਲੋਂ ਦੋ ਸਾਲ ਪਹਿਲਾਂ ਫਾਰਮ ਭਰ ਕੇ ਸਰੀਰਦਾਨ ਕਰਨ ਦੀ ਇੱਛਾ ਅਨੁਸਾਰ ਅਤੇ ਪਰਿਵਾਰ ਦੀ ਸਹਿਮਤੀ ਨਾਲ ਉਨ੍ਹਾਂ ਦੀ ਮ੍ਰਿਤਕ ਦੇਹ ਆਦੇਸ਼ ਮੈਡੀਕਲ ਕਾਲਜ ਬਠਿੰਡਾ ਨੂੰ ਪ੍ਰਦਾਨ ਕੀਤੀ ਗਈ। ਸੁਖਦੇਵ ਸਿੰਘ ਸਾਰੀ ਜ਼ਿੰਦਗੀ ਅਧਿਆਪਕ ਜਥੇਬੰਦੀ ਜੀ.ਟੀ.ਯੂ., ਪੈਨਸ਼ਨਰ ਐਸੋਸੀਏਸ਼ਨ ਅਤੇ ਕਿਸਾਨ ਅੰਦੋਲਨ ਵਿੱਚ ਆਗੂ ਰੋਲ ਕਰਦੇ ਰਹੇ। ਇਸ ਤੋਂ ਇਲਾਵਾ ਸਮਾਜਿਕ ਅਤੇ ਪਰਿਵਾਰਕ ਮਸਲਿਆਂ ਨੂੰ ਹੱਲ ਕਰਨ ਵਿੱਚ ਵੀ ਮਹੱਤਵਪੂਰਨ ਕੰਮ ਕਰਦੇ ਰਹੇ।



**ਸੁਖਦੇਵ ਸਿੰਘ ਅਤਲਾ ਕਲਾਂ**

ਇਸ ਮੌਕੇ ਆਦੇਸ਼ ਮੈਡੀਕਲ ਕਾਲਜ ਦੇ ਡਾਕਟਰ ਸਾਹਿਬਾਨ ਨੇ ਵਿਚਾਰ ਪ੍ਰਗਟ ਕੀਤੇ ਕਿ ਸਰੀਰ ਦਾਨ ਮੈਡੀਕਲ ਦੀ ਪੜ੍ਹਾਈ ਲਈ ਬਹੁਤ ਮਹੱਤਵਪੂਰਨ ਹੈ ਇਸ ਲਈ ਸਾਨੂੰ ਸਭ ਨੂੰ ਅਜਿਹੀ ਲਹਿਰ ਨੂੰ ਸਮਰਥਨ ਦੇਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਗਦਾਨ ਕਰਨ ਉੱਤੇ ਵੀ ਜੋਰ ਦਿੱਤਾ। ਤਰਕਸ਼ੀਲ ਆਗੂ ਨਰਿੰਦਰ ਕੌਰ ਨੇ ਕਿਹਾ ਕਿ ਮਾਸਟਰ ਸੁਖਦੇਵ ਸਿੰਘ ਨੇ ਵਿਅਕਤੀਗਤ ਅਤੇ ਪਰਿਵਾਰਕ ਹਿਤਾਂ ਤੋਂ ਉਪਰ ਉੱਠ ਕੇ ਸਮਾਜਿਕ ਸਰੋਕਾਰਾਂ ਨੂੰ ਪਹਿਲ ਦਿੱਤੀ।

ਇਸ ਮੌਕੇਂ ਸ਼ੋਕ ਯਾਤਰਾ ਵਿੱਚ ਤਰਕਸ਼ੀਲ ਸੋਸਾਇਟੀ ਦੇ ਆਗੂਆਂ, ਪੈਨਸ਼ਨਰਾਂ, ਅਧਿਆਪਕਾਂ, ਪਰਿਵਾਰਕ ਮੈਂਬਰਾਂ–ਮਾਤਾ ਬਲਾਸ ਕੌਰ, ਬੇਟੇ ਰਣਜੀਤ ਸਿੰਘ, ਜਗਤਾਰ ਸਿੰਘ ਬੇਟੀਆਂ ਜਸਵੀਰ ਕੌਰ, ਨੂੰਹਾਂ ਸਰਬਜੀਤ ਕੌਰ, ਡਾ. ਸੁਖਦੀਪ ਕੌਰ, ਭਰਾ ਮੱਘਰ ਸਿੰਘ ਅਤੇ ਨਗਰ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਸੇਵਾ-ਮੁਕਤ ਅਧਿਆਪਕਾ ਮਾਤਾ ਸੁਰਜੀਤ ਕੌਰ ਮਾਨਸਾ ਦਾ ਮ੍ਰਿਤਕ ਸਰੀਰ ਤਰਕਸ਼ੀਲ ਸੋਸਾਇਟੀ ਇਕਾਈ ਮਾਨਸਾ ਰਾਹੀਂ ਆਦੇਸ਼ ਮੈਡੀਕਲ ਕਾਲਜ ਬਠਿੰਡਾ ਨੂੰ ਪ੍ਰਦਾਨ ਕੀਤਾ ਗਿਆ। ਉਨ੍ਹਾਂ ਦੇ ਨੇੜਲੇ ਪਰਿਵਾਰਕ ਸਬੰਧੀਆਂ ਜੀਜਾ ਡਾ. ਕੌਰ ਸਿੰਘ, ਭੈਣਾਂ ਚਰਨਜੀਤ ਕੌਰ ਅਤੇ ਹਰਵਿੰਦਰ ਕੌਰ ਵੀ ਅਗਾਂਹਵਧੂ ਸੋਚ ਦੇ ਧਾਰਨੀ ਹਨ ਜਿਨ੍ਹਾਂ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਸਰੀਰ ਖੋਜ-ਕਾਰਜਾਂ ਲਈ ਪ੍ਰਦਾਨ ਕੀਤਾ ਗਿਆ।



**ਸੁਰਜੀਤ ਕੌਰ ਮਾਨਸਾ**

ਇਸ ਮੌਕੇ ਆਦੇਸ਼ ਮੈਡੀਕਲ ਕਾਲਜ ਤੋਂ ਆਏ ਡਾਕਟਰ ਸਾਹਿਬ ਨੇ ਤਰਕਸ਼ੀਲ ਸੋਸਾਇਟੀ ਦਾ ਧੰਨਵਾਦ ਕਰਦੇ ਹੋਏ ਉਸ ਮੌਕੇ ਹਾਜਰ ਰਿਸ਼ਤੇਦਾਰਾਂ ਅਤੇ ਸ਼ਹਿਰ ਨਿਵਾਸੀਆਂ ਨੂੰ ਕਿਹਾ ਕਿ ਉਹ ਸਰੀਰ ਦਾਨ ਅਤੇ ਅੰਗ ਦਾਨ ਲਈ ਅੱਗੇ ਆਉਣ। ਇਕਾਈ ਮੁਖੀ ਮਾ. ਲੱਖਾ ਸਿੰਘ ਨੇ ਜਦੋਂ ਅਸੀਂ ਵਧੀਆ ਇਲਾਜ ਚਾਹੁੰਦੇ ਹਾਂ ਤਾਂ ਅਸੀਂ ਸਰੀਰ ਦਾਨ ਲਈ ਵੀ ਵਧ ਚੜ੍ਹ ਕੇ ਅੱਗੇ ਆਈਏ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇਕੇ ਨੇ ਵੀ ਪਰਿਵਾਰ ਅਤੇ ਤਰਕਸ਼ੀਲ ਸੋਸਾਇਟੀ ਦੇ ਇਸ ਅਗਾਂਹਵਧੂ ਕਦਮ ਦੀ ਸ਼ਲਾਘਾ ਕੀਤੀ।

ਸਰੀਰ ਪ੍ਰਦਾਨ ਕਰਨ ਮੌਕੇ ਕੱਢੀ ਗਈ ਲੰਮੀ ਸ਼ੋਕ ਯਾਤਰਾ ਵਿੱਚ ਤਰਕਸ਼ੀਲ ਆਗੂਆਂ ਹਰਬੰਸ ਸਿੰਘ, ਮਾ. ਮਰਿੰਦਰਪਾਲ ਅਤਲਾ, ਗੁਰਦੀਪ ਸਿੰਘ, ਕ੍ਰਿਸ਼ਨ ਮਾਨਬੀਬੜੀਆਂ, ਨਰਿੰਦਰ ਕੌਰ, ਜਸਵੰਤ ਸਿੰਘ ਨੇ ਤਰਕਸ਼ੀਲ ਸੋਚ ਨਾਲ ਸਬੰਧਿਤ ਨਾਹਰੇ ਲਗਾਏ।

## ਸ਼ੋਕ ਮਤਾ

**ਇਕਾਈ ਖਰੜ ਦੇ ਉਮੀਦਵਾਰ ਮੈਂਬਰ ਸ਼ੇਕਇੰਦਰ ਸਿੰਘ ਦੀ ਪਤਨੀ ਸ਼੍ਰੀਮਤੀ ਗੁਰਮੇਲ ਕੌਰ ਦੇ ਸਦੀਵੀ ਵਿਛੋੜੇ 'ਤੇ ਤਰਕਸ਼ੀਲ ਸੋਸਾਇਟੀ ਦੀ ਇਕਾਈ ਖਰੜ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੁੰਦੀ ਹੈ।**

# ਰੂੜ੍ਹੀਵਾਦੀ ਰਸਮਾਂ ਤੋਂ ਰਹਿਤ ਦੋ ਸਤਿਕਾਰ ਸਮਾਗਮ

## ਸ਼੍ਰੀ ਦਾਸ ਰਾਮ ਖਟਕੜ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਸਾਬਕਾ ਜਥੇਬੰਦਕ ਮੁਖੀ ਕੁਲਵਿੰਦਰ ਖਟਕੜ ਅਤੇ ਸੁੱਚਾ ਰਾਮ ਦੇ ਪਿਤਾ ਸ਼੍ਰੀ ਦਾਸ ਰਾਮ ਖਟਕੜ ਪਿਛਲੇ ਦਿਨੀਂ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੇ ਨਮਿੱਤ ਧਾਰਮਿਕ ਰਸਮਾਂ ਤੋਂ ਰਹਿਤ ਸਤਿਕਾਰ ਸਮਾਗਮ ਵਿਗਿਆਨਕ ਅਤੇ ਤਰਕਸ਼ੀਲ ਅਗਾਂਹਵਧੂ ਵਿਚਾਰਾਂ ਵਾਲਾ ਇੱਕ ਵਿਸ਼ਾਲ ਯਾਦਗਾਰੀ ਸਮਾਗਮ ਹੋ ਨਿਬੜਿਆ।

ਤਰਕਸ਼ੀਲ ਆਗੂ ਸੱਤਪਾਲ ਸਲੋਹ, ਲੋਕ ਮੋਰਚਾ ਪੰਜਾਬ ਦੇ ਆਗੂ ਅਮੋਲਕ ਸਿੰਘ, ਡੀ.ਟੀ.ਐਫ ਆਗੂ ਜਸਵਿੰਦਰ ਔਜਲਾ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਕਿਹਾ ਕਿ ਦੇਸ਼ ਵਿੱਚ ਹੁੰਦੀਆਂ ਬਹੁਤ ਸਾਰੀਆਂ ਮੌਤਾਂ ਦਾ ਕਾਰਨ ਇਥੋਂ ਦਾ ਮਾੜਾ ਪ੍ਰਬੰਧ ਅਤੇ ਮਾੜੀਆਂ ਜਿਉਣ ਹਾਲਤਾਂ ਹਨ। ਉਹਨਾਂ ਲੋਕਾਂ ਨੂੰ ਕਿਹਾ ਕਿ ਚੰਗੇਰਾ ਲੋਕਪੱਖੀ ਪ੍ਰਬੰਧ ਸਿਰਜਣ ਲਈ ਸਾਨੂੰ ਇੱਕਮੁੱਠ ਹੋ ਕੇ ਸੰਘਰਸ਼ਾਂ ਦੇ ਰਾਹ ਤੁਰਨ ਦੀ ਲੋੜ ਹੈ। ਡਾਇਟੀਸ਼ੀਅਨ ਮੈਡਮ ਪ੍ਰਵੀਨ ਵਰਮਾਨੀ ਨੇ ਮਨੁੱਖ ਦੀਆਂ ਮਿੱਤਰ ਬੀਮਾਰੀਆਂ ਬੁਖਾਰ, ਲੂਜ਼ ਮੋਸ਼ਨ ਅਤੇ ਰੇਸ਼ਾ ਜ਼ੁਕਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਤਰਕਸ਼ੀਲ ਸੁਸਾਇਟੀ ਦੇ ਜ਼ੋਨ ਆਗੂ ਬਲਵਿੰਦਰ ਕੌਰ ਸਲੋਹ, ਸੁਖਦੇਵ ਫਗਵਾੜਾ, ਸੂਬਾਈ ਆਗੂ ਜਸਵਿੰਦਰ ਫਗਵਾੜਾ ਅਤੇ ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਮੌਕਿਆਂ ਤੇ ਵੇਲਾ ਵਿਹਾ ਚੁੱਕੀਆਂ ਰੂੜੀਵਾਦੀ ਰਸਮਾਂ ਨੂੰ ਤਿਲਾਂਜਲੀ ਦੇ ਕੇ ਵਿਗਿਆਨਕ ਅਤੇ ਤਰਕਸ਼ੀਲ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਚਾਹੀਦਾ ਹੈ। ਕਹਾਣੀਕਾਰ ਅਜਮੇਰ ਸਿੱਧੂ ਨੇ ਚੰਗੀਆਂ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਕਿਤਾਬਾਂ ਮਨੁੱਖੀ ਜੀਵਨ ਨੂੰ ਜਿਊਣਯੋਗ ਬਣਾਉਣ ਵਿੱਚ ਸਹਾਈ ਹੁੰਦੀਆਂ ਹਨ। ਧਰਮਿੰਦਰ ਮਸਾਣੀ ਨੇ ਇਸ ਮੌਕੇ ਇੱਕ ਇਨਕਲਾਬੀ ਕਲਾਮ ਪੇਸ਼ ਕੀਤਾ। ਸੁਖਵਿੰਦਰ ਲੰਗੇਰੀ ਵਲੋਂ ਤਰਕਸ਼ੀਲ ਸਾਹਿਤ ਦਾ ਸਟਾਲ ਅਤੇ ਨਿੰਦਰ ਮਾਈਦਿੱਤਾ ਵਲੋਂ ਤਰਕਸ਼ੀਲ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਵਾਤਾਵਰਨ ਨੂੰ ਸ਼ੁੱਧ ਅਤੇ ਸੁੰਦਰ ਬਣਾਉਣ ਲਈ ਪੌਦੇ ਅਤੇ ਤਰਕਸ਼ੀਲ ਮੈਗਜ਼ੀਨ ਵੀ ਵੰਡੇ ਗਏ। ਇਸ ਸਮਾਗਮ ਦੀ ਸਟੇਜ ਸੰਚਾਲਨਾ ਮਾ ਜਗਦੀਸ਼ ਦੁਆਰਾ ਕੀਤੀ ਗਈ। ਅੰਤ ਵਿੱਚ ਸੁੱਚਾ ਰਾਮ ਪੀ.ਟੀ. ਨੇ ਸਮਾਗਮ ਵਿੱਚ ਸ਼ਾਮਲ ਸਭਨਾਂ ਦਾ ਪਰਿਵਾਰ ਵਲੋਂ ਧੰਨਵਾਦ ਕੀਤਾ।

## ਮਾਤਾ ਹਰਬੰਸ ਕੌਰ ਸੂੰਨੀ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਬੰਗਾ ਦੇ ਜਥੇਬੰਦਕ ਮੁਖੀ ਹਰਜਿੰਦਰ ਸੂੰਨੀ ਅਤੇ ਸਟੇਟ ਅਵਾਰਡੀ ਲੈਕ. ਸਤਨਾਮ ਸਿੰਘ ਸੂੰਨੀ ਦੇ ਮਾਤਾ ਹਰਬੰਸ ਕੌਰ ਪਿਛਲੇ ਦਿਨੀਂ ਸਾਨੂੰ ਸਦਾ ਲਈ ਵਿਛੋੜਾ ਦੇ ਗਏ ਸਨ। ਉਹਨਾਂ ਦੇ ਨਮਿੱਤ ਸਤਿਕਾਰ ਸਮਾਗਮ ਪਿੰਡ ਸੂੰਨੀ ਵਿਖੇ ਕਰਵਾਇਆ ਗਿਆ।

ਤਰਕਸ਼ੀਲ ਆਗੂ ਸੱਤਪਾਲ ਸਲੋਹ ਅਤੇ ਜੋਨ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਨੇ ਕਿਹਾ ਕਿ ਜ਼ਿਆਦਾਤਰ ਮੌਤਾਂ ਸਿਹਤ ਸਹੂਲਤਾਂ ਦਾ ਘਟੀਆ ਪ੍ਰਬੰਧ, ਸੜਕਾਂ ਦੀ ਭੈੜੀ ਦਸ਼ਾ, ਟ੍ਰੈਫਿਕ ਕੰਟਰੋਲ ਦੀ ਘਾਟ, ਖ਼ਾਧ ਖੁਰਾਕ ਵਿੱਚ ਮਿਲਾਵਟਖੋਰੀ ਅਤੇ ਪ੍ਰਦੂਸ਼ਿਤ ਵਾਤਾਵਰਨ ਕਾਰਨ ਹੁੰਦੀਆਂ ਹਨ। ਲੈਕ. ਨਰੇਸ਼ ਗੜ੍ਹਸ਼ੰਕਰ ਅਤੇ ਐੱਸ.ਸੀ. ਬੀ.ਸੀ. ਆਗੂ ਰਾਮ ਕਿਸ਼ਨ ਪੱਲੀਝਿੱਕੀ ਨੇ ਕਿਹਾ ਕਿ ਸਾਡੇ ਮਾਪਿਆਂ ਨੇ ਸਖ਼ਤ ਮਿਹਨਤਾਂ ਕਰਕੇ ਸਾਨੂੰ ਪੈਰਾਂ ’ਤੇ ਖੜ੍ਹੇ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਸਾਨੂੰ ਆਪਣੇ ਮਾਤਾ ਪਿਤਾ ਦਾ ਸਦਾ ਸਤਿਕਾਰ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਸੱਭਿਆਚਾਰਕ ਵਿਭਾਗ ਦੇ ਮੁਖੀ ਜੋਗਿੰਦਰ ਕੁੱਲੇਵਾਲ ਨੇ ਖ਼ੂਨ ਦਾਨ, ਅੰਗਦਾਨ ਅਤੇ ਸਰੀਰਦਾਨ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਮੌਕਿਆਂ ਤੇ ਵੇਲਾ ਵਿਹਾ ਚੁੱਕੀਆਂ ਘਸੀਆਂ ਪਿਟੀਆਂ ਰੂੜੀਵਾਦੀ ਰਸਮਾਂ ਨੂੰ ਤਿਲਾਂਜਲੀ ਦੇ ਕੇ ਵਿਗਿਆਨਕ ਅਤੇ ਤਰਕਸ਼ੀਲ ਸੱਭਿਆਚਾਰ ਸਿਰਜਣਾ ਚਾਹੀਦਾ ਹੈ। ਸ਼ਿੰਗਾਰਾ ਰਾਮ ਭੱਜਲ ਟਿਊਬਵੈੱਲ ਕਾਰਪੋਰੇਸ਼ਨ, ਮੁਲਖ ਰਾਜ ਅਤੇ ਹੋਰਾਂ ਵਲੋਂ ਵੀ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸੁਖਵਿੰਦਰ ਲੰਗੇਰੀ ਵਲੋਂ ਤਰਕਸ਼ੀਲ ਸਾਹਿਤ ਦਾ ਸਟਾਲ ਲਗਾਇਆ ਗਿਆ ਅਤੇ ਸਟਾਲ ਤੇ ਆਏ ਲੋਕਾਂ ਨੂੰ ਚੰਗਾ ਸਾਹਿਤ ਪੜ੍ਹਨ ਲਈ ਪ੍ਰੇਰਿਆ ਗਿਆ। ਸਰਪੰਚ ਨਿੰਦਰ ਮਾਈ ਦਿੱਤਾ ਵਲੋਂ ਤਰਕਸ਼ੀਲ ਪ੍ਰਦਰਸ਼ਨੀ ਲਗਾਈ ਗਈ ਜੋ ਸਮਾਗਮ ਦੀ ਖਿੱਚ ਦਾ ਕੇਂਦਰ ਬਣੀ। ਇਸ ਮੌਕੇ ਤਰਕਸ਼ੀਲ ਸਾਹਿਤ ਅਤੇ ਫ਼ਲਦਾਰ, ਫੁੱਲਦਾਰ ਅਤੇ ਛਾਂਦਾਰ, ਪੌਦੇ ਆਏ ਹੋਏ ਸਾਰੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਵੰਡੇ ਗਏ। ਸਮੁੱਚੀ ਸਟੇਜੀ ਕਾਰਵਾਈ ਪ੍ਰਿੰਸੀਪਲ ਸੋਹਣ ਸਿੰਘ ਸੂੰਨੀ ਦੁਆਰਾ ਚਲਾਈ ਗਈ ਅਤੇ ਅੰਤ ਸਭ ਉਨ੍ਹਾਂ ਨੇ ਰਿਸ਼ਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਦਾ ਧੰਨਵਾਦ ਕੀਤਾ।

**ਰਿਪੋਰਟਾਂ - ਮਾ. ਜਗਦੀਸ਼ ਰਾਏਪੁਰ ਡੱਬਾ, ਜਥੇਬੰਦਕ ਮੁਖੀ ਜ਼ੋਨ ਨਵਾਂ ਸ਼ਹਿਰ**

**ਮਿੰਨੀ ਕਹਾਣੀ**

## ਹਨੇਰੀ ਸੁਰੰਗ

ਗੁਰਬਾਜ਼ ਦਾ ਪਰਿਵਾਰ ਬਹੁਤ ਸਾਲਾਂ ਤੋਂ ਡੇਰੇ ਨਾਲ ਜੁੜਿਆ ਹੋਇਆ ਸੀ। ਜ਼ਮੀਨ ਠੇਕੇ ਤੇ ਦਿੱਤੀ ਹੋਣ ਕਾਰਨ ਉਸ ਦੇ ਪਿਤਾ ਕਈ ਕਈ ਦਿਨ ਡੇਰੇ ਸੇਵਾ ਲਈ ਲਾ ਆਉਂਦੇ। ਛੋਟੀ ਉਮਰ ਤੋਂ ਹੀ ਗੁਰਬਾਜ਼ ਪੜ੍ਹਾਈ ਦੇ ਨਾਲ-ਨਾਲ ਆਪਣੇ ਪਿਤਾ ਨਾਲ ਡੇਰੇ ਵੀ ਜਾਣ ਲੱਗ ਪਿਆ ਸੀ। ਪੜ੍ਹਾਈ ਤੋਂ ਬਾਅਦ ਡੇਰੇ ਦੇ ਬਾਬਾ ਜੀ ਤੋਂ ਉਸ ਦੀ ਨੌਕਰੀ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਭਾਈ ਇਹਦੇ ਕਰਮਾਂ ਵਿੱਚ ਤਾਂ ਡੇਰੇ ਦੀ ਸੇਵਾ ਲਿਖੀ ਹੋਈ ਹੈ, ਤੁਸੀਂ ਕਿਧਰ ਤੁਰੇ ਫਿਰਦੇ ਹੋ?" ਬਾਬੇ ਨੂੰ ਪਤਾ ਸੀ ਕਿ ਇਨ੍ਹਾਂ ਦਾ ਗੁਜ਼ਾਰਾ ਤਾਂ ਜ਼ਮੀਨ ਦੇ ਠੇਕੇ ਨਾਲ ਹੋਈ ਜਾਣਾ, ਇੱਕ ਪੜ੍ਹੇ ਲਿਖੇ ਊਰਜਾਵਾਨ ਨੌਜਵਾਨ ਨੂੰ ਡੇਰੇ ਤੋਂ ਕਿਉਂ ਦੂਰ ਕਰਨਾ। ਮਾਪਿਆਂ ਨੇ ਸੱਤਬਚਨ ਕਹਿ ਕੇ ਮੱਸਿਆ, ਪੁੰਨਿਆ, ਸੰਗਰਾਂਦ ਤੇ ਹੋਰ ਦਿਨ ਦਿਹਾੜੇ 'ਤੇ ਗੁਰਬਾਜ਼ ਨੂੰ ਡੇਰੇ ਭੇਜਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਹ ਡੇਰੇ ਵਾਲਿਆਂ ਦਾ ਚਹੇਤਾ ਬਣ ਗਿਆ। ਭਾਵੇਂ ਗੁਰਬਾਜ਼ ਹੁਣ ਕਬੀਲਦਾਰ ਵੀ ਹੋ ਗਿਆ ਸੀ ਪਰ ਡੇਰੇ ਵਾਲੇ ਉਸ 'ਤੇ ਜ਼ੁੰਮੇਵਾਰੀਆਂ ਦਾ ਬੋਝ ਦਿਨੋ ਦਿਨ ਹੋਰ ਵਧਾਉਂਦੇ ਗਏ।

ਇੱਕ ਦਿਨ ਗੁਰਬਾਜ਼ ਦਾ ਫੋਨ ਆਇਆ, 'ਯਾਰ ਸਰੀਰ ਥੋੜ੍ਹਾ ਠੀਕ ਨਹੀਂ ਲੱਗਦਾ, ਸਾਹ ਬਹੁਤ ਚੜ੍ਹਦਾ, ਕਿਹੜੇ ਡਾਕਟਰ ਨੂੰ ਵਿਖਾਈਏ?' ਮੈਂ ਕਿਹਾ, "ਜਦੋਂ ਮਰਜੀ ਆ ਜਾਓ, ਸਾਰਾ ਚੈੱਕਅੱਪ ਕਰਵਾ ਲਵਾਂਗੇ।" ਮੇਰੇ ਨਾਲ ਦੂਜੇ ਦਿਨ ਦਾ ਵਾਅਦਾ ਕਰਕੇ ਜਦੋਂ ਦੁਪਹਿਰ ਤੱਕ ਉਹ ਨਾ ਆਇਆ ਤਾਂ ਫੋਨ ਕਰਨ ਤੇ ਉਸ ਨੇ ਦੱਸਿਆ ਕਿ ਅੱਜ ਸੁਭਾ ਸੰਤਾਂ ਨੇ ਬੁਲਾ ਲਿਆ ਸੀ, ਹੁਣ ਅਗਲੇ ਹਫਤੇ ਆਊਂ। ਦੋ ਦਿਨ ਬਾਅਦ ਪਿੰਡੋਂ ਕਿਸੇ ਮਿੱਤਰ ਨੇ ਫੋਨ ਕਰਕੇ ਦੱਸਿਆ ਕਿ ਰਾਤ ਡੇਰੇ ਵਿੱਚ ਗੁਰਬਾਜ਼ ਲਈ ਦਿਲ ਦਾ ਦੌਰਾ ਜਾਨ ਲੇਵਾ ਸਾਬਤ ਹੋਇਆ। ਮਨ ਬਹੁਤ ਦੁਖੀ ਹੋਇਆ। ਸਸਕਾਰ ਤੋਂ ਬਾਅਦ ਭੋਗ ਤੇ ਵੀ ਗਿਆ। ਸੰਤਾਂ ਨੇ ਜੀਵਨ ਮੌਤ ਦੇ ਫਲਸਫੇ ਤੇ ਪ੍ਰਵਚਨ ਕਰਦਿਆਂ ਕਿਹਾ, "ਭਾਈ ਸੰਗਤੇ ਗੁਰਬਾਜ਼ ਸਿੰਘ ਕਰਮਾਂ ਵਾਲਾ ਸੀ ਜਿਸ ਨੇ ਅੰਤਿਮ ਸਵਾਸ ਡੇਰੇ ਵਿੱਚ ਲਏ, ਮੈਂ ਤਾਂ ਹੁਣ ਉਸ ਦੇ ਪੁੱਤਰ ਅਮਨ ਨੂੰ ਵੀ ਕਹਾਂਗਾ ਕਿ ਉਹ ਆਪਣੇ ਬਾਪ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਡੇਰੇ ਨੂੰ ਵੱਧ ਤੋਂ ਵੱਧ ਸਮਾਂ ਦੇਵੇ।" ਭੋਗ ਉਪਰੰਤ ਉਸ ਦੇ ਬੇਟੇ ਅਮਨ ਨੇ ਮੇਰੇ ਗਲ ਲੱਗ ਰੋਂਦਿਆਂ ਕਿਹਾ, "ਅੰਕਲ ਜੀ, ਜੇਕਰ ਪਾਪਾ ਤੁਹਾਡੀ ਗੱਲ ਮੰਨ ਕੇ ਆਪਣੇ ਟੈਸਟ ਵਗੈਰਾ ਕਰਵਾ ਲੈਂਦੇ ਤਾਂ ਅੱਜ ਉਹ ਸਿਰਫ ਸੱਠ ਸਾਲ ਦੀ ਉਮਰ ਵਿੱਚ ਹੀ ਸਾਨੂੰ ਛੱਡ ਕੇ ਨਾ ਜਾਂਦੇ। ਅੱਗੋਂ ਉਹ ਕਹਿੰਦੇ ਇਹ ਕਰਮਾਂ ਵਾਲੇ ਸੀ। ਭਲਾਂ ਅਸੀਂ ਕਰਮਾਂ ਵਾਲੇ ਕਿਵੇਂ ਹੋਏ? ਮੈਂ ਤਾਂ ਨ੍ਹੀ ਵੜਦਾ ਹੁਣ ਉਸ ਡੇਰੇ, ਜਿਸ ਨੇ ਸਾਡਾ ਵਸਦਾ ਰਸਦਾ ਘਰ ਉਜਾੜ ਦਿੱਤਾ। ਅੱਲ੍ਹੜ ਉਮਰੇ ਬਾਪ ਦਾ ਸਾਇਆ ਸਿਰ ਤੋਂ ਉੱਠ ਜਾਣ ਸਦਕਾ ਅਮਨ ਨੂੰ ਡੇਰੇ ਵੱਲ ਜਾਂਦਾ ਰਾਹ, ਹਨੇਰੀ ਸੁਰੰਗ ਜਾਪਣ ਲੱਗਾ ਸੀ। ਜਿਸ ਨੇ ਉਸਦੇ ਬਾਪ ਦੀ ਜ਼ਿੰਦਗੀ ਨਿਗਲ ਲਈ ਸੀ।

**ਕੁਲਦੀਪ ਮਾਣੂੰਕੇ** (98147 22408)

## ਕੁਦਰਤ ਦਾ ਕਹਿਰ

ਕੁਦਰਤ ਦਾ ਜੋ ਕਹਿਰ ਹੋਇਆ ਹੈ
ਰਾਤ ਸਵੇਰ ਦੁਪਹਿਰ ਹੋਇਆ ਹੈ
ਇੱਕ ਦੋ ਘੜੀਆਂ ਦੀ ਗੱਲ ਛੱਡੋ
ਇਹ ਤਾਂ ਅੱਠੋ ਪਹਿਰ ਹੋਇਆ ਹੈ
ਅੱਠ ਪਹਿਰ ਤੋਂ ਚੇਤੇ ਆਇਆ
ਕੰਮ ਨਾ ਆਏ ਕੱਟੇ ਚੁਪਹਿਰੇ
ਮੰਦਰ ਮਸਜਿਦ ਗਿਰਜੇ ਡੁੱਬੇ
ਡੁੱਬ ਗਏ ਸਾਡੇ ਗੁਰੂ ਦੁਆਰੇ
ਬੜੀ ਡੰਡੌਤ ਸੀ ਰੱਬ ਦੀ ਕੀਤੀ
ਪਰ ਉਸ ਸੁਣੇ ਨਾ ਸਾਡੇ ਹਾੜੇ
ਕਰਦੇ ਰਹਿ ਗਏ ਰੱਬ ਦੀ ਪੂਜਾ
ਕੁਦਰਤ ਨੂੰ ਅਸੀਂ ਭੁੱਲ ਗਏ ਸਾਰੇ
ਰੱਬ ਨੂੰ ਨਹੀਂ ਕੁਦਰਤ ਨੂੰ ਜਾਣੋ
ਉਸ ਚੋਂ ਆਪਣਾ ਆਪ ਪਛਾਣੋ
ਕੁਦਰਤ ਨੂੰ ਨਾ ਛੇੜੋ ਯਾਰੋ
ਨਾ ਮੁਸੀਬਤ ਘੇਰੋ ਯਾਰੋ
ਮੁਨਾਫੇ ਲਈ ਵਿਗਿਆਨ ਨਹੀਂ ਹੁੰਦਾ
ਭੀੜ ਪਈ ਭਗਵਾਨ ਨਹੀਂ ਹੁੰਦਾ
ਕੁਦਰਤ ਭੇਦ ਬੁਝਾਰਤ ਬੁਝੇ
ਇਸ ਖਾਤਰ ਵਿਗਿਆਨੀ ਰੁੱਝੇ
ਜੇ ਜੀਵਨ ਸਾਇੰਸ ਅਪਣਾਵਾਂਗੇ
ਕੈਪਟਨ ਖੁਸ਼ਹਾਲ ਕਹਾਵਾਂਗੇ
ਤਾਂ ਹੀ ਖੁਸ਼ਹਾਲ ਹੋ ਪਾਵਾਂਗੇ
ਤਾਂ ਹੀ ਖੁਸ਼ਹਾਲ ਹੋ ਪਾਵਾਂਗੇ।

**ਕੈਪਟਨ ਮਾਨਾਂਵਾਲਾ ਕਲਾਂ**
**78378 28717**

# ਲੇਖ ਰਚਨਾ ਮੁਕਾਬਲਾ-3

**ਇਸ ਵਾਰ ਦੇ ਲੇਖ ਮੁਕਾਬਲੇ ਦਾ ਵਿਸ਼ਾ ਸੀ 'ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ'। ਇਸ ਮੁਕਾਬਲੇ ਲਈ ਆਈਆਂ 20 ਦੇ ਲਗਪੱਗ ਰਚਨਾਵਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਸ੍ਰੀ ਰੁਲਦੂ ਸਿੰਘ ਪਿੰਡ ਕੋਟਲੀ ਕਲਾਂ ਨੇ ਅਤੇ ਦੂਸਰਾ ਸਥਾਨ ਹਾਸਲ ਕੀਤਾ ਮਾਇਆ ਦੇਵੀ ਮੈਮੋਰੀਅਲ ਸਕੂਲ, ਕੇਰਾ ਖੇੜਾ ਦੀ ਵਿਦਿਆਰਥਣ ਜੈਸਮੀਨ ਕੌਰ ਨੇ। ਇਹ ਦੋਵੇਂ ਰਚਨਾਵਾਂ ਕੁਝ ਸੰਖੇਪ ਰੂਪ ਵਿੱਚ ਅੱਗੇ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ**

**'ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ।'**

ਇਹ ਸਤਰ ਸਮਾਜ ਵਿੱਚ ਧਾਰਮਿਕ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿੱਚ ਕਾਰਜਸ਼ੀਲ ਵਿਰੋਧਤਾਈਆਂ ਦੀ ਹੀ ਗੱਲ ਕਰਦੀ ਹੈ। ਬਲਦੀਆਂ ਮਸ਼ਾਲਾਂ ਅਤੇ ਰਾਤ ਵਿਰੋਧੀ ਤਾਕਤਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਕਾਰਲ ਮਾਰਕਸ ਦੇ ਕਥਨ ਮੁਤਾਬਕ ਹੁਣ ਤੱਕ ਦਾ ਸਮਾਜ ਜਮਾਤੀ ਸੰਘਰਸ਼ਾਂ ਦਾ ਹੀ ਇਤਿਹਾਸ ਹੈ। ਚਾਨਣ ਅਤੇ ਹਨੇਰੇ ਦਾ ਸੰਘਰਸ਼ ਹਰ ਵਕਤ ਚਲਦਾ ਰਹਿੰਦਾ ਹੈ। ਜਦੋਂ ਸਮਾਜਿਕ ਜੀਵਨ ਵਿੱਚ ਖੜੋਤ ਹੁੰਦੀ ਹੈ, ਇਸ ਤਰ੍ਹਾਂ ਲੱਗਦਾ ਹੈ ਕਿ ਕਾਲੀ ਹਨੇਰੀ ਰਾਤ ਹੈ, ਰੋਸ਼ਨੀ ਦੀ ਕੋਈ ਕਿਰਨ ਦਿਖਾਈ ਨਹੀਂ ਦਿੰਦੀ ਤਾਂ ਸਮਾਜ ਆਪਣੇ ਵਿੱਚੋਂ ਹੀ ਕਾਰਜਸ਼ੀਲ ਵਿਰੋਧਤਾਈਆਂ ਦੇ ਕਾਰਨ ਮਸ਼ਾਲਾਂ ਨੂੰ ਸਿਰਜਦਾ ਹੈ, ਜੋ ਸਮਾਜ ਵਿੱਚ ਰਾਤ ਦੀ ਤਰ੍ਹਾਂ ਸਥਾਪਿਤ ਕੁਸੰਗਤੀਆਂ ਨੂੰ ਤੋੜਦੀਆਂ ਅਗਾਂਹ ਵੱਲ ਲੰਮੀ ਛਾਲ ਮਾਰਦੀਆਂ ਹਨ। ਇਹ ਮਸ਼ਾਲਾਂ, ਭਾਵ ਅਗਾਂਹਵਧੂ ਸ਼ਕਤੀਆਂ ਆਪ ਹੀ ਨਹੀਂ ਬਲਦੀਆਂ ਸਗੋਂ ਦੱਬੀਆਂ ਕੁਚਲੀਆਂ ਜਮਾਤਾਂ ਨੂੰ ਹਨੇਰੇ ਵਿੱਚ ਸਹੀ ਰਾਹ ਦੇਖਣ ਲਈ ਪ੍ਰੇਰਿਤ ਕਰਦੀਆਂ ਹਨ ਅਤੇ ਨਵੇਂ ਸਵੇਰੇ ਦੀ ਆਮਦ ਤੱਕ ਮਸ਼ਾਲਾਂ ਬਣ ਕੇ ਜਗਦੀਆਂ ਹਨ।

ਗੁਲਾਮਦਾਰੀ ਦੌਰ ਦੇ ਸਮਾਜਿਕ ਸਬੰਧ ਇਸਤੋਂ ਅਗਲੇ ਜਗੀਰੂ ਸਮਾਜ ਵਿੱਚ ਵਿਕਸਿਤ ਹੋਏ ਤਾਂ ਗੁਲਾਮਾਂ ਨੇ ਆਪਣੇ ਆਪ ਨੂੰ ਕੁਝ ਚੰਗੀ ਹਾਲਤ ਵਿੱਚ ਦੇਖਿਆ। ਪਰ ਅੱਗੇ ਇਹ ਯੁੱਗ ਵੀ ਇੱਕ ਲੰਮੀ ਕਾਲੀ ਰਾਤ ਸੀ। ਇਕ ਗੁਲਾਮੀ ਤੋਂ ਦੂਸਰੀ ਕਿਸਮ ਦੀ ਗੁਲਾਮੀ ਅਤੇ ਮੁਥਾਜਗੀ, ਜਿਸ ਵਿੱਚ ਮੁਜਾਰਾ ਜਮਾਤ ਦੀ ਆਰਥਿਕ ਲੁੱਟ ਹੀ ਨਹੀਂ ਸੀ ਹੁੰਦੀ ਸਗੋਂ ਉਸਨੂੰ ਸਮਾਜਿਕ ਜ਼ਲੀਲਤਾ ਵੀ ਸਹਿਣੀ ਪੈਂਦੀ ਸੀ। ਯੂਰਪੀ ਸਮਾਜ ਵਿੱਚ ਨਵ-ਜਾਗਰਣ ਦੇ ਦਰਸ਼ਨ ਵੇਤਾਵਾਂ ਨੇ ਮਸ਼ਾਲਾਂ ਬਣ ਕੇ, ਜਗੀਰੂ ਸਮਾਜ ਦੀ ਗਤੀਰੋਧਕ ਤਾਕਤਾਂ ਨੂੰ ਤੋੜ ਕੇ, ਸਮਾਜ ਨੂੰ ਅਗਾਂਹ ਵੱਲ ਗਤੀ ਦਿੱਤੀ। ਚਰਚ ਨੂੰ ਰਾਜ-ਸੱਤਾ ਤੋਂ ਵੱਖ ਕੀਤਾ ਅਤੇ ਚਰਚ ਦੀ ਸਰਵਉੱਚਤਾ ਨੂੰ ਤੋੜ ਕੇ ਮਨੁੱਖ ਨੂੰ ਕੇਂਦਰ ਵਿੱਚ ਲੈ ਆਂਦਾ।

ਪੂੰਜੀਵਾਦੀ ਜਮਾਤ ਨੇ ਸੱਤਾ ਉੱਤੇ ਕਬਜ਼ਾ ਕਰਕੇ ਮਨੁੱਖਾਂ ਦੁਆਰਾ ਪੈਦਾ ਕੀਤੇ ਹੱਕਾਂ ਨੂੰ ਕੁਚਲ ਕੇ ਮੁੜ ਦਿਨ ਨੂੰ ਰਾਤ ਵਿੱਚ ਬਦਲ ਦਿੱਤਾ। ਜਿਵੇਂ ਦਿਨ ਤੋਂ ਬਾਅਦ ਰਾਤ ਹੁੰਦੀ ਹੈ ਉਸੇ ਤਰ੍ਹਾਂ ਪੂੰਜੀਵਾਦੀ ਸਮਾਜ ਨੇ ਵੀ ਬਹੁ ਗਿਣਤੀ ਵਸੋਂ ਨੂੰ ਮਨੁੱਖੀ ਸ਼ਾਨ ਤੋਂ ਮਹਿਰੂਮ ਹੀ ਰੱਖਿਆ ਹੈ। ਨਵੀਂ ਪੂੰਜੀਵਾਦੀ ਜਮਾਤ ਵੀ ਆਪਣੀ ਵਿਰੋਧੀ ਜਮਾਤ ਦੀ ਲੁੱਟ ਉੱਪਰ ਖੜੀ ਪਰਜੀਵੀ ਜਮਾਤ ਹੀ ਹੈ। ਇਹ ਪੂੰਜੀਪਤੀ ਜਮਾਤ ਕੇਵਲ ਆਪਣੀ ਯੂਰਪੀ ਮਜ਼ਦੂਰ ਜਮਾਤ ਦੀ ਹੀ ਲੁੱਟ ਨਹੀਂ ਕਰਦੀ ਸੀ ਸਗੋਂ ਸਾਮਰਾਜਵਾਦ ਦੀ ਸ਼ਕਲ ਵਿੱਚ ਆਪਣੀਆਂ ਕਲੋਨੀਆਂ ਦੀ ਲੁੱਟ ਖਸੁੱਟ ਵੀ ਕਰਦੀ ਸੀ। ਕਲੋਨੀਆਂ ਦੇ ਵਸਨੀਕਾਂ ਨੇ ਇਸ ਨੂੰ ਚੁੱਪ ਚਾਪ ਕਬੂਲ ਨਹੀਂ ਸੀ ਕਰ ਲਿਆ ਸਗੋਂ ਆਰੰਭ ਤੋਂ ਹੀ ਕਿਸੇ ਨਾ ਕਿਸੇ ਸ਼ਕਲ ਵਿੱਚ, ਬਦਲਦੀਆਂ ਹਾਲਤਾਂ ਵਿੱਚ, ਬਦਲਦੇ ਰੂਪਾਂ ਵਿੱਚ, ਜਦੋ ਜਹਿਦ ਅਤੇ ਆਪਣੀ ਗੁਲਾਮੀ ਨੂੰ ਖਤਮ ਕਰਨ ਵਾਲੀ ਆਜ਼ਾਦੀ ਦੀ ਮਸ਼ਾਲ ਜਗਦੀ ਰੱਖੀ।

ਇਹ ਜਮਾਤੀ ਜਦੋਜਹਿਦਾਂ ਸਿਧਾਂਤ ਦੀ ਰੋਸ਼ਨੀ ਵਿੱਚ ਹੀ ਅਗਾਂਹ ਵੱਧ ਸਕਦੀਆਂ ਹਨ ਜਿਸ ਲਈ ਲੋਕ-ਪੱਖੀ ਚਿੰਤਕਾਂ ਨੇ ਇਸ ਵਿੱਚ ਬਣਦਾ ਹਿੱਸਾ ਪਾਇਆ। ਥਿਊਰੀ-ਪ੍ਰੈਕਟਿਸ-ਥਿਊਰੀ ਮਨੁੱਖਤਾ ਨੂੰ ਰਾਤ ਦੇ ਖਾਤਮੇ ਲਈ ਕਾਰਗਰ ਹੋ ਸਕਦੀ ਹੈ। ਸਾਡੀਆਂ ਜਗਦੀਆਂ ਮਸ਼ਾਲਾਂ ਅਤੇ ਜਦੋਜਹਿਦਾਂ ਨੇ ਇਹ ਕੰਮ ਬਾਖੂਬੀ ਕੀਤਾ ਹੈ। ਇਹ ਮਸ਼ਾਲਾਂ ਜਗਦੀਆਂ ਹੀ ਰਹਿਣੀਆਂ ਚਾਹੀਦੀਆਂ ਹਨ, ਜਦੋਂ ਤੱਕ ਜਮਾਤ-ਰਹਿਤ, ਜਾਤ-ਰਹਿਤ, ਵਿਤਕਰੇ-ਰਹਿਤ ਸਮਾਜ 'ਬੇਗਮਪੁਰੇ' ਦੀ ਸਥਾਪਨਾ ਨਹੀਂ ਹੁੰਦੀ।

ਤਰਕਸ਼ੀਲ ਸੋਸਾਇਟੀ ਪੰਜਾਬ ਵੀ ਹੋਰ ਜਗਦੀਆਂ ਮਸ਼ਾਲਾਂ ਵਾਂਗ ਇੱਕ ਮਸ਼ਾਲ ਹੀ ਹੈ ਜੋ ਕਿ ਅੰਧਵਿਸ਼ਵਾਸ, ਧਾਰਮਿਕ ਸੰਕੀਰਨਤਾ ਵਿਰੁੱਧ ਜਗ ਰਹੀ ਹੈ। ਹਰ ਵਿਅਕਤੀ ਨੂੰ ਇੱਕ ਮਸ਼ਾਲ ਬਣਨਾ ਚਾਹੀਦਾ ਹੈ ਤਾਂ ਜੋ ਹਨੇਰਿਆਂ ਦੀ ਹਿੱਕ ਨੂੰ ਚੀਰ ਕੇ ਰਾਤ ਨੂੰ ਖਤਮ ਕੀਤਾ ਜਾ ਸਕੇ। ਕਿਸੇ ਸ਼ਾਇਰ ਦੇ ਕਹਿਣ ਅਨੁਸਾਰ 'ਜੇਕਰ ਹੁਣ ਤੱਕ ਹਨੇਰਾ ਹੈ ਤਾਂ ਇਸ ਵਿੱਚ ਕੁਝ ਕਸੂਰ ਮੇਰਾ ਹੈ' ਭਾਵ ਰਾਤ ਦੀ ਹਨੇਰੀ ਹੋਂਦ ਕਾਇਮ ਰਹਿਣ ਵਿੱਚ ਸਾਡਾ ਵੀ ਦੋਸ਼ ਹੈ। ਮਸ਼ਾਲਾਂ ਬਣ ਕੇ ਇਸ ਨੂੰ ਖਤਮ ਕਰਨ ਦੀ ਜਿੰਮੇਵਾਰੀ ਸਾਡੀ ਹੀ ਹੈ।

**ਰੁਲਦੂ ਸਿੰਘ, ਪਿੰਡ ਕੋਟਲੀ ਕਲਾਂ (ਮਾਨਸਾ)**

2.

## ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ

ਜੀਵਨ ਇੱਕ ਲੰਮਾ ਯਾਤਰਾ-ਮਾਰਗ ਹੈ, ਜਿਸ ਵਿੱਚ ਰਾਹ ਹਮੇਸ਼ਾਂ ਰੋਸ਼ਨ ਨਹੀਂ ਹੁੰਦੇ। ਕਈ ਵਾਰ ਅੰਦਰ ਤੇ ਬਾਹਰ ਦੀਆਂ ਹਨੇਰੀਆਂ ਇੱਕ ਜਿਹੀਆਂ ਲੱਗਣ ਲੱਗਦੀਆਂ ਹਨ- ਭਰਮ, ਡਰ, ਅਨ੍ਹੇਖਾ, ਅਫ਼ਰਾਤਫ਼ਰੀ ਅਤੇ ਅਣਗੌਲਿਆ। ਅਜਿਹੇ ਸਮੇਂ ਮਨੁੱਖ ਲਈ ਸਭ ਤੋਂ ਵੱਡੀ ਜਿੱਤ ਇਹ ਹੁੰਦੀ ਹੈ ਕਿ ਉਹ ਹਿੰਮਤ ਦੀ ਮਸ਼ਾਲ ਬਾਲ ਕੇ ਅੱਗੇ ਵਧੇ, ਕਿਉਂਕਿ ਰਾਤ ਹਾਲੇ ਖ਼ਤਮ ਨਹੀਂ ਹੋਈ, ਅਤੇ ਦਿਨ ਦਾ ਉਜਾਲਾ ਅਜੇ ਕਈ ਪੈਰਾਂ ਦੀ ਦੂਰੀ 'ਤੇ ਖੜ੍ਹਾ ਹੈ। "ਮਸ਼ਾਲਾਂ ਬਾਲ ਕੇ ਚੱਲਣਾ" ਸਿਰਫ਼ ਇੱਕ ਕਹਾਵਤ ਨਹੀਂ, ਇੱਕ ਜੀਵਨ ਦਰਸ਼ਨ ਹੈ-ਹਰ ਪਰਿਸਥਿਤੀ ਵਿੱਚ ਉਮੀਦ, ਹਿੰਮਤ ਅਤੇ ਕਿਰਿਆਸ਼ੀਲਤਾ ਨੂੰ ਜਗਦਾ ਰੱਖਣ ਦਾ ਸੰਦੇਸ਼।

ਹਰ ਯੁੱਗ ਵਿੱਚ ਮਨੁੱਖੀ ਸਮਾਜ ਨੇ ਹਨੇਰੇ ਵੇਖੇ ਹਨ-ਬਾਹਰੀ ਵੀ, ਅੰਦਰੂਨੀ ਵੀ। ਕੋਈ ਜ਼ੋਰ-ਜ਼ਬਰ, ਕੋਈ ਨਿਆਂਹੀਣਤਾ, ਕੋਈ ਤਾਕਤਵਰ ਪੀੜਣ-ਪ੍ਰਣਾਲੀ ਰਾਤ ਦੇ ਹਨੇਰਿਆਂ ਵਾਂਗ ਵਧਦੀ ਗਈ। ਪਰ ਹਰ ਵਾਰ, ਰੋਸ਼ਨੀ ਦੀ ਪਹਿਲੀ ਕਿਰਨ ਉਹਨਾਂ ਵਿਅਕਤੀਆਂ ਵੱਲੋਂ ਆਈ, ਜਿਨ੍ਹਾਂ ਆਪਣੇ ਸਾਥੀਆਂ ਦੇ ਮਨਾਂ ਵਿੱਚ ਉਮੀਦ ਦੇ ਦੀਵੇ ਜਗਾਏ। ਰਾਤ ਦੇ ਹਨੇਰੇ ਵਿੱਚ ਮਸ਼ਾਲ ਬਾਲ ਕੇ ਚੱਲਣ ਵਾਲੇ ਹਮੇਸ਼ਾਂ ਗਿਣਤੀ ਵਿੱਚ ਘੱਟ ਰਹੇ ਹਨ, ਪਰ ਉਹੀ ਘੱਟ ਲੋਕ ਹਰ ਜੁੱਗ ਦੇ ਲਈ ਦਿਸ਼ਾ-ਸੂਚਕ ਬਣੇ ਹਨ।

ਮਸ਼ਾਲ ਬਾਲਣਾ ਅਸਲ ਵਿੱਚ ਜ਼ਿੰਮੇਵਾਰੀ ਸਵੀਕਾਰਨਾ ਹੁੰਦਾ ਹੈ। ਇਹ ਕਹਿ ਦੇਣਾ ਸੌਖਾ ਹੈ ਕਿ ਸਮਾਂ ਖਰਾਬ ਹੈ, ਹਾਲਾਤ ਵਿਰੋਧੀ ਹਨ, ਲੋਕ ਸਮਝਦੇ ਨਹੀਂ, ਪਰ ਜ਼ਿੰਮੇਵਾਰੀ ਲੈ ਕੇ ਅੱਗੇ ਵੱਧਣਾ ਸਭ ਨਹੀਂ ਕਰਦੇ। ਮਸ਼ਾਲ ਇੱਕ ਪ੍ਰਤੀਕ ਹੈ-ਸੱਚ ਦੀ, ਹਿੰਮਤ ਦੀ, ਸਵੀਕਾਰਤਾ ਦੀ ਤੇ ਕਿਰਿਆਸ਼ੀਲ ਬਦਲਾਅ ਦੀ। ਜਦੋਂ ਤੱਕ ਰਾਤ ਬਾਕੀ ਹੈ, ਤਦੋਂ ਤੱਕ ਰਾਹ ਵੀ ਬਾਕੀ ਹੈ। ਦਿਨ ਤਾਂ ਉਸ ਸਮੇਂ ਚੜ੍ਹਦਾ ਹੈ ਜਦੋਂ ਅਸੀਂ ਆਪਣੀਆਂ ਮਸ਼ਾਲਾਂ ਨਾਲ ਰਾਤ ਨੂੰ ਪਿੱਛੇ ਧੱਕ ਦਿੰਦੇ ਹਾਂ।

ਸਮਾਜਿਕ ਜੀਵਨ ਵਿੱਚ, ਹਰ ਵਿਅਕਤੀ ਦੇ ਹੱਥ ਵਿੱਚ ਕੋਈ ਨਾ ਕੋਈ ਮਸ਼ਾਲ ਹੈ-ਚਾਹੇ ਉਹ ਸਿੱਖਿਆ ਦੀ ਹੋਵੇ, ਨਿਆਂ ਦੀ, ਸੱਚ ਦੀ, ਨੇਕੀ ਦੀ ਜਾਂ ਮਨੁੱਖਤਾ ਦੀ। ਜਦੋਂ ਸਿਸਟਮ ਕਮਜ਼ੋਰ ਪੈਂਦਾ ਹੈ, ਜਦੋਂ ਅਨਿਆਂਈਆਂ ਵਧਦੀਆਂ ਹਨ, ਜਦੋਂ ਨਿਰਾਸ਼ਾ ਮਨਾਂ ਵਿੱਚ ਡੇਰੇ ਜਮਾਉਂਦੀ ਹੈ, ਤਦੋਂ ਉਹ ਲੋਕ ਜਿਨ੍ਹਾਂ ਕੋਲ ਚਾਨਣ ਹੈ, ਉਹਨਾਂ ਨੂੰ ਅੱਗੇ ਆ ਕੇ ਚੱਲਣਾ ਪੈਂਦਾ ਹੈ। ਮਸ਼ਾਲ ਰੱਖਣਾ ਕੇਵਲ ਆਪਣੇ ਲਈ ਰੌਸ਼ਨੀ ਕਰਨਾ ਨਹੀਂ, ਸਗੋਂ ਹੋਰਿਆਂ ਲਈ ਰਸਤਾ ਰੋਸ਼ਨ ਕਰਨਾ ਹੈ। ਇਹ ਸੋਚ ਕਿ "ਮੇਰੇ ਨਾਲ ਕੀ ਲੈਣਾ" ਰਾਤ ਨੂੰ ਹੋਰ ਡੂੰਘਾ ਕਰ ਦਿੰਦੀ ਹੈ। ਪਰ ਇਹ ਵਿਚਾਰ ਕਿ "ਮੇਰੀ ਰੌਸ਼ਨੀ ਕਿਸੇ ਹੋਰ ਦਾ ਰਸਤਾ ਬਣ ਸਕਦੀ ਹੈ" ਮਨੁੱਖਤਾ ਦਾ ਸਭ ਤੋਂ ਸੁੰਦਰ ਰੂਪ ਹੈ।

ਰਾਤ ਦੀ ਲੰਬਾਈ ਕਦੇ ਵੀ ਮਨੁੱਖ ਦੇ ਹਿੰਮਤ ਤੋਂ ਵੱਧ ਨਹੀਂ ਹੁੰਦੀ। ਜਿੱਥੇ ਤੱਕ ਤੁਸੀਂ ਚੱਲਦੇ ਹੋ, ਉੱਥੇ ਤੱਕ ਰਾਤ ਪਿੱਛੇ ਹਟਦੀ ਜਾਂਦੀ ਹੈ। ਇਹੀ ਕਾਰਨ ਹੈ ਕਿ ਰੁਕ ਜਾਣਾ ਸਭ ਤੋਂ ਵੱਡਾ ਖਤਰਾ ਹੈ। ਹਨੇਰਾ ਤਦੋਂ ਹੀ ਵਧਦਾ ਹੈ ਜਦੋਂ ਰੌਸ਼ਨੀ ਰੁਕਦੀ ਹੈ। ਇਸ ਲਈ 'ਜਦੋਂ ਤੱਕ ਰਾਤ ਬਾਕੀ ਹੈ' ਇਹ ਵਾਕ ਮਨੁੱਖ ਨੂੰ ਅੰਦਰੋਂ ਜਾਗਦਾ ਰੱਖਦਾ ਹੈ ਕਿ ਘੜੀ ਹਾਲੇ ਵੀ ਚੱਲ ਰਹੀ ਹੈ, ਸਮਾਂ ਸਾਡੇ ਹੱਕ ਵਿੱਚ ਵੀ ਵਗ ਸਕਦਾ ਹੈ-ਪਰ ਕਿਰਿਆਸ਼ੀਲ ਰਹਿਣ ਨਾਲ।

ਜੀਵਨ ਦੇ ਨਿੱਜੀ ਪੱਖ ਵਿੱਚ ਵੀ ਇਹ ਸਿੱਖਿਆ ਬੇਹੱਦ ਮਹੱਤਵਪੂਰਨ ਹੈ। ਕਈ ਵਾਰੀ ਮੁਸ਼ਕਿਲਾਂ ਇੱਕ ਥਾਂ ਨਹੀਂ ਰਹਿੰਦੀਆਂ; ਉਹ ਲੰਮੀਆਂ ਰਾਤਾਂ ਵਾਂਗ ਲੱਗਦੀਆਂ ਹਨ-ਪ੍ਰੀਖਿਆਵਾਂ ਦਾ ਦਬਾਅ, ਕਰੀਅਰ ਦੀ ਚਿੰਤਾ, ਪਰਿਵਾਰਕ ਟਕਰਾਅ, ਆਪਣੇ ਆਪ ਨਾਲ ਲੜਾਈਆਂ। ਇਨ੍ਹਾਂ ਸਭ ਵਿੱਚ ਮਸ਼ਾਲ ਬਾਲਣਾ ਮਤਲਬ ਹੈ-ਆਪਣੇ ਅੰਦਰ ਜਗਦੀ ਹਿੰਮਤ ਨੂੰ ਪਕੜਨਾ, ਆਪਣੇ ਟੀਚੇ ਨੂੰ ਨਾ ਛੱਡਣਾ ਅਤੇ ਹਾਲਤਾਂ ਦੇ ਡਰ ਤੋਂ ਬਿਨਾ ਅੱਗੇ ਵੱਧਣਾ। ਜਦੋਂ ਅਸੀਂ ਆਪਣੀ ਅੰਦਰੂਨੀ ਮਸ਼ਾਲ ਜਗਾਈ ਰੱਖਦੇ ਹਾਂ, ਤਾਂ ਸਭ ਤੋਂ ਡੂੰਘਾ ਹਨੇਰਾ ਵੀ ਰੌਸ਼ਨ ਰਾਹ ਵਾਂਗ ਲੱਗਣ ਲੱਗਦਾ ਹੈ।

ਕਈ ਵਾਰ ਮਸ਼ਾਲ ਬਾਲਣ ਦਾ ਅਰਥ ਹੁੰਦਾ ਹੈ- ਸੱਚ ਦੇ ਪੱਖ ਖੜ੍ਹਨਾ, ਭਾਵੇਂ ਭੀੜ ਚੁੱਪ ਹੋਵੇ। ਕਈ ਵਾਰ ਇਹ ਨੇਕੀ ਨਾਲ ਅਡਿੱਗ ਰਹਿਣਾ ਹੈ, ਭਾਵੇਂ ਲੋਕ ਉਸ ਨੇਕੀ ਨੂੰ ਮੰਨਣ ਤੋਂ ਇਨਕਾਰ ਕਰ ਜਾਵਣ। ਕਈ ਵਾਰ ਮਸ਼ਾਲ ਬਾਲਣਾ ਹੁੰਦਾ ਹੈ-ਆਪਣੇ ਡਰ ਨੂੰ ਚੁਣੌਤੀ ਦੇਣਾ, ਆਪਣੀ ਕਮਜ਼ੋਰੀ ਤੇ ਕਾਬੂ ਪਾਉਣਾ, ਜਾਂ ਅਸਫਲਤਾ ਤੋਂ ਸਿੱਖ ਕੇ ਦੁਬਾਰਾ ਚੱਲ ਪੈਣਾ। ਮਸ਼ਾਲ ਕਿਸੇ ਇਕ ਪਾਸੇ ਦੀ ਰੌਸ਼ਨੀ ਨਹੀਂ, ਇਹ ਅੰਦਰਲੇ ਮਨੁੱਖ ਨੂੰ ਵੀ ਚਾਨਣ ਕਰਦੀ ਹੈ।

ਰਾਤ ਬਾਕੀ ਹੈ, ਇਸ ਵਾਕ ਵਿੱਚ ਇੱਕ ਅਹਿਵਾਲ ਹੈ-ਖਤਰਾ ਵੀ ਹੈ ਤੇ ਮੌਕਾ ਵੀ। ਰਾਤ ਬਾਕੀ ਹੋਣ ਦਾ ਮਤਲਬ ਹੈ ਕਿ ਅਜੇ ਸਭ ਕੁਝ ਖਤਮ ਨਹੀਂ ਹੋਇਆ। ਅਜੇ ਵੀ ਜਿੱਤ,

ਬਦਲਾਅ ਅਤੇ ਉਜਾਲੇ ਦੀ ਸੰਭਾਵਨਾ ਬਾਕੀ ਹੈ। ਜਦ ਤੱਕ ਇਹ ਸੰਭਾਵਨਾ ਜਿਉਂਦੀ ਹੈ, ਤਦ ਤੱਕ ਮਸ਼ਾਲਾਂ ਬਾਲ ਕੇ ਚੱਲਣ ਵਾਲੇ ਵੀ ਜਿਉਂਦੇ ਰਹਿਣੇ ਚਾਹੀਦੇ ਹਨ। ਕਈ ਵਾਰੀ ਸੁਪਨੇ ਵੀ ਹਨੇਰੇ ਵਿੱਚ ਹੀ ਜਨਮ ਲੈਂਦੇ ਹਨ, ਕਿਉਂਕਿ ਉਹ ਰਾਤ ਨੂੰ ਭੇਦ ਕੇ ਉਜਾਲੇ ਵਿੱਚ ਲਿਆਂਦੇ ਜਾਂਦੇ ਹਨ।

ਇਹ ਰਾਤ ਮਨੁੱਖੀ ਚਿੰਤਾਵਾਂ ਦੀ ਵੀ ਹੋ ਸਕਦੀ ਹੈ, ਸਮਾਜਿਕ ਵਿਗਾੜ ਦੀ ਵੀ, ਅਨਿਆਂ ਦੀ ਵੀ। ਪਰ ਰਾਤ ਚਾਹੇ ਜਿੰਨੀ ਲੰਮੀ ਹੋਵੇ, ਮਸ਼ਾਲਾਂ ਦੀ ਲੋੜ ਉਨੀ ਤੁਰੰਤ ਅਤੇ ਮਹੱਤਵਪੂਰਨ ਹੁੰਦੀ ਹੈ। ਇਹ ਮਸ਼ਾਲ ਕਈ ਵਾਰ ਇਕ ਲਫ਼ਜ਼ ਹੁੰਦੀ ਹੈ, ਕਈ ਵਾਰ ਇਕ ਫ਼ੈਸਲਾ, ਕਈ ਵਾਰ ਇਕ ਕਦਮ, ਕਈ ਵਾਰ ਇੱਕ ਮਾਫ਼ੀ, ਕਈ ਵਾਰ ਇੱਕ ਇਨਕਾਰ। ਸਹੀ ਸਮੇਂ 'ਤੇ ਜੋ ਵੀ ਨੇਕੀ ਕਿਰਿਆਸ਼ੀਲ ਹੋ ਕੇ ਕੀਤੀ ਜਾਂਦੀ ਹੈ, ਉਹ ਮਸ਼ਾਲ ਦੀ ਲੋਅ ਵਾਂਗ ਹਨੇਰੇ ਨੂੰ ਚੀਰਦੀ ਹੈ।

ਅਖੀਰ ਵਿੱਚ, "ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ" ਸਾਨੂੰ ਯਾਦ ਕਰਾਉਂਦਾ ਹੈ ਕਿ ਮਨੁੱਖੀ ਜੀਵਨ ਦਾ ਅਸਲ ਸੁਹੱਪਣ ਸੰਘਰਸ਼ ਵਿੱਚ ਹੈ, ਤੇ ਸੰਘਰਸ਼ ਦੀ ਅਸਲੀ ਜਿੱਤ ਹਿੰਮਤ ਵਿੱਚ ਹੈ। ਹਨੇਰਾ ਜਿੰਨਾ ਵੀ ਡਰਾਉਣਾ ਹੋਵੇ, ਮਸ਼ਾਲਾਂ ਦੀ ਲੋਅ ਉਸ ਤੋਂ ਹਮੇਸ਼ਾਂ ਉੱਚੀ ਹੁੰਦੀ ਹੈ। ਰਾਤ ਲੰਮੀ ਹੋ ਸਕਦੀ ਹੈ, ਪਰ ਉਮੀਦ ਦੀ ਰੌਸ਼ਨੀ ਉਸਦੀ ਹੱਦ ਬਦਲ ਸਕਦੀ ਹੈ। ਇਸ ਲਈ ਜਦ ਤੱਕ ਇਹ ਰਾਤ ਹੈ, ਤਦ ਤੱਕ ਸਾਡਾ ਫਰਜ਼ ਹੈ-ਚੱਲਦੇ ਰਹਿਣਾ, ਚਾਨਣ ਕਰਦੇ ਰਹਿਣਾ ਅਤੇ ਹੋਰਾਂ ਲਈ ਰਸਤਾ ਬਣਦੇ ਰਹਿਣਾ।

**ਜੈਸਮੀਨ ਕੌਰ**
**ਮਾਇਆ ਦੇਵੀ ਮੈਮੋਰੀਅਲ ਆਦਰਸ਼ ਸਕੂਲ, ਕੇਰਾ ਖੇੜਾ**

**ਇਸ ਲੇਖ ਮੁਕਾਬਲੇ ਲਈ ਦਿੱਤੀ ਸਤਰ 'ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤੱਕ ਰਾਤ ਬਾਕੀ ਹੈ' ਉੱਘੇ ਇਨਕਲਾਬੀ ਸ਼ਾਇਰ ਮਹਿੰਦਰ ਸਾਥੀ ਦੀ ਗ਼ਜ਼ਲ ਵਿਚੋਂ ਲਈ ਗਈ ਸੀ। ਪਾਠਕਾਂ ਦੀ ਦਿਲਚਸਪੀ ਲਈ ਇਹ ਪੂਰੀ ਗ਼ਜ਼ਲ ਪੇਸ਼ ਕੀਤੀ ਜਾ ਰਹੀ ਹੈ। ਇਹ ਅੱਜ ਦੀਆਂ ਹਾਲਤਾਂ ਅਤੇ ਇਨ੍ਹਾਂ ਨੂੰ ਬਦਲਣ ਲਈ ਸੰਘਰਸ਼ ਦੀ ਲੋੜ ਨੂੰ ਪ੍ਰਭਾਵਸ਼ਾਲੀ ਲਹਿਜ਼ੇ ਵਿੱਚ ਬਿਆਨ ਕਰਦੀ ਹੈ**

ਮਸ਼ਾਲਾਂ ਬਾਲ ਕੇ ਚੱਲਣਾ,
ਜਦੋਂ ਤਕ ਰਾਤ ਬਾਕੀ ਹੈ।
ਸੰਭਲ ਕੇ ਹਰ ਕਦਮ ਰੱਖਣਾ,
ਜਦੋਂ ਤਕ ਰਾਤ ਬਾਕੀ ਹੈ।

ਮਿਲੂ ਮਨਸੂਰ ਨੂੰ ਸੂਲੀ,
ਤੇ ਵਿਸ਼ ਸੁਕਰਾਤ ਦੇ ਹਿੱਸੇ।
ਰਹੇਗਾ ਜੁਰਮ ਸੱਚ ਕਹਿਣਾ,
ਜਦੋਂ ਤਕ ਰਾਤ ਬਾਕੀ ਹੈ।

ਪਸੀਨੇ ਦੀ ਤਾਂ ਗੱਲ ਛੱਡੋ,
ਲਹੂ ਮਜ਼ਦੂਰ ਦਾ ਯਾਰੋ
ਇਹ ਸਸਤਾ ਪਾਣੀਓਂ ਰਹਿਣਾ,
ਜਦੋਂ ਤਕ ਰਾਤ ਬਾਕੀ ਹੈ।

ਬਣੇਗਾ ਇਸ਼ਕ ਮੇਰਾ ਓਦੋਂ ਤਕ
ਬਾਰੂਦ ਦਾ ਖਾਜਾ
ਤੇ ਤੇਰੇ ਹੁਸਨ ਨੇ ਵਿਕਣਾ,
ਜਦੋਂ ਤਕ ਰਾਤ ਬਾਕੀ ਹੈ।

ਰਗੜ ਮੱਥਾ ਤੂੰ ਮੰਦਰ ਵਿੱਚ,
ਜਾਂ ਮਸਜਿਦ ਵਿਚ ਤੂੰ ਕਰ ਸਿਜਦੇ
ਤੇਰੇ ਦੁੱਖਾਂ ਨਹੀਂ ਮਿਟਣਾ,
ਜਦੋਂ ਤਕ ਰਾਤ ਬਾਕੀ ਹੈ।

ਹਕੀਕਤ ਤਾਂ ਹੈ ਕਿ ਮਿਰਜ਼ੇ,
ਗਏ ਮਾਰੇ ਨੇ ਬੰਨ੍ਹ ਬੰਨ੍ਹ ਕੇ
ਤੇ ਖ਼ਬਰੀਂ 'ਟਾਕਰਾ' ਛਪਣਾ,
ਜਦੋਂ ਤਕ ਰਾਤ ਬਾਕੀ ਹੈ।

ਹਨੇਰੇ ਦੀ ਅਦਾਲਤ ਵਿਚ,
ਹੈ ਕੀ ਫ਼ਰਿਆਦ ਦਾ ਫ਼ਾਇਦਾ
ਤੂੰ ਕਰ ਸੰਗਰਾਮ ਐ ਸੱਜਣਾਂ,
ਜਦੋਂ ਤਕ ਰਾਤ ਬਾਕੀ ਹੈ।

ਮੇਰਾ ਮੱਥਾ, ਰਹੂ ਭੱਥਾ,
ਇਹ ਬਣਿਆ ਰੋਹ ਦੇ ਤੀਰਾਂ ਦਾ
ਨਹੀਂ ਇਸ ਤਿਊੜੀ ਨੇ ਮਿਟਣਾ,
ਜਦੋਂ ਤਕ ਰਾਤ ਬਾਕੀ ਹੈ।

ਲੜਨਗੇ ਨਾਲ ਤੇਰੇ ਐ ਹਨੇਰੇ !
ਅੰਤ ਤੱਕ 'ਸਾਥੀ'
ਇਨਾਂ ਨਈਂ ਚੈਨ ਸੰਗ ਬਹਿਣਾ,
ਜਦੋਂ ਤਕ ਰਾਤ ਬਾਕੀ ਹੈ ।

# ਕੀ ਇੱਕ ਦਿਨ ਪੁਸਤਕ ਮਰ ਜਾਵੇਗੀ?

- ਜਸਵੰਤ ਮੋਹਾਲੀ

ਸ਼ਹੀਦ ਭਗਤ ਸਿੰਘ ਲਾਇਬਰੇਰੀ ਬਲੌਂਗੀ (ਮੋਹਾਲੀ) ਬੈਠਾ ਸਾਂ। ਅੱਠਵੀਂ ਕਲਾਸ ਦਾ ਇੱਕ ਵਿਦਿਆਰਥੀ ਕਿਤਾਬ ਲੈਣ ਆਇਆ। ਉਸ ਨਾਲ ਗੱਲਾਂ ਹੋਈਆਂ ਤਾਂ ਮੈਨੂੰ ਉਹ ਆਪਣੀ ਉਮਰ ਤੋਂ ਸਿਆਣਾ ਜਾਪਿਆ। ਉਸਦੀ ਕਹੀ ਇੱਕ ਗੱਲ ਨੇ ਮੈਨੂੰ ਸੋਚਣ ਲਾ ਦਿੱਤਾ। ਉਹ ਕਹਿੰਦਾ, ਅੰਕਲ ਅੱਜਕੱਲ੍ਹ ਲਾਇਬ੍ਰੇਰੀਆਂ ਕੌਣ ਖੋਲ੍ਹਦਾ ਹੈ। ਕਿਤਾਬਾਂ ਪੜ੍ਹਨ ਦਾ ਨਹੀਂ ਹੁਣ ਤਾਂ ਵੀਡੀਓ ਦੇਖ ਕੇ ਸਿੱਖਣ ਦਾ ਜ਼ਮਾਨਾ ਹੈ। ਉਸਦਾ ਮਤਲਬ ਸੀ ਕਿ ਕਿਤਾਬਾਂ ਪੜ੍ਹਨ ਦੀ ਥਾਂ ਜੇਕਰ ਤੁਹਾਨੂੰ ਓਹੀ ਸਿੱਖਿਆ ਵੀਡੀਓ ਦਿਖਾ ਕੇ ਦਿੱਤੀ ਜਾਵੇ ਤਾਂ ਵੱਧ ਪ੍ਰਭਾਵਸ਼ਾਲੀ ਹੋਵੇਗੀ। ਮੈਂ ਵੱਡਿਆਂ ਵਾਂਗ ਪਹਿਲਾਂ ਤਾਂ ਕੁੱਝ ਦਲੀਲਾਂ ਉਸਨੂੰ ਕਿਤਾਬਾਂ ਪੜ੍ਹਨ ਦੀ ਮਹੱਤਤਾ ਬਾਰੇ ਦਿੱਤੀਆਂ ਪਰ ਅੰਦਰੋਂ-ਅੰਦਰ ਬਾਅਦ ਵਿੱਚ ਆਪ ਵੀ ਸੋਚਦਾ ਰਿਹਾ- ਕੀ ਕਿਤਾਬਾਂ ਪੜ੍ਹ ਕੇ, ਕਾਪੀਆਂ 'ਤੇ ਲਿਖ ਕੇ ਸਿੱਖਣ ਦੀ ਥਾਂ ਵੀਡੀਓ ਦੇਖ ਕੇ ਸਿੱਖਣਾ ਵਧੇਰੇ ਪ੍ਰਭਾਵਸ਼ਾਲੀ ਹੋਵੇਗਾ? ਕੀ ਭਵਿੱਖ ਵਿੱਚ ਅਜੋਕੀ ਸਿੱਖਿਆ ਦਾ ਬਦਲ ਵਿਸ਼ੇ ਨਾਲ ਸਬੰਧਤ ਵੀਡਿਓ ਦਿਖਾਕੇ ਪੜ੍ਹਾਉਣਾ ਹੋਵੇਗਾ?

ਸਿੱਖਣ ਲਈ ਕਿਤਾਬਾਂ ਪੜ੍ਹਨ ਦੇ ਨਾਲ-ਨਾਲ ਵੀਡੀਓ ਦਿਖਾ ਕੇ ਕਿਸੇ ਕਨਸੈਪਟ ਜਾਂ ਵਿਸ਼ੇ ਦੀ ਚੰਗੀ ਸਮਝ ਹਾਸਿਲ ਕੀਤੀ ਜਾ ਸਕਦੀ ਹੈ ਅਤੇ ਬੱਚਿਆਂ ਨੂੰ ਵੀਡਿਓ ਦੇਖ ਕੇ ਪੜ੍ਹਨਾ ਦਿਲਚਸਪ ਵੀ ਲੱਗੇਗਾ। ਪਰ ਸਿੱਖਿਆ ਦਾ ਮਕਸਦ ਸਿਰਫ ਵਿਸ਼ੇ ਦੀ ਜਾਣਕਾਰੀ ਦੇਣਾ ਨਹੀਂ ਸਗੋਂ ਉਸਨੂੰ ਵਿਸ਼ਾ ਸਮਝਾਉਣਾ ਹੈ। ਉਸਨੂੰ ਵਿਸ਼ੇ ਦੀ ਸਮਝ ਇਮਤਿਹਾਨ ਦੇ ਕੇ ਸਾਬਤ ਕਰਨੀ ਪੈਂਦੀ ਹੈ। ਇਸ ਲਈ ਸਿਰਫ ਵੀਡੀਓ ਦੇਖਣਾ ਓਨਾਂ ਲਾਹੇਵੰਦ ਨਹੀਂ। ਪੜ੍ਹਨ ਸਮੇਂ ਬੱਚੇ ਸ਼ਬਦ-ਸ਼ਬਦ, ਵਾਕ-ਵਾਕ ਕਰਕੇ ਪੜ੍ਹਦੇ ਹਨ ਤਾਂ ਪੜ੍ਹਨ ਵਿੱਚ ਲੱਗਦੇ ਸਮੇਂ ਦਰਮਿਆਨ ਉਹ ਗੱਲ ਉਸਦੀ ਸਮਝ ਅਤੇ ਯਾਦ ਦਾ ਹਿੱਸਾ ਬਣ ਜਾਂਦੀ ਹੈ। ਦੂਸਰਾ ਕਿਤਾਬ ਉਪਰ ਮਹੱਤਵਪੂਰਨ ਗੱਲਾਂ ਨੂੰ ਮਾਰਕ ਕੀਤਾ ਜਾ ਸਕਦਾ ਹੈ ਪਰ ਵੀਡੀਓ ਵਿੱਚ ਇਹ ਓਨਾ ਵਿਹਾਰਕ ਤੌਰ ਤੇ ਸੰਭਵ ਨਹੀਂ।

ਇਸੇ ਨਾਲ ਮਿਲਦਾ ਜੁਲਦਾ ਦੂਜਾ ਸੁਆਲ ਜੋ ਸਾਹਿਤ ਨਾਲ ਜੁੜੇ ਲੋਕਾਂ ਵਿੱਚ ਅਕਸਰ ਵਿਚਾਰਿਆ ਜਾਂਦਾ ਹੈ- ਕੀ ਸੋਸ਼ਲ ਮੀਡੀਆ ਕਰਕੇ ਹੁਣ ਕਿਤਾਬਾਂ ਪੜ੍ਹਣ ਦਾ ਚਲਨ ਘਟਦਾ ਜਾਂਦਾ ਹੈ? ਇੱਕ ਦਿਨ ਕਿਤਾਬਾਂ ਦੇ ਇੱਕ ਲੇਖਕ/ਪ੍ਰਕਾਸ਼ਕ ਨਾਲ ਗੱਲ ਹੋਈ ਜਿਨ੍ਹਾਂ ਦਾ ਕਿਤਾਬਾਂ ਛਾਪਣ ਵਿੱਚ ਕਾਫੀ ਨਾਮ ਹੈ। ਉਹ ਕਹਿਣ ਲੱਗੇ ਕਿ ਕਿਤਾਬ ਦਾ ਕੋਈ ਭਵਿੱਖ ਨਹੀਂ ਹੈ। ਕਿਤਾਬ ਇੱਕ ਦਿਨ ਮਰ ਜਾਏਗੀ। ਜਿਸ ਪ੍ਰਕਾਸ਼ਕ ਨੇ ਤਕਰੀਬਨ ਸਾਰੀ ਜ਼ਿੰਦਗੀ ਕਿਤਾਬਾਂ ਛਾਪਣ ਦਾ ਕੰਮ ਕੀਤਾ ਹੋਵੇ ਉਸਦਾ ਅਜਿਹਾ ਕਹਿਣਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪਰ ਜਦੋਂ ਇੱਕ ਵੱਡੇ ਪੁਸਤਕ ਵਿਕਰੇਤਾ ਨਾਲ ਗੱਲ ਹੋਈ ਤਾਂ ਉਸਦਾ ਕਹਿਣਾ ਸੀ ਕਿ ਪੰਜਾਬ ਵਿੱਚ ਅੱਜ ਦੇ ਦੌਰ ਵਿੱਚ ਪਿਛਲੇ ਸਾਰੇ ਸਮਿਆਂ ਨਾਲੋਂ ਵਧੇਰੇ ਕਿਤਾਬ ਵਿਕ ਰਹੀ ਹੈ। ਉਸ ਨੇ ਜ਼ਿੰਦਗੀ ਵਿੱਚ ਕਈ ਕੰਮ ਕੀਤੇ, ਪਰ ਆਖਰ ਕਿਤਾਬਾਂ ਵੇਚਣ ਦੇ ਕੰਮ ਨੂੰ ਅਪਨਾਅ ਕੇ ਉਸਨੇ ਆਪਣਾ ਘਰ ਵੀ ਬਣਾਇਆ, ਬੱਚੇ ਵੀ ਪੜ੍ਹਾਏ। ਪਿਛਲੇ ਕੁੱਝ ਸਾਲਾਂ ਤੋਂ ਪੰਜਾਬ ਵਿੱਚ ਲੱਗਦੇ ਪੁਸਤਕ ਮੇਲਿਆਂ ਵਿੱਚ ਕੁੱਲ ਮਿਲਾ ਕੇ ਇੱਕ ਤੋਂ ਡੇਢ ਕਰੋੜ ਰੁਪਏ ਦੀਆਂ ਕਿਤਾਬਾਂ ਵਿਕ ਜਾਂਦੀਆਂ ਹਨ ਤੇ ਬਹੁਤੇ ਕਿਤਾਬ ਵਿਕਰੇਤਾ ਇਸ ਧੰਦੇ ਤੋਂ ਨਾ-ਉਮੀਦ ਨਹੀਂ। ਇਹ ਵੀ ਦੇਖਿਆ ਗਿਆ ਹੈ ਕਿ ਸੋਸ਼ਲ ਮੀਡੀਆ ਤੇ ਹੋਈ ਚਰਚਾ ਵੀ ਕਿਤਾਬਾਂ ਦੀ ਗਿਣਤੀ ਵਧਾਉਣ ਵਿੱਚ ਸਹਾਇਤਾ ਕਰਦੀ ਹੈ, ਜਿਵੇਂ ਇੱਕ ਇੰਟਰਵਿਊ ਦੌਰਾਨ ਰਾਣਾ ਰਣਬੀਰ ਨੇ 'ਮੇਰਾ ਦਾਗਿਸਤਾਨ' ਕਿਤਾਬ ਦਾ ਜਿਕਰ ਕੀਤਾ ਤਾਂ ਪ੍ਰਕਾਸ਼ਕਾਂ ਨੂੰ ਇਸ ਕਿਤਾਬ ਦੀ ਮੰਗ ਪੂਰੀ ਕਰਨ ਲਈ ਹੋਰ ਐਡੀਸ਼ਨ ਕੱਢਣੇ ਪਏ।

ਭਾਵੇਂ ਹੁਣ ਬਹੁਤ ਸਾਰੀਆਂ ਕਿਤਾਬਾਂ ਦੇ ਕਾਗਜ 'ਤੇ ਛਪੇ ਰੂਪ ਦੇ ਨਾਲ ਈ-ਕਿਤਾਬਾਂ/ਕਿੰਡਲ ਕਿਤਾਬਾਂ ਵੀ ਆਨਲਾਈਨ ਮਿਲਦੀਆਂ ਹਨ, ਪਰ ਅਜੇ ਵੀ ਵੱਡੀ ਮਾਰਕਿਟ ਪ੍ਰਿੰਟਿਡ ਕਿਤਾਬਾਂ ਦੀ ਬਣੀ ਹੋਈ ਹੈ। ਦੂਜੇ ਦੇਸ਼ ਤੋਂ ਕਿਤਾਬ ਮੰਗਵਾਉਣੀ ਜਾਂ ਭੇਜਣੀ ਮਹਿੰਗੀ ਪੈਂਦੀ ਹੈ। ਇਸ ਲਈ ਈ-ਕਿਤਾਬ ਹੀ ਵਧੀਆ ਬਦਲ ਹੈ। ਉਂਝ ਛਪੀ ਹੋਈ ਕਿਤਾਬ ਪੜ੍ਹਣ ਦਾ ਆਪਣਾ ਹੀ ਅਨੰਦ ਹੈ। ਭਾਵੇਂ ਕਿਤਾਬਾਂ ਡਿਜ਼ੀਟਲ ਹੋਣ ਦੀ ਸੰਭਾਵਨਾ ਤਾਂ ਹੈ ਪਰ ਕਿਤਾਬ ਦਾ ਬਦਲ ਵੀਡਿਓ ਨਹੀਂ ਹੋ ਸਕਦਾ। ਵੈਸੇ ਵੀ ਕੋਈ ਵੀ ਫਿਲਮ ਜਾਂ ਵੀਡਿਓ ਸਿੱਧੀ ਸਕਰੀਨ 'ਤੇ ਨਹੀਂ ਆਉਂਦੀ, ਉਸਤੋਂ ਪਹਿਲਾਂ ਉਸ ਦੀ ਪਟਕਥਾ, ਕਹਾਣੀ, ਸੰਵਾਦ ਆਦਿ ਲਿਖੇ ਜਾਂਦੇ ਹਨ। ਕਿਤਾਬ ਮਰ ਕਦੇ ਨਹੀਂ ਸਕਦੀ ਕਿਉਂਕਿ ਇਨਸਾਨ ਅੰਦਰੋਂ ਉੱਠਦੇ ਵਲਵਲੇ ਨਹੀਂ ਮਰ ਸਕਦੇ, ਕਵਿਤਾ ਲਿਖਣ ਦੀ ਚਾਹ ਨਹੀਂ ਮਰ ਸਕਦੀ, ਉਸਦੀ ਕਲਪਨਾ ਦੀਆਂ ਅਸੀਮ ਉਡਾਰੀਆਂ ਨਹੀਂ ਰੁਕ ਸਕਦੀਆਂ, ਜਿਸ ਨਾਲ ਸਾਹਿਤ ਰਚਿਆ ਜਾਂਦਾ ਹੈ।



# ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ

ਤਰਕਸ਼ੀਲ ਸੋਸਾਇਟੀ ਪੰਜਾਬ ਆਪਣੇ ਮੋਢੀ ਆਗੂ ਅਤੇ ਮੈਡੀਕਲ ਵਿਗਿਆਨ ਦੇ ਖੋਜ ਕਾਰਜਾਂ ਲਈ ਆਪਣਾ ਸਰੀਰ ਪ੍ਰਦਾਨ ਕਰਨ ਦੀ ਪਹਿਲ ਕਰਕੇ ਨਵੀਂ ਪਿਰਤ ਪਾਉਣ ਵਾਲੇ ਪ੍ਰਧਾਨ ਕ੍ਰਿਸ਼ਨ ਬਰਗਾੜੀ ਨੂੰ ਸਤਿਕਾਰ ਸਹਿਤ ਯਾਦ ਕਰਦੀ ਹੈ। ਉਨ੍ਹਾਂ ਦੀ ਤਰਕਸ਼ੀਲ ਵਿਚਾਰਾਂ ਪ੍ਰਤੀ ਦ੍ਰਿੜਤਾ ਅਤੇ ਪ੍ਰਤੀਬੱਧਤਾ ਤੋਂ ਪ੍ਰੇਰਨਾ ਲੈਂਦੇ ਹੋਏ ਉਨ੍ਹਾਂ ਨੂੰ ਸਮਰਪਿਤ 'ਕ੍ਰਿਸ਼ਨ ਬਰਗਾੜੀ ਯਾਦਗਾਰੀ ਸਮਾਗਮ' ਫਰਵਰੀ ਮਹੀਨੇ ਵਿੱਚ ਕੀਤਾ ਜਾਵੇਗਾ।



ਜ਼ੋਨ ਲੁਧਿਆਣਾ ਦੀ ਛਿਮਾਹੀ ਇਕੱਤਰਤਾ
(ਮਿਤੀ 2 ਦਸੰਬਰ 2025)



ਜ਼ੋਨ ਜਲੰਧਰ ਅਤੇ ਨਵਾਂ ਸ਼ਹਿਰ ਦੀ ਸਾਂਝੀ ਵਰਕਸ਼ਾਪ
(ਮਿਤੀ 9 ਦਸੰਬਰ 2025)



ਜ਼ੋਨ ਚੰਡੀਗੜ੍ਹ ਦੀ ਛਿਮਾਹੀ ਇਕੱਤਰਤਾ
(ਮਿਤੀ 13 ਦਸੰਬਰ 2025)




ਜ਼ੋਨ ਅਮ੍ਰਿਤਸਰ ਦੀ ਵਰਕਸ਼ਾਪ
(ਮਿਤੀ 16 ਦਸੰਬਰ 2025)

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।





ਤਰਕਸ਼ੀਲ ਸੋਸਾਇਟੀ ਪੰਜਾਬ ਅੰਧਵਿਸ਼ਵਾਸਾਂ, ਮਾਨਸਿਕ ਰੋਗਾਂ ਅਤੇ ਫਿਰਕੂ ਵਰਤਾਰਿਆਂ ਨੂੰ ਸ਼ੋਸ਼ਣ ਉੱਤੇ ਆਧਾਰਿਤ ਆਰਥਿਕ-ਸਮਾਜਿਕ ਪ੍ਰਬੰਧ ਦੀ ਉਪਜ ਵਜੋਂ ਦੇਖਦੀ ਹੈ। ਇਸ ਕਰਕੇ ਇਹ ਹਰ ਤਰ੍ਹਾਂ ਦੇ ਸ਼ੋਸ਼ਣ ਤੋਂ ਮੁਕਤ ਸਮਾਜ ਦੀ ਉਸਾਰੀ ਲਈ ਲੜ ਰਹੀਆਂ ਧਿਰਾਂ ਦੇ ਨਾਲ ਖੜ੍ਹਦੀ ਹੈ। ਸੋ ਜਦ ਲੋਕ-ਪੱਖੀ ਜਥੇਬੰਦੀਆਂ ਵੱਲੋਂ ਕੋਈ ਸਾਂਝਾ ਜਨਤਕ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਤਾਂ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਉਸ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਂਦੀ ਹੈ। ਇਸ 7 ਦਸੰਬਰ ਨੂੰ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਆਦਿਵਾਸੀ ਲੋਕਾਂ ਉੱਤੇ ਕੀਤੇ ਜਾ ਰਹੇ ਜ਼ੁਲਮਾਂ ਦੇ ਖਿਲਾਫ਼ ਅਤੇ ਫਿਰਕੂ ਸਿਆਸਤ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀਆਂ, ਚਿੰਤਕਾਂ ਅਤੇ ਜਮਹੂਰੀ ਕਾਰਕੁੰਨਾਂ ਨੂੰ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਡੱਕੀ ਰੱਖਣ ਦੇ ਵਰਤਾਰੇ ਖਿਲਾਫ਼ ਜਲੰਧਰ ਵਿੱਚ ਭਾਰੀ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਗਿਆ। ਉਕਤ ਸਮਝ 'ਤੇ ਪਹਿਰਾ ਦਿੰਦੇ ਹੋਏ ਤਰਕਸ਼ੀਲ ਸੋਸਾਇਟੀ ਦੇ ਕਾਰਕੁੰਨ ਵੱਡੀ ਗਿਣਤੀ ਵਿੱਚ ਇਸ ਕਨਵੈਨਸ਼ਨ ਅਤੇ ਮੁਜਾਹਰੇ ਵਿੱਚ ਸ਼ਾਮਲ ਹੋਏ ਜਿਨ੍ਹਾਂ ਵਿੱਚੋਂ 93 ਮੈਂਬਰ ਕੇਵਲ ਜਲੰਧਰ ਜ਼ੋਨ ਵਿਚੋਂ ਹੀ ਸ਼ਾਮਲ ਹੋਏ ਜਿਸ ਲਈ ਜਲੰਧਰ ਜ਼ੋਨ ਪ੍ਰਸੰਸਾ ਦਾ ਹੱਕਦਾਰ ਹੈ।

If undelivered please return to :
Tarksheel
Tarksheel Bhawan, Tarksheel Chowk,
Sanghera By Pass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ......................................................

......................................................

......................................................